Digitized by Arya Samaj Foundation Chennai and eGangotri

ਬਾਵਾ ਬਲਵੰਤ ਦਾ ਕਾਵਿ-ਜਗਤ

ਮਨਜੀਤ ਕੌਰ

CC-0. In Public Domain. Gurukul Kangri Collection

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6630

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ
ਦਾ
ਕਾਵਿ ਜਗਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ

6630

ਦਾ

ਕਾਵਿ ਜਗਤ

DONATION

ਪੁਸਤਕਾਲਯ ਗੁਰੁਕੁਲ ਕਾਂਗੜੀ ਵਿਸ਼ਵਵਿਦਿਆਲਯ

ਡਾ. ਮਨਜੀਤ ਕੌਰ

Forwarded with compliments from the Department of Education, Govt. of India.

ਨੈਸ਼ਨਲ ਬੁਕ ਸ਼ਾਪ

32-ਬੀ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006

ਮੁਲ 80 ਰੁਪਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

BAWA BALWANT DA KAV JAGAT (Criticism)
By Dr. MANJIT KAUR

Published by
NATIONAL BOOK SHOP
Pleasure Garden Market,
Chandni Chowk, Delhi—110006 Ph. 278392

1988

ISBN 81-7116-025-5

ਨੈਸ਼ਨਲ ਬੁਕ ਸ਼ਾਪ ਦਿੱਲੀ ਨੇ ਨੈਸ਼ਨਲ ਪ੍ਰੈਸ ਆਫ ਇੰਡੀਆ, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੜੇ ਅਦਬ ਤੇ ਮਾਣ ਨਾਲ ਅਜ਼ੀਮ ਸ਼ਖ਼ਸੀਅਤ
ਡਾ. ਵਣਜਾਰਾ ਬੇਦੀ ਜੀ ਨੂੰ
ਜਿਨ੍ਹਾਂ ਨੇ ਪੰਜਾਬੀ ਲੋਕਧਾਰਾ-ਅਧਿਐਨ
ਦੀ ਪਰੰਪਰਾ ਬੰਨ੍ਹੀ ।

ਅਤੇ

ਡਾ. ਹਰੀ ਸਿੰਘ ਜੀ ਨੂੰ
ਜਿਨ੍ਹਾਂ ਨੇ ਪੰਜਾਬੀ ਬੋਲੀ, ਸਾਹਿਤ ਤੇ
ਸਭਿਆਚਾਰ ਦੀ ਨਿਸ਼ਕਾਮ ਸੇਵਾ ਕੀਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਏ ਪਰਾਇਆ ਧਨ ਨਹੀਂ,
ਜ਼ਿੰਦਗੀ ਨੂੰ ਮਾਨਣਾ ਔਗੁਣ ਨਹੀਂ।
ਕਿਉਂ ਖ਼ਿਆਲਾਂ ਦੇ ਲਈ ਹਨ ਬੇੜੀਆਂ,
ਜੇ ਹਵਾ ਨੂੰ ਵਕਤ ਨੂੰ ਬੰਧਨ ਨਹੀਂ ?

ਬਾਵਾ ਬਲਵੰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੇ-ਸੂਚੀ

ਮੁਖ ਸ਼ਬਦ—ਪ੍ਰੋ: ਤਰਲੋਕ ਸਿੰਘ ਕੰਵਰ			9
ਭੂਮਿਕਾ—ਡਾ: ਸੁਤਿੰਦਰ ਸਿੰਘ ਨੂਰ			11
ਕੁਝ ਮੇਰੇ ਵਲੋਂ			13
ਅਧਿਆਇ 1	:	ਬਾਵਾ ਬਲਵੰਤ ਦਾ ਕਾਵਿ ਸਿਧਾਂਤ	19
ਅਧਿਆਇ 2	:	ਬਾਵਾ ਬਲਵੰਤ ਦੀਆਂ ਕਵਿਤਾਵਾਂ ਦੀ ਸਮੀਖਿਆ	33
		ਸ਼ਿਵ ਨਾਚ	35
		ਫੇਰ ਪਾਰੋ ਨੇ ਕਿਹਾ	37
		ਟ੍ਰਾਟਸਕੀ	41
		ਨਵੀਨ ਆਸ	44
		ਲਾਲ ਕਿਲ੍ਹਾ	46
		ਬੰਦਰਗਾਹ	49
		ਪਿੱਪਲ ਦੀਆਂ ਛਾਵਾਂ	52
		ਰਥ	55
ਅਧਿਆਇ 3	:	ਬਾਵਾ ਬਲਵੰਤ ਦੀ ਕਵਿਤਾ ਅਤੇ ਪ੍ਰਗਤੀਵਾਦ	61
ਅਧਿਆਇ 4	:	ਬਾਵਾ ਬਲਵੰਤ ਦੀ ਕਾਵਿ ਵਿਧੀ	77
ਅਧਿਆਇ 5	:	ਬਾਵਾ ਬਲਵੰਤ ਦੀ ਕਵਿਤਾ ਸਬੰਧੀ ਪ੍ਰਾਪਤ ਅਲੋਚਨਾ	102
ਅਧਿਆਇ 6	:	ਨਿਸ਼ਕਰਸ਼	116
ਅੰਤਿਕਾ 1	:	ਬਾਵਾ ਬਲਵੰਤ ਦਾ ਜੀਵਨ	119
ਅੰਤਿਕਾ 2	:	ਕਵਿਤਾਵਾਂ ਦਾ ਮੂਲ-ਪਾਠ	122
		ਪੁਸਤਕ ਸੂਚੀ	136

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਖ ਸ਼ਬਦ

'ਬਾਵਾ ਬਲਵੰਤ ਦਾ ਕਾਵਿ ਜਗਤ' ਡਾ: ਮਨਜੀਤ ਕੌਰ ਦੀ ਪਹਿਲੀ ਸਮੀਖਿਆ ਕਿਰਤ ਹੈ। ਇਹ ਰਚਨਾ ਉਸ ਦੀ ਪਿਛਲੇ ਕਈ ਵਰਿਆਂ ਤੋਂ ਕੀਤੀ ਖੋਜ ਸਾਧਨਾ ਦਾ ਨਤੀਜਾ ਹੈ। ਬਾਵਾ ਬਲਵੰਤ ਸਮਕਾਲੀ ਪੰਜਾਬੀ ਕਾਵਿ ਜਗਤ ਵਿਚ ਇਕ ਨਿਵੇਕਲਾ ਹਸਤਾਖ਼ਰ ਹੈ। ਵਿਦਵਾਨਾਂ ਨੇ ਇਸ ਸ਼ਾਇਰ ਦੀ ਕਵਿਤਾ ਨੂੰ ਪਛਾਨਣ ਸਲਾਹੁਣ ਅਤੇ ਵਿਖਿਆਉਣ ਦੇ ਬਥੇਰੇ ਜਤਨ ਕੀਤੇ ਹਨ ਪਰ ਅਜਿਹਾ ਹਰ ਜਤਨ ਕਾਵਿ-ਸ਼ਾਸਤਰੀ ਆਧਾਰਾਂ ਉਪਰ ਬਾਵਾ ਬਲਵੰਤ ਨੂੰ ਸਮਝਣ ਦਾ ਪਰਿਪੇਖ ਪ੍ਰਸਤੁਤ ਕਰਨ ਤੋਂ ਊਣਾ ਹੀ ਰਿਹਾ ਹੈ। ਕਾਰਨ ਸਪਸ਼ਟ ਹੈ ਕਿ ਬਾਵੇ ਦੇ ਸਮੀਖਿਅਕ ਜਾਂ ਤਾਂ ਉਸ ਦੀ ਪ੍ਰਸੰਸਾ ਕਰਦੇ ਰਹੇ ਹਨ ਤੇ ਜਾਂ ਉਸ ਦੀ ਕਵਿਤਾ ਦੀ ਤਹਿ ਤਕ ਪਹੁੰਚੇ ਬਿਨਾਂ ਹੀ ਉਸ ਬਾਰੇ ਆਪਣੇ ਅਧੇ ਅਧੂਰੇ ਵਿਚਾਰ ਪੇਸ਼ ਕਰਦੇ ਰਹੇ ਹਨ। ਡਾ: ਮਨਜੀਤ ਕੌਰ ਦੀ ਇਹ ਪੁਸਤਕ ਬਾਵਾ ਬਲਵੰਤ ਸੰਬੰਧੀ ਅਜਿਹੀ ਆਲੋਚਨਾ ਤੋਂ ਨਿਸ਼ਚੇ ਹੀ ਪਾਰ ਜਾਂਦੀ ਪ੍ਰਤੀਤ ਹੁੰਦੀ ਹੈ। ਇਹ ਗੱਲ ਇਸ ਪੁਸਤਕ ਵਿਚਲੇ 'ਬਾਵਾ ਬਲਵੰਤ ਸੰਬੰਧੀ ਪ੍ਰਾਪਤ ਆਲੋਚਨਾ' ਤੋਂ ਹੀ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ।

ਇਸ ਪੁਸਤਕ ਦਾ ਧਿਆਨ ਨਾਲ ਪਾਠ ਕੀਤਿਆਂ ਇਕ ਗੱਲ ਹੋਰ ਬੜੀ ਨਿਖਰ ਕੇ ਸਹਾਮਣੇ ਆਉਂਦੀ ਦਿਸਦੀ ਹੈ ਉਹ ਇਸ ਸਾਰੇ ਅਧਿਅਨ ਵਿਚ ਅਪਣਾਈ ਸਮੀਖਿਆ ਵਿਧੀ ਬਾਰੇ ਹੈ। ਪਿਛਲੇ 10-15 ਸਾਲਾਂ ਵਿਚ ਪੰਜਾਬੀ ਸਮੀਖਿਆ ਤਕਨੀਕੀ ਆਧਾਰਾਂ ਤੇ ਰੂਪਵਾਦੀ ਸੰਕਲਪਾਂ ਦੀ ਮਦਦ ਨਾਲ ਸਾਹਿਤ ਦੇ ਸਮੂਰਤ ਪਾਠ ਤੋਂ ਪਲਾਇਣ ਕਰਦੀ ਰਹੀ ਹੈ, ਪਰ ਇਸ ਪੁਸਤਕ ਦੀ ਲੇਖਕਾ ਦੀ ਵਿਧੀ ਬਾਵਾ ਬਲਵੰਤ ਦੀ ਕਵਿਤਾ ਦਾ ਪਾਠ ਹੈ। ਸਾਰੀ ਰਚਨਾ ਵਿਚ ਜਾਂ ਤਾਂ ਗੱਲ ਪਾਠ ਨੂੰ ਆਧਾਰ ਬਣਾ ਕੇ ਤੁਰਦੀ ਹੈ ਜਾਂ ਪਾਠ ਦੀ ਗੈਰ ਹਾਜ਼ਰੀ ਵਿਚ ਹੋ ਰਹੀ ਹੁੰਦੀ ਹੈ, ਪਰ ਦੋਹਾਂ ਹਾਲਤਾਂ ਵਿਚ ਗੱਲ ਬਾਵਾ ਬਲਵੰਤ ਦੀ ਕਵਿਤਾ ਸੰਬੰਧੀ ਹੀ ਚਲਦੀ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ ਲੇਖਕਾ ਆਪਣੀ ਅਧਿਅਨ ਵਸਤੂ ਵਲ ਪੂਰੀ ਤਰ੍ਹਾਂ ਪ੍ਰਤੀਬਧ ਹੈ। ਐਸੀ ਪ੍ਰਤੀਬਧਤਾ ਅਜਕਲ੍ਹ ਦੇ ਸਾਹਿਤ ਵਿਦਿਆਰਥੀਆਂ ਵਿਚ ਘੱਟ ਹੀ ਨਜ਼ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦੀ ਹੈ। ਇਸ ਸਾਰੇ ਅਧਿਅਨ ਵਿਚ ਲੇਖਕਾ ਨੇ ਬਾਵਾ ਬਲਵੰਤ ਦੀ ਕਵਿਤਾ ਨੂੰ ਕਈ ਪਹਿਲੂਆਂ ਤੋਂ ਵਿਚਾਰਿਆ ਹੈ ਅਤੇ ਇਸ ਵਿਚਾਰ ਵਿਚੋਂ ਸਿੱਟੇ ਵਜੋਂ ਇਹ ਪ੍ਰਸਤਾਵ ਪ੍ਰਸਤੁਤ ਕੀਤਾ ਹੈ ਕਿ ਉਸਦੀ ਕਵਿਤਾ ਜੋ ਉਪਰਲੇ ਸਤਰ ਉੱਤੇ ਪ੍ਰਗਤੀਵਾਦੀ ਪ੍ਰਤੀਤ ਹੁੰਦੀ ਹੈ ਆਪਣੇ ਬੁਨਿਆਦੀ ਪ੍ਰਭਾਵਾਂ ਵਿਚ ਆਦਰਸ਼ਵਾਦੀ ਤੇ ਛਾਇਆਵਾਦੀ ਹੈ। ਇਹ ਪ੍ਰਸਤਾਵ ਖ਼ਾਸਾ ਮੁੱਲਵਾਨ ਹੈ।

ਲੇਖਿਕਾ ਨੇ ਆਪਣੇ ਸਿਧਾਂਤਕ ਆਧਾਰਾਂ ਨੂੰ ਬਲ ਦੇਣ ਲਈ ਬਾਵਾ ਬਲਵੰਤ ਦੀਆਂ ਕੁਝ ਕਵਿਤਾਵਾਂ ਦਾ ਵਿਹਾਰਕ ਅਧਿਅਨ ਵੀ ਪੇਸ਼ ਕੀਤਾ ਹੈ। ਅਧਿਅਨ ਦੀ ਦ੍ਰਿਸ਼ਟੀ ਤੋਂ ਇਹ ਵੀ ਇਕ ਸਲਾਹੁਣਯੋਗ ਗੱਲ ਹੈ, ਵਿਹਾਰਕ ਅਧਿਅਨ ਕਰਨ ਨਾਲ ਸਮੂਰਤ ਪਾਠ ਤੇ ਸਿਧਾਂਤਕ ਵਿਧੀ ਵਿਚ ਇਕ ਸੰਵਾਦ ਬਣਿਆ ਰਹਿੰਦਾ ਹੈ ਤੇ ਇਹ ਸੰਵਾਦ ਕਿਸੇ ਵੀ ਉਚਿਤ ਪ੍ਰਕਾਰ ਦੇ ਸਾਹਿਤਕ ਅਧਿਅਨ ਲਈ ਮੇਰੀ ਜਾਚੇ ਬਹੁਤ ਜ਼ਰੂਰੀ ਹੈ। ਅਰੂਜ਼ ਦੀ ਦ੍ਰਿਸ਼ਟੀ ਤੋਂ ਬਾਵਾ ਬਲਵੰਤ ਦੀਆਂ ਗ਼ਜ਼ਲਾਂ ਦਾ ਅਧਿਅਨ ਵੀ ਇਸ ਰਚਨਾ ਦੀ ਡੂੰਘਾਈ ਵਿਚ ਵਾਧਾ ਕਰਦਾ ਹੈ। ਇਸ ਉਦਮ ਲਈ ਡਾ: ਮਨਜੀਤ ਕੌਰ ਵਧਾਈ ਦੀ ਪਾਤਰ ਤਾਂ ਹੈ ਹੀ ਪਰ ਅਜਿਹਾ ਕਰਕੇ ਉਸ ਨੇ ਪੰਜਾਬੀ ਦੀ ਕਾਵਿ ਸਮੀਖਿਆ ਨਾਲ ਆਪਣੀ ਸਾਂਝ ਪਾਉਣ ਦਾ ਇਕਰਾਰ ਕੀਤਾ ਹੈ। ਇਹ ਇਕਰਾਰ ਨਿਭਾਉਣਾ ਖ਼ਾਸਾ ਮੁਸ਼ਕਿਲ ਕੰਮ ਹੈ, ਪਰ ਡਾ: ਮਨਜੀਤ ਕੌਰ ਕੋਲੋਂ ਇਸ ਗੱਲ ਦੀ ਉਮੀਦ ਕੀਤੀ ਜਾ ਸਕਦੀ ਹੈ। ਇਨ੍ਹਾਂ ਸਤਰਾਂ ਨਾਲ ਮੈਂ ਇਸ ਪੁਸਤਕ ਦਾ ਦਿਲੋਂ ਸੁਆਗਤ ਕਰਦਾ ਹਾਂ।

ਪ੍ਰੋ: ਤਰਲੋਕ ਸਿੰਘ ਕੰਵਰ
ਮੁਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ

ਮਿਤੀ 28-1-1988

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਬਾਵਾ ਬਲਵੰਤ ਦੀ ਕਵਿਤਾ ਦੇ ਵੱਖਰੇ ਵੱਖਰੇ ਪਹਿਲੂਆਂ ਬਾਰੇ ਪਹਿਲਾਂ ਵੀ ਕੁਝ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ ਪਰ ਡਾ: ਮਨਜੀਤ ਕੌਰ ਦੇ ਇਸ ਅਧਿਅਨ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਵਧੇਰੇ ਪਾਠਗਤ ਅਧਿਅਨ ਵੱਲ ਧਿਆਨ ਦਿੱਤਾ ਗਿਆ ਹੈ। ਪਹਿਲਾਂ ਹੀ ਬਾਵਾ ਬਲਵੰਤ ਦੀ ਕਵਿਤਾ ਬਾਰੇ ਸਿੱਟੇ ਨਹੀਂ ਕਢ ਲਏ ਗਏ। ਇਸੇ ਲਈ ਲੇਖਿਕਾ ਨੇ ਆਰੰਭ ਵਿਚ ਹੀ ਇਸ ਗੱਲ ਦਾ ਵੀ ਨਿਰਣਾ ਕੀਤਾ ਹੈ ਕਿ ਬਾਵਾ ਬਲਵੰਤ ਦੀ ਆਪਣੀ ਕਵਿਤਾ ਵਿਚੋਂ ਉਸ ਦਾ ਕਾਵਿ ਸਿਧਾਂਤ ਕਿੰਨਾ ਕੁ ਸਪਸ਼ਟ ਹੁੰਦਾ ਹੈ। ਲੇਖਿਕਾ ਨੇ ਬਾਵਾ ਬਲਵੰਤ ਦੀ ਰਚਨਾ 'ਚੋਂ ਸਪਸ਼ਟ ਹੁੰਦੇ ਕਾਵਿ ਸਿਧਾਂਤ ਨੂੰ ਆਪਣੀ ਪਾਠਗਤ ਅਧਿਅਨ ਵਿਧੀ ਨਾਲ ਸਮਿਲਤ ਕੀਤਾ ਹੈ ਤੇ ਇਸ ਤਰ੍ਹਾਂ ਬਾਵਾ ਬਲਵੰਤ ਦੇ ਕਾਵਿ ਜਗਤ ਜਾਂ ਕਾਵਿ ਪ੍ਰਬੰਧ ਦੀ ਪਛਾਣ ਕਰਨ ਦਾ ਜਤਨ ਕੀਤਾ ਹੈ।

ਬਾਵਾ ਬਲਵੰਤ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਕ ਸਥਾਪਿਤ ਪ੍ਰਗਤੀਵਾਦੀ ਕਵੀ ਹੈ ਪਰ ਡਾ: ਮਨਜੀਤ ਕੌਰ ਦੇ ਸਾਹਮਣੇ ਇਹ ਪ੍ਰਸ਼ਨ ਹੈ ਕਿ ਕੀ ਬਾਵਾ ਬਲਵੰਤ ਦੀ ਪ੍ਰਗਤੀਵਾਦੀ ਕਵਿਤਾ ਦਾ ਸਰੂਪ ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦਾ ਸਰੂਪ ਮੋਹਨ ਸਿੰਘ ਦੀ ਰੋਮਾਂਟਿਕ ਪ੍ਰਗਤੀਵਾਦੀ ਕਵਿਤਾ ਦਾ ਹੈ ਜਾਂ ਬਾਵਾ ਬਲਵੰਤ ਪ੍ਰਗਤੀਵਾਦੀ ਕਵਿਤਾ ਦੇ ਉਸ ਸਰੂਪ ਨਾਲੋਂ ਭਿੰਨ ਹੈ। ਇਸ ਲੇਖਿਕਾ ਦਾ ਬਾਵਾ ਬਲਵੰਤ ਦੀ ਕਵਿਤਾ ਬਾਰੇ ਦ੍ਰਿਸ਼ਟੀਕੋਣ ਕੁਝ ਵੱਖਰਾ ਹੈ ਅਤੇ ਇਸ ਉਠਾਏ ਗਏ ਪ੍ਰਸ਼ਨ ਦਾ ਉੱਤਰ ਦੇਣ ਦਾ ਜਤਨ ਕਰਦਾ ਹੈ। ਬਾਵਾ ਬਲਵੰਤ ਆਪਣੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਵਿਚ ਕੇਵਲ ਮਾਰਕਸ ਅਤੇ ਲੇਨਿਨ ਨੂੰ ਹੀ ਧਿਆਨ ਵਿਚ ਨਹੀਂ ਰਖਦਾ ਸਗੋਂ ਉਹ ਟ੍ਰਾਟਸਕੀ ਨੂੰ ਵੀ ਵਿਸ਼ੇਸ਼ ਤੌਰ ਤੇ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਉਸ ਨੂੰ ਆਪਣੀ ਕਵਿਤਾ ਵਿਚ ਇਕ ਨਾਇਕ ਦੇ ਤੌਰ ਤੇ ਪੇਸ਼ ਕਰਦਾ ਹੈ। ਇਸੇ ਲਈ ਇਸ ਲੇਖਿਕਾ ਨੇ ਉਚੇਚੇ ਤੌਰ ਤੇ ਬਾਵਾ ਬਲਵੰਤ ਦੀ ਕਵਿਤਾ 'ਟ੍ਰਾਟਸਕੀ' ਨੂੰ ਵਿਚਾਰਿਆ ਵੀ ਹੈ। ਕਿਉਂਕਿ ਅੰਤਰਰਾਸ਼ਟਰੀ-ਪ੍ਰਗਤੀਵਾਦੀ ਲਹਿਰ ਵਿਚ ਮਾਰਕਸਵਾਦ ਦਾ ਜੋ ਸਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਕਸਿਤ ਹੋਇਆ ਉਸ ਵਿਚ ਟ੍ਰਾਟਸਕੀ ਅਤੇ ਟ੍ਰਾਟਸਕੀਵਾਦ ਦਾ ਵਿਰੋਧ ਸਾਹਮਣੇ ਆ ਗਿਆ ਸੀ। ਇਸ ਵਾਤਾਵਰਨ ਦੇ ਬਾਵਜੂਦ ਬਾਵਾ ਬਲਵੰਤ ਟ੍ਰਾਟਸਕੀ ਨੂੰ ਆਪਣੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਵਿਚ ਸ਼ਾਮਿਲ ਕਰਦਾ ਹੈ। ਉਸ ਦੇ ਪ੍ਰਗਤੀਵਾਦੀ ਕਾਵਿ ਦੀ ਬਾਕੀ ਸਮਕਾਲੀ ਪੰਜਾਬੀ ਕਵੀਆਂ ਨਾਲੋਂ ਇਹੀ ਵਿਲਖ਼ਣਤਾ ਹੈ।

ਇਸੇ ਤਰ੍ਹਾਂ ਬਾਵਾ ਬਲਵੰਤ ਇਕ ਅਜਿਹਾ ਵਿਸ਼ੇਸ਼ ਕਵੀ ਹੈ ਜਿਸ ਨੂੰ ਕੇਵਲ ਪੰਜਾਬੀ ਕਵਿਤਾ ਦੀ ਪਰੰਪਰਾ ਵਿਚ ਹੀ ਨਹੀਂ ਦੇਖਣਾ ਚਾਹੀਦਾ ਸਗੋਂ ਆਧੁਨਿਕ ਪੰਜਾਬੀ ਕਵਿਤਾ ਦੀ ਸਮੁਚੀ ਭਾਰਤੀ ਪਰੰਪਰਾ ਦੇ ਪ੍ਰਸੰਗ ਵਿਚ ਦੇਖਿਆ ਜਾ ਸਕਦਾ ਹੈ। ਇਸੇ ਲਈ ਉਸ ਦੀ ਕਵਿਤਾ ਦੇ ਪਿਛੋਕੜ ਉੱਤੇ ਉਹ ਸੰਦਰਭ ਵੀ ਹੈ ਜੋ ਦਾਰਸ਼ਨਿਕ ਅਤੇ ਬੌਧਿਕ ਤੌਰ ਤੇ ਇਕਬਾਲ, ਸੂਰਯ ਕਾਂਤ ਤ੍ਰਿਪਾਠੀ ਨਿਰਾਲਾ, ਰਵਿੰਦਰ ਨਾਥ ਟੈਗੋਰ ਆਦਿ ਦੀ ਕਵਿਤਾ ਨਾਲ ਜੁੜਿਆ ਹੋਇਆ ਸੀ। ਬਹੁਤ ਥਾਂ ਤੇ ਉਸ ਦੀ ਕਵਿਤਾ ਦੀ ਸ਼ਬਦਾਵਲੀ ਅਤੇ ਬਿੰਬਾਵਲੀ ਵੀ ਇਸੇ ਚੇਤਨਾ ਨਾਲ ਜੁੜਦੀ ਹੈ। ਇਉਂ ਬਾਵਾ ਬਲਵੰਤ ਆਪਣੇ ਹੋਰ ਸਮਕਾਲੀ ਪੰਜਾਬੀ ਕਵੀਆਂ ਨਾਲੋਂ ਵਧੇਰੇ ਵਿਸਤ੍ਰਿਤ ਅਤੇ ਬੁਲੰਦ ਸ਼ਾਇਰ ਬਣਦਾ ਹੈ ਅਤੇ ਡਾ: ਮਨਜੀਤ ਕੌਰ ਨੇ ਆਪਣੇ ਇਸ ਅਧਿਅਨ ਵਿਚ ਬਾਵਾ ਬਲਵੰਤ ਦੀ ਇਸ ਕਾਵਿ ਵਿਸ਼ੇਸ਼ਤਾ ਨੂੰ ਬੜੀ ਚੰਗੀ ਤਰ੍ਹਾਂ ਪਛਾਨਣ ਦਾ ਯਤਨ ਕੀਤਾ ਹੈ। ਇਸੇ ਲਈ ਉਸ ਦੀ ਇਹ ਪੁਸਤਕ ਬਾਵਾ ਬਲਵੰਤ ਦੀ ਕਵਿਤਾ ਸੰਬੰਧੀ ਸਾਹਮਣੇ ਆਏ ਅਧਿਅਨਾਂ ਵਿਚ ਇਕ ਮਹੱਤਵਯੋਗ ਪੁਸਤਕ ਸਮਝੀ ਜਾਏਗੀ ਅਤੇ ਪੰਜਾਬੀ ਪਾਠਕ ਉਸ ਦੀ ਇਸ ਪੁਸਤਕ ਦਾ ਅਵਸ਼ ਸੁਆਗਤ ਕਰਨਗੇ।

ਸੁਤਿੰਦਰ ਸਿੰਘ ਨੂਰ
ਰੀਡਰ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ

ਮਿਤੀ 28-1-88

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਮੇਰੇ ਵਲੋਂ

'ਬਾਵਾ ਬਲਵੰਤ ਦਾ ਕਾਵਿ-ਜਗਤ' ਪੁਸਤਕ ਮੇਰੇ ਸ਼ੋਧ-ਪ੍ਰਬੰਧ ਤੇ ਆਧਾਰਿਤ ਹੈ। ਬਾਵਾ ਬਲਵੰਤ ਛਾਇਆਵਾਦ ਤੋਂ ਬਾਦ ਦੀ ਪ੍ਰਮੁੱਖ ਸਾਹਿਤਕ-ਧਾਰਾ ਪ੍ਰਗਤੀਵਾਦ ਨਾਲ ਸੰਬੰਧਿਤ ਕਵੀ ਹੈ। ਇਸ ਸਮੇਂ ਲਿਖੀ ਜਾ ਰਹੀ ਕਵਿਤਾ ਦਾ ਇਕ ਇਤਿਹਾਸਕ ਮਹੱਤਵ ਵੀ ਸੀ ਕਿਉਂਕਿ ਉਸ ਵਕਤ ਅਸੀਂ ਆਜ਼ਾਦੀ ਦੇ ਸੰਘਰਸ਼ ਚੋਂ ਲੰਘ ਰਹੇ ਸੀ। ਇਸ ਲਈ ਰਾਸ਼ਟਰਵਾਦ ਦਾ ਮਸਲਾ ਸਾਡੇ ਸਾਹਮਣੇ ਸੀ। ਬਾਵਾ ਬਲਵੰਤ ਇਕ ਅਜਿਹਾ ਸ਼ਾਇਰ ਸੀ ਜਿਸ ਦੀ ਕਵਿਤਾ ਬਾਰੇ ਬਹੁਤ ਘਟ ਆਲੋਚਨਾ ਹੋਈ ਅਤੇ ਜਿੰਨੀ ਹੋਈ ਵੀ ਹੈ ਉਹ ਕੁਝ ਕੁ ਗੱਲਾਂ ਦੇ ਆਲੇ ਦੁਆਲੇ ਹੀ ਨਿਸ਼ਚਿਤ ਹੋ ਗਈ। ਗੰਭੀਰ ਆਲੋਚਨਾ ਦੀ ਇਸੇ ਘਾਟ ਕਰਕੇਂ ਮੈਨੂੰ ਬਾਵਾ ਬਲਵੰਤ ਦੀ ਕਵਿਤਾ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਮਹਿਸੂਸ ਹੋਈ। ਬਾਵਾ ਬਲਵੰਤ ਦੀ ਕਵਿਤਾ ਦਾ ਵਿਸ਼ਲੇਸ਼ਣ ਕਰਣ ਲਈ ਉਸਦੀ ਕਵਿਤਾ ਦੀ ਟੈਕਸਟ(ਪਾਠ)ਨੂੰ ਵਧੇਰੇ ਧਿਆਨ ਵਿਚ ਰਖਿਆ ਗਿਆ ਹੈ। ਬਾਵਾ ਬਲਵੰਤ ਦੀ ਕਵਿਤਾ ਪ੍ਰਤੀ ਨਿਆਂ ਕਰਨ ਹਿਤ ਹੀ ਮੇਰੇ ਦਿਲ ਵਿਚ ਇਸ ਉਪਰ ਖੋਜ ਕਰਨ ਦਾ ਵਿਚਾਰ ਪੈਦਾ ਹੋਇਆ। 'ਬਾਵਾ ਬਲਵੰਤ ਦਾ ਕਾਵਿ-ਜਗਤ' ਪੁਸਤਕ ਨੂੰ ਮੈਂ ਛੇ ਅਧਿਆਇਆਂ ਵਿਚ ਵੰਡਿਆ ਹੈ।

ਅਧਿਆਇ ਪਹਿਲਾ ਵਿਚ ਬਾਵਾ ਬਲਵੰਤ ਦੀ ਕਵਿਤਾ ਦਾ ਪਾਠਗਤ ਅਧਿਅਨ ਕਰਦਿਆਂ ਉਸ ਦੇ ਕਾਵਿ-ਸਿਧਾਂਤ ਦੀ ਪਛਾਣ ਕਰਨ ਦਾ ਯਤਨ ਕੀਤਾ ਹੈ। ਬਾਵਾ ਬਲਵੰਤ ਦੀਆਂ ਕੁਝ ਕਵਿਤਾਵਾਂ ਉਹ ਹਨ ਜਿਨ੍ਹਾਂ ਵਿਚ ਉਹ ਸਿੱਧੇ ਤੌਰ ਤੇ ਕਾਵਿ ਸ਼ਾਸਤਰ ਦੇ ਮਸਲਿਆਂ ਨੂੰ ਵਿਚਾਰਦਾ ਹੈ ਅਤੇ ਕੁਝ ਕਵਿਤਾਵਾਂ ਵਿਚ ਅਜਿਹੀਆਂ ਸਤਰਾਂ ਮੌਜੂਦ ਹਨ ਜਿਨ੍ਹਾਂ ਵਿਚ ਉਹ ਕਵਿਤਾ ਸੰਬੰਧੀ ਬਿਆਨ ਦਿੰਦਾ ਹੈ। ਭਾਵੇਂ ਇਨ੍ਹਾਂ ਵਿਚ ਵਿਚਾਰਾਂ ਦਾ ਕਾਫ਼ੀ ਦੁਹਰਾ ਹੈ ਪਰ ਉਹ ਕਵਿਤਾ ਬਾਰੇ ਜਿਵੇਂ ਸੋਚਦਾ ਹੈ ਇਨ੍ਹਾਂ ਕਵਿਤਾਵਾਂ ਦੀ ਉਸ ਰਾਹੀਂ ਮੂਲ ਪਛਾਣ ਹੋ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਦੂਜਾ ਵਿਚ ਮੈਂ ਬਾਵਾ ਬਲਵੰਤ ਦੀਆਂ ਉਨ੍ਹਾਂ ਕਵਿਤਾਵਾਂ ਦੀ ਸਮੀਖਿਆ ਪੇਸ਼ ਕੀਤੀ ਹੈ ਜੋ ਉਸ ਦੀ ਕਾਵਿ-ਵਿਧੀ ਅਤੇ ਪ੍ਰਗਤੀਵਾਦ ਬਾਰੇ ਮਹੱਤਵਯੋਗ ਸੰਕੇਤ ਦਿੰਦੀਆਂ ਹਨ। ਕਵਿਤਾਵਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਬਾਰੇ ਵਾਧੂ ਵਿਸਥਾਰ ਦੀ ਵਿਧੀ ਨੂੰ ਨਹੀਂ ਅਪਣਾਇਆ ਕਿਉਂਕਿ ਸਾਡਾ ਮੰਤਵ ਇਨ੍ਹਾਂ ਕਵਿਤਾਵਾਂ ਦੇ ਆਧਾਰ ਤੇ ਉਸਦੀਆਂ ਕੁਝ ਮਹੱਤਵਯੋਗ ਗੱਲਾਂ ਵੱਲ ਸੰਕੇਤ ਕਰਨਾ ਹੈ।

ਅਧਿਆਇ ਤੀਜਾ ਵਿਚ ਬਾਵਾ ਬਲਵੰਤ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਨੂੰ ਵਿਚਾਰਿਆ ਗਿਆ ਹੈ। ਬਾਵਾ ਬਲਵੰਤ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਕ ਸਥਾਪਿਤ ਪ੍ਰਗਤੀਵਾਦੀ ਕਵੀ ਹੈ। ਸਾਡਾ ਇਸ ਨਾਲ ਮਤਭੇਦ ਨਹੀਂ ਪਰ ਉਸ ਦੇ ਪ੍ਰਗਤੀਵਾਦ ਬਾਰੇ ਸਾਡੇ ਸਿੱਟੇ ਬਿਲਕੁਲ ਵਖਰੇ ਹਨ। ਉਸ ਦਾ ਪ੍ਰਗਤੀਵਾਦ, ਮਾਰਕਸਵਾਦ, ਟ੍ਰਾਟਸਕੀਵਾਦ ਅਤੇ ਵਿਸ਼ੇਸ਼ ਰੂਪ ਵਿੱਚ ਭਾਰਤੀ ਰਾਸ਼ਟਰਵਾਦ ਦਾ ਮਿਸ਼ਰਣ ਹੈ। ਉਹ ਟ੍ਰਾਟਸਕੀਵਾਦ ਦੇ ਪ੍ਰਭਾਵ ਅਧੀਨ ਪਹਿਲਾਂ ਪਹਿਲ ਰਾਸ਼ਟਰਵਾਦ ਦਾ ਵਿਰੋਧ ਕਰਦਾ ਹੈ ਅਤੇ ਅੰਤਰਰਾਸ਼ਟਰਵਾਦ ਦੀ ਹਿਮਾਇਤ ਕਰਦਾ ਹੈ। ਉਹ ਕਾਵਿ ਸੰਗ੍ਰਹਿ 'ਬੰਦਰਗਾਹ' ਤੱਕ ਪੂੰਜੀਵਾਦ ਦਾ ਵਿਰੋਧ ਕਰਦਿਆਂ ਸਮਾਜਵਾਦ ਦੀ ਜਿੱਤ ਬਾਰੇ ਬੜੀ ਉਚੀ ਸੁਰ ਵਿਚ ਬੋਲਦਾ ਹੈ। 'ਸੁਗੰਧ ਸਮੀਰ' ਵਿਚ ਪਹੁੰਚਕੇ ਉਸ ਵਿਚ ਇਕ ਪਰਿਵਰਤਨ ਹੈ ਉਹ ਸਿੱਧੇ ਤੌਰ ਤੇ ਅੰਤਰਰਾਸ਼ਟਰਵਾਦ ਜਾਂ ਸਮਾਜਵਾਦ, ਸਾਮਵਾਦ ਬਾਰੇ ਬੋਲਦਾ ਨਜ਼ਰ ਨਹੀਂ ਆਉਂਦਾ ਸਗੋਂ ਮਾਨਵਵਾਦੀ ਆਦਰਸ਼-ਵਾਦ ਦੀ ਦ੍ਰਿਸ਼ਟੀ ਤੋਂ ਬੋਲਦਾ ਹੈ। ਇਉਂ ਬਾਵਾ ਬਲਵੰਤ ਦੇ ਪ੍ਰਗਤੀਵਾਦ ਨੂੰ ਨਿਰੋਲ ਪ੍ਰਗਤੀਵਾਦੀ ਜਾਂ ਰੋਮਾਂਟਿਕ ਪ੍ਰਗਤੀਵਾਦੀ ਕਹਿਣ ਦੀ ਥਾਂ ਅਸੀਂ ਛਾਇਆਵਾਦੀ-ਪ੍ਰਗਤੀਵਾਦ ਆਖਿਆ ਹੈ, ਕਿਉਂਕਿ ਉਹ ਭਾਰਤ ਦੇ ਸਭਿਆਚਾਰਕ ਅਤੇ ਪੌਰਾਣਿਕ ਗੌਰਵ ਨੂੰ ਇਕ ਛਾਇਆਵਾਦੀ-ਪ੍ਰਗਤੀਵਾਦੀ ਵਾਂਗ ਪੇਸ਼ ਕਰਦਾ ਹੈ। ਛਾਇਆਵਾਦੀ ਕਵੀਆਂ ਵਾਂਗ ਹੀ ਉਹ ਕਲਪਨਾ ਦੀ ਇਕ ਧੁੰਦ ਵਿਚ ਗੁਆਚਦਾ ਜਾਂਦਾ ਹੈ। ਇਨ੍ਹਾਂ ਪੱਖਾਂ ਦੀਆਂ ਕੁਝ ਮਹੱਤਵਯੋਗ ਗੱਲਾਂ ਬਾਰੇ ਮੈਂ ਇਸ ਅਧਿਆਇ ਵਿਚ ਤਰਕ ਬਣਾਉਣ ਦਾ ਯਤਨ ਕੀਤਾ ਹੈ।

ਅਧਿਆਇ ਚੌਥਾ ਵਿਚ ਮੈਂ ਬਾਵਾ ਬਲਵੰਤ ਦੀ ਕਾਵਿ-ਵਿਧੀ ਬਾਰੇ ਚਰਚਾ ਕੀਤਾ ਹੈ। ਕਾਵਿ-ਵਿਧੀ ਦੇ ਅਸੀਂ ਅਜਿਹੇ ਤਿੰਨ ਮਹੱਤਵਯੋਗ ਪੱਖਾਂ ਨੂੰ ਚੁਣਿਆ ਹੈ ਜਿਨ੍ਹਾਂ ਦੇ ਆਧਾਰ ਤੇ ਬਾਵਾ ਬਲਵੰਤ ਦੀ ਕਾਵਿ ਯੋਗਤਾ ਦਾ ਅਨੁਮਾਨ ਲਗ ਜਾਂਦਾ ਹੈ। ਉਸ ਦੀ ਕਾਵਿ ਵਿਧੀ ਦਾ ਨਿਸ਼ਚੇਵਾਦੀ ਪੱਖ, ਉਸ ਦੀ ਕਵਿਤਾ ਦੀ ਬਿੰਬ-ਵਿਧੀ ਅਤੇ ਉਸ ਦੀ ਕਵਿਤਾ ਦੀ ਛੰਦ ਵਿਧੀ ਨੂੰ ਅਸੀਂ ਵਿਸ਼ਲੇਸ਼ਣ ਦਾ ਯਤਨ ਕੀਤਾ ਹੈ ਅਤੇ ਇਨ੍ਹਾਂ ਬਾਰੇ ਵੀ ਸਾਡੇ ਸਿੱਟੇ ਪਿਛਲੀ ਆਲੋਚਨਾ ਨਾਲੋਂ ਕੁਝ ਵੱਖਰੇ ਹਨ।

ਅਧਿਆਇ ਪੰਜਵਾਂ ਵਿਚ ਬਾਵਾ ਬਲਵੰਤ ਦੀ ਕਵਿਤਾ ਸਬੰਧੀ ਪ੍ਰਾਪਤ ਆਲੋਚਨਾ ਦਾ ਚਰਚਾ ਕੀਤਾ ਗਿਆ ਹੈ। ਬਾਵਾ ਬਲਵੰਤ ਦੀ ਕਵਿਤਾ ਸਬੰਧੀ ਜੋ ਸੰਪੂਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕਾਂ ਸਾਹਮਣੇ ਆਈਆਂ ਹਨ ਜਾਂ ਜੋ ਪੰਜਾਬੀ ਪਤ੍ਰਿਕਾਵਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਏ ਹਨ ਅਤੇ ਜਾਂ ਜੋ ਬਾਵਾ ਬਲਵੰਤ ਕਾਵਿ ਸੰਗ੍ਰਿਹਾਂ ਦੀਆਂ ਭੂਮਿਕਾ ਲਿਖੀਆਂ ਗਈਆਂ ਹਨ, ਉਨ੍ਹਾਂ ਵਿਚ ਸਭ ਆਲੋਚਕਾਂ ਦੀਆਂ ਇਕੋ ਜਿਹੀਆਂ ਪ੍ਰਸੰਸਨੀ ਨਿਸ਼ਚਿਤ ਧਾਰਣਾਵਾਂ ਹਨ। ਕਿਸੇ ਨੇ ਵੀ ਪਾਠਗਤ ਅਧਿਅਨ ਵਲ ਧਿਆਨ ਨਹੀਂ ਦਿੱਤਾ, ਜਿਸ ਕਾਰਣ ਬਾਵਾ ਬਲਵੰਤ ਦੀ ਕਵਿਤਾ ਸਬੰਧੀ ਠੀਕ ਸਿੱਟੇ ਨਹੀਂ ਨਿਕਲ ਸਕੇ। ਅਸੀਂ ਇਸੇ ਲਈ ਪਾਠਗਤ ਵਿਧੀ ਨੂੰ ਅਪਣਾਇਆ ਹੈ।

ਅਧਿਆਇ ਛੇਵਾਂ ਵਿਚ ਇਸ ਪੁਸਤਕ ਦੇ ਨਿਸ਼ਕਰਸ਼ ਨੂੰ ਪੇਸ਼ ਕੀਤਾ ਗਿਆ ਹੈ। ਅੰਤਿਕਾ ਵਿਚ ਬਾਵਾ ਬਲਵੰਤ ਦੀ ਜੀਵਨ ਸੂਚੀ, ਅਧਿਆਇ ਦੂਜਾ ਵਿਚ ਵਿਚਾਰੀਆਂ ਗਈਆਂ ਕਵਿਤਾਵਾਂ ਦੇ ਮੂਲ ਪਾਠ ਅਤੇ ਪੁਸਤਕ ਸੂਚੀ ਨੂੰ ਵੀ ਅੰਕਿਤ ਕੀਤਾ ਗਿਆ ਹੈ। ਪੁਸਤਕ ਸੂਚੀ ਵਿਚ ਕੇਵਲ ਉਨ੍ਹਾਂ ਪੁਸਤਕਾਂ ਦੇ ਨਾਮ ਹੀ ਅੰਕਿਤ ਕੀਤੇ ਗਏ ਹਨ ਜਿਹੜੀਆਂ ਇਸ ਖੋਜ ਪ੍ਰਬੰਧ ਵਿਚ ਚਰਚਾ ਵਿਚ ਆਈਆਂ ਹਨ। ਹੋਰ ਬਹੁਤ ਸਾਰੀਆਂ ਪੁਸਤਕਾਂ ਜੋ ਇਸ ਅਧਿਅਨ ਦਾ ਆਧਾਰ ਬਣੀਆਂ ਹਨ ਉਨ੍ਹਾਂ ਦੇ ਨਾਮ ਅੰਕਿਤ ਨਹੀਂ ਕੀਤੇ ਗਏ।

ਅਖੀਰਲੇ ਪੜਾਅ ਤੇ ਮੈਂ ਉਨ੍ਹਾਂ ਵਿਦਵਾਨਾਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਪ੍ਰਤੱਖ ਅਤੇ ਪਰੋਖ ਰੂਪ ਵਿਚ ਇਸ ਪੁਸਤਕ ਨੂੰ ਨੇਪਰੇ ਚਾੜਨ ਵਿਚ ਮੇਰੀ ਸਹਾਇਤਾ ਕੀਤੀ ਹੈ। ਸਭ ਤੋਂ ਪਹਿਲਾਂ ਮੈਂ ਆਪਣੇ ਨਿਗਰਾਨ ਡਾ: ਸੁਤਿੰਦਰ ਸਿੰਘ ਨੂਰ ਪ੍ਰਤਿ ਹਾਰਦਿਕ ਸ਼ੁਕਰਾਨਾ ਪੇਸ਼ ਕਰਦੀ ਹਾਂ ਜਿਨ੍ਹਾਂ ਨੇ ਇਸ ਖੋਜ ਯਾਤਰਾ ਵਿਚ ਪਥ ਪ੍ਰਦਰਸ਼ਕ ਦਾ ਰੋਲ ਅਦਾ ਕੀਤਾ ਅਤੇ ਆਪਣੀ ਨਿਗਰਾਨੀ ਅਧੀਨ ਇਸ ਕਾਰਜ ਨੂੰ ਪੂਰਾ ਕਰਨ ਵਿਚ ਮੇਰੀ ਅਗਵਾਈ ਕੀਤੀ। ਉਨ੍ਹਾਂ ਤੋਂ ਮਿਲੇ ਪਿਆਰ ਅਤੇ ਉਤਸ਼ਾਹ ਦੀ ਮੈਂ ਦਿਲੋਂ ਰਿਣੀ ਹਾਂ। ਆਪਣੇ ਵਿਭਾਗ ਦੇ ਮੁਖੀ ਪ੍ਰੋ: ਤਰਲੋਕ ਸਿੰਘ ਕੰਵਰ ਵਲੋਂ ਮਿਲੇ ਨਿੱਘੇ ਸਹਿਯੋਗ ਅਤੇ ਆਸ਼ੀਰਵਾਦ ਵਾਸਤੇ ਮੈਂ ਹਾਰਦਿਕ ਧੰਨਵਾਦੀ ਹਾਂ।

ਇਸ ਪੁਸਤਕ ਦੀ ਤਿਆਰੀ ਵਿਚ ਡਾ: ਹਰੀ ਸਿੰਘ ਜੀ ਅਤੇ ਡਾ: ਵਣਜਾਰਾ ਬੇਦੀ ਜੀ ਤੋਂ ਮਿਲੇ ਸਹਿਯੋਗ ਆਸ਼ੀਰਵਾਦ ਅਤੇ ਬਹੁਮੁੱਲੇ ਸੁਝਾਵਾਂ ਦੀ ਮੈਂ ਦਿਲੋਂ ਸ਼ੁਕਰਗੁਜ਼ਾਰ ਹਾਂ। ਇਸ ਤੋਂ ਇਲਾਵਾ ਜੋਗਾ ਸਿੰਘ ਜਗਿਆਸੂ ਜੀ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਮੇਰੇ ਲਈ ਸਮਾਂ ਕਢਿਆ ਅਤੇ ਬਾਵਾ ਬਲਵੰਤ ਦੇ ਜੀਵਨ ਅਤੇ ਵਿਅਕਤਿਤਵ ਬਾਰੇ ਮਹੱਤਵਪੂਰਣ ਜਾਣਕਾਰੀ ਦਿਤੀ।

ਆਪਣੇ ਕਾਲਜ ਦੀ ਪ੍ਰਿੰਸੀਪਲ ਡਾ: (ਮਿਸਿਜ਼) ਸੀਤਾ ਸ਼੍ਰੀਵਾਸਤਵਾ ਦਾ ਵੀ ਮੈਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਮੇਰੇ ਅੰਦਰ ਸਵੈ ਵਿਸ਼ਵਾਸ ਦੀ ਭਾਵਨਾ ਜਗਾਈ। ਮੈਂ ਖਾਸ ਤੌਰ ਤੇ ਪਿਆਰਾ ਸਿੰਘ ਦਾਤਾ ਜੀ ਅਤੇ ਰਾਜਿੰਦਰ ਸਿੰਘ ਜੀ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੇਰੀ ਇਸ ਪੁਸਤਕ ਨੂੰ ਛਾਪਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਵਿਚ ਆਪਣੀ ਸੀਮਾ ਅਤੇ ਸਮਰਥਾ ਨੂੰ ਧਿਆਨ ਵਿਚ ਰਖਦੇ ਹੋਏ ਆਪਣੀ ਪਹਿਲੀ ਪੁਸਤਕ ਪਾਠਕਾਂ ਦੇ ਸਾਹਮਣੇ ਪੇਸ਼ ਕਰਨ ਵਿਚ ਮੈਨੂੰ ਹਾਰਦਿਕ ਖ਼ੁਸ਼ੀ ਹੋ ਰਹੀ ਹੈ । ਉਨ੍ਹਾਂ ਦੇ ਸੁਝਾਵਾਂ ਦੀ ਮੈਨੂੰ ਹਮੇਸ਼ਾ ਉਡੀਕ ਰਹੇਗੀ ।

ਮਨਜੀਤ ਕੌਰ
D-898, ਨੇਤਾ ਜੀ ਨਗਰ
ਨਵੀਂ ਦਿਲੀ-23

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ ਦੀਆਂ ਰਚਨਾਵਾਂ :

1. ਮਹਾਂ ਨਾਚ (1941)
2. ਅਮਰ ਗੀਤ (1942)
3. ਜੁਆਲਾਮੁਖੀ (1943)
4. ਬੰਦਰਗਾਹ (1951)
5. ਕਾਵਿ ਸਾਗਰ (1954)
6. ਕਿਸ ਕਿਸ ਤਰਾਂ ਦੇ ਨਾਚ (1957)
7. ਸੁਗੰਧ ਸਮੀਰ (1958)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਪਹਿਲਾ

ਬਾਵਾ ਬਲਵੰਤ ਦਾ ਕਾਵਿ-ਸਿਧਾਂਤ

ਕਿਸੇ ਵੀ ਕਵੀ ਦੀ ਕਵਿਤਾ ਦਾ ਵਿਸ਼ਲੇਸ਼ਣ ਤੇ ਮੁਲੰਕਣ ਕਰਨ ਤੋਂ ਪਹਿਲਾਂ ਇਹ ਯੋਗ ਲਗਦਾ ਹੈ ਕਿ ਉਸ ਦੇ ਕਾਵਿ-ਸਿਧਾਂਤ ਦੀ ਗੱਲ ਕੀਤੀ ਜਾਏ, ਉਸ ਨੇ ਆਪਣੀਆਂ ਰਚਨਾਵਾਂ ਵਿਚ ਆਪ ਕਾਵਿ ਦਾ ਸੰਕਲਪ ਕਿਵੇਂ ਪੇਸ਼ ਕੀਤਾ ਹੈ ਜਾਂ ਕਵਿਤਾ ਦੇ ਮਸਲਿਆਂ ਵੱਲ ਕਿਸ ਰੂਪ ਵਿਚ ਸੰਕੇਤ ਕੀਤਾ, ਉਸ ਨੂੰ ਵੇਖਿਆ ਜਾਏ।[1] ਬਾਵਾ ਬਲਵੰਤ ਦੀ ਕਵਿਤਾ ਵਿਚ ਅਜਿਹੀਆਂ ਰਚਨਾਵਾਂ ਨੂੰ ਅਸੀਂ ਦੋ ਤਰ੍ਹਾਂ ਵੰਡ ਸਕਦੇ ਹਾਂ ਇਕ ਤਾਂ ਉਸ ਦੀਆਂ ਉਹ ਕਵਿਤਾਵਾਂ ਜਿਹੜੀਆਂ ਪੂਰੀਆਂ ਹੀ ਉਸ ਦੇ ਕਾਵਿ-ਸਿਧਾਂਤ ਨਾਲ ਸੰਬੰਧਿਤ ਹਨ ਅਤੇ ਦੂਸਰੀਆਂ ਉਹ ਜਿਨ੍ਹਾਂ ਵਿਚ ਮਹੱਤਵਯੋਗ ਕਾਵਿ ਟੂਕਾਂ ਉਸ ਦੇ ਕਾਵਿ-ਸਿਧਾਂਤ ਬਾਰੇ ਚਰਚਾ ਛੇੜਦੀਆਂ ਹਨ।

ਕਾਵਿ ਸਿਧਾਂਤ ਨਾਲ ਸੰਬੰਧਿਤ ਕਵਿਤਾਵਾਂ :

1. ਕਲਾਕਾਰ (ਮਹਾਂ ਨਾਚ)
2. ਗੀਤਕਾਰ (ਮਹਾਂ ਨਾਚ)
3. ਕਵੀ ਤੇ ਕਵਿਤਾ (ਮਹਾਂ ਨਾਚ)
4. ਤੇਰੇ ਗੀਤ (ਅਮਰਗੀਤ)
5. ਕਿਰਨ ਗੀਤ (ਅਮਰਗੀਤ)
6. ਨਵੇਂ ਗੀਤ (ਅਮਰਗੀਤ)
7. ਕਵਿਤਾ (ਬੰਦਰਗਾਹ)
8. ਸਾਹਿਤਕਾਰ (ਬੰਦਰਗਾਹ)

ਅਸੀਂ ਮੁੱਖ ਤੌਰ 'ਤੇ ਪਹਿਲਾਂ ਇਨ੍ਹਾਂ ਲੜੀ ਵਾਰ ਕਵਿਤਾਵਾਂ 'ਚੋਂ ਸਾਹਮਣੇ ਆਉਂਦੇ ਕਾਵਿ ਸੰਕਲਪਾਂ ਬਾਰੇ ਵਿਚਾਰ ਕਰਾਂਗੇ, ਜਿਹੜੇ ਵਿਚਾਰ ਉਨ੍ਹਾਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਦੇ ਜੁਲਦੇ ਹੋਰ ਕਵਿਤਾਵਾਂ ਵਿਚ ਸਾਹਮਣੇ ਆਉਂਦੇ ਹਨ ਉਹ ਨਾਲੋ ਨਾਲ ਵੇਖਾਂਗੇ ਤੇ ਕੁਝ ਹੋਰ ਕਵਿਤਾਵਾਂ ਵਿਚ ਜਿਹੜੇ ਵਿਚਾਰ ਉਨ੍ਹਾਂ ਤੋਂ ਵੱਖ ਸਾਹਮਣੇ ਆਏ ਹਨ ਉਨ੍ਹਾਂ ਨੂੰ ਇਸੇ ਅਧਿਆਇ ਦੇ ਦੂਜੇ ਖੰਡ ਵਿਚ ਦੇਖਾਂਗੇ ।

1

ਕਲਾਕਾਰ :

ਇਸ ਕਵਿਤਾ ਵਿਚ ਬਾਵਾ ਬਲਵੰਤ ਨੇ ਕਲਾਕਾਰ ਦੇ ਕਾਰਜ-ਖੇਤਰ ਅਤੇ ਪ੍ਰਯੋਜਨ ਨੂੰ ਵਿਚਾਰਿਆ ਹੈ । ਬਾਵਾ ਜਿਸ ਭਾਸ਼ਾ ਵਿਚ ਕਲਾਕਾਰ ਨੂੰ ਇਥੇ ਪਰਿਭਾਸ਼ਿਤ ਕਰਦਾ ਹੈ, ਕਲਾਕਾਰ ਅਧਿਆਤਮਕ ਅਤੇ ਰਹੱਸਵਾਦੀ ਪ੍ਰਯੋਜਨ ਨਾਲ ਸੰਬੰਧਿਤ ਹੈ । ਉਦਾਹਰਣ ਦੇ ਤੌਰ ਤੇ :—

"ਜਿਸ ਧਾਮ 'ਚ ਮੁਨੀ ਮੁਨੀਸ਼ਰ ਸਭ
ਜਾਵਣ ਨਾ ਜੀਵਨ ਸੋਧ ਸੋਧ,
ਤੂੰ ਜਾ ਬਿਠਲਾਏਂ ਕਲਾਕਾਰ
ਉਸ ਪਰਮ ਪਿਤਾ ਦੀ ਪਰਮ ਗੋਦ,
ਤੇਰਾ ਵੀ ਅੰਤ ਨਾ ਪਾਰਾਵਾਰ—
ਅਸਲੇ ਦੀ ਮਸਤੀ ਕਲਾਕਾਰ ! (ਮਹਾਂ ਨਾਚ, ਪੰਨਾ ੫੬)

ਉਸ ਦੇ ਖ਼ਿਆਲ ਅਨੁਸਾਰ ਕਲਾਕਾਰ ਸਾਨੂੰ ਕਿਹੋ ਜਿਹਾ ਸੰਸਾਰ ਦੇਂਦਾ ਹੈ ਜਿਸ ਨਾਲ ਅਸੀਂ ਉਚ ਅਧਿਆਤਮਕ ਮੰਡਲਾਂ ਤੱਕ ਪਹੁੰਚਦੇ ਹਾਂ ਅਜਿਹਾ 'ਧਾਮ' ਜਿਥੇ 'ਮੁਨੀ ਮੁਨੀਸ਼ਰ' ਵੀ ਨਹੀਂ ਪਹੁੰਚ ਸਕਦੇ ਉਸੇ 'ਧਾਮ' ਦੀ ਚੇਤਨਾ ਨੂੰ ਹੀ ਉਹ 'ਅਸਲੇ ਦੀ ਮਸਤੀ' ਕਹਿੰਦਾ ਹੈ ।

ਬਾਵਾ ਬਲਵੰਤ ਕਲਾਕਾਰ ਨੂੰ ਜਿਸ ਸ਼ਬਦਾਵਲੀ ਰਾਹੀਂ ਬਿਆਨਦਾ ਹੈ, ਉਹ ਧਿਆਨ ਯੋਗ ਹੈ । ਧਾਮ, ਮੁਨੀ ਮੁਨੀਸ਼ਰ, ਪਰਮ ਪਿਤਾ ਦੀ ਪਰਮ ਗੋਦ, ਅੰਤ ਨਾ ਪਾਰਾਵਾਰ, ਅਸਲਾ—ਇਹ ਸਾਰੀ ਸ਼ਬਦਾਵਲੀ ਅਧਿਆਤਮਕ ਕਵਿਤਾ ਅਤੇ ਧਾਰਮਕ-ਅਨੁਭਵ ਦੀ ਹੈ ।

ਬਾਵਾ ਬਲਵੰਤ ਨੇ 'ਅਨਹਦ ਨਾਚ ਨਚਾਓ' ਕਵਿਤਾ ਵਿਚ ਵੀ ਜਦੋਂ ਆਪਣੇ ਗੀਤਾਂ ਬਾਰੇ ਜ਼ਿਕਰ ਕੀਤਾ ਤਾਂ ਉਦੋਂ ਵੀ ਉਸ ਨੇ ਇਸੇ ਅਧਿਆਤਮਕ-ਭਾਸ਼ਾ, ਰਹੱਸਵਾਦੀ-ਸੁਰ ਵਿਚ ਹੀ ਗੱਲ ਕੀਤੀ :—

"ਕੌਣ ਕਹੇ ਮੇਰੇ ਗੀਤਾਂ ਕੀ ਚਾਹਿਆ ?
ਜੋਤਸ਼-ਪਹੁੰਚ ਤੋਂ ਓਹਲੇ ਜਗਤ ਵਸਾਇਆ ।
ਆਸ਼ਾ-ਦੀਪ ਬੁਝਣ ਤੋਂ ਪਹਿਲਾਂ
    ਮੇਰੇ ਗੀਤ ਮਿਲਾਓ
ਜਾਂ 'ਰਾਜਨ', ਇਸ ਖ਼ਾਕ 'ਚ ਗੀਤ ਉਗਾਓ,
ਅਨਹਦ ਨਾਚ ਨਚਾਓ ! (ਮਹਾਂਨਾਚ, ਪੰਨਾ 159)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਬਾਵਾ ਬਲਵੰਤ ਕਾਵਿ ਨੂੰ, ਕਲਾ ਨੂੰ ਉਸ ਅਸਲੇ ਦੀ ਮੁਕਤੀ, ਅਨਹਦ ਦੇ ਅਨੁਭਵ ਨਾਲ ਸਬੰਧਤ ਕਰਦਾ ਹੈ। ਉਸ ਦੇ ਕਾਵਿ-ਵਿਸ਼ਵਾਸਾਂ ਦਾ ਆਰੰਭ ਅਜਿਹੇ ਰਹੱਸਵਾਦੀ-ਬਿੰਦੂ ਤੋਂ ਹੀ ਹੁੰਦਾ ਹੈ।

6630

ਗੀਤਕਾਰ :

ਕਈ ਹੋਰ ਪੰਜਾਬੀ ਕਵੀਆਂ ਵਾਂਗ ਬਾਵਾ ਬਲਵੰਤ ਨੇ ਆਪਣੇ ਕਵੀ ਬਣਨ ਦੇ ਕਾਰਣ ਨੂੰ ਆਪਣੀ ਕਵਿਤਾ ਵਿਚ ਬਿਆਨ ਕੀਤਾ ਹੈ। ਇਸ ਕਵਿਤਾ ਵਿਚ ਉਹ ਪਰਗਟ ਕਰਦਾ ਹੈ ਕਿ ਕਿਸੇ ਦੀ ਚੁੱਪ ਨੇ ਉਸ ਨੂੰ ਗੀਤਕਾਰ ਬਣਾਇਆ। ਉਸ ਨੂੰ ਹਸਾਉਣ ਲਈ, ਬੁਲਾਉਣ ਲਈ (ਪ੍ਰੇਮਿਕਾ) ਲਈ ਉਸ ਨੇ ਗੀਤਾਂ ਦੀ ਰਚਨਾ ਕੀਤੀ ਆਪਣੀ ਖਾਮੋਸ਼ੀ ਨੂੰ ਤੋੜਿਆ 'ਇਕ ਨੂਰਾਨੀ ਲਹਿਰ', 'ਆਵੇਸ਼' ਇੱਥੇ ਵੀ ਉਸ ਦੀ ਸ਼ਬਦਾਵ੍ਲੀ ਧਿਆਨ ਯੋਗ ਹੈ। ਸ਼ਬਦਾਵਲੀ ਦਾ ਸਰੋਤ ਉਹੀ ਰਹੱਸਵਾਦੀ-ਅਨੁਭਵ ਹੈ :—

"ਮੇਰੀ ਸੁੰਨਤਾ 'ਚ ਇਕ ਆਵੇਸ਼ ਹੋਈ ਲਹਿਰ ਨੂਰਾਨੀ,
ਨਵੇਂ ਜੀਵਨ ਤੋਂ ਨੀਂਹ ਰੱਖੀ ਗਈ ਇਸ ਮੇਰੀ ਦੁਨੀਆਂ ਦੀ।
ਖਾਮੋਸ਼ੀ ਨੂੰ ਮੇਰੀ ਉਡਣਾ ਪਿਆ ਤੜਪਾਂ ਦੇ ਪਰ ਲਾ ਕੇ,
ਯਤਨ ਜਾਗੇ ਕਈ ਉਸ ਦੇ ਹਸਾਵਣ ਨੂੰ, ਬੁਲਾਵਣ ਨੂੰ।
ਕਿਸੇ ਦੀ ਚੁੱਪ ਨੇ ਮੈਨੂੰ ਬਣਾਇਆ ਗੀਤ-ਕਾਰ ਆਖ਼ਰ।"

(ਮਹਾਂਨਾਚ, ਪੰਨਾ 105)

ਉਸ ਨੇ ਆਪਣੇ ਗੀਤ ਬਣਾਉਣ ਲਈ ਕਿਵੇਂ ਹਵਾ ਤੋਂ 'ਸੁਤੰਤਰ-ਸੁਪਨ' ਦਾ ਜੀਵਨ ਲਿਆ 'ਕੋਇਲ' ਤੋਂ 'ਕਿਰਮਚੀ ਨਗ਼ਮੇ' ਸੁਣੇ। 'ਅਗਨ ਦੀ ਜੀਭ' ਤੋਂ ਹਜ਼ਾਰਾਂ ਨਗ਼ਮੇਂ ਲਏ। 'ਚਕਵੀ' ਤੋਂ 'ਦਰਦ ਦਾ ਕਿੱਸਾ' ਲਿਆ। ਬਾਵਾ ਬਲਵੰਤ ਦੀ ਅਲੰਕਾਰਕ-ਵਿਧੀ ਬਾਰੇ ਇਹ ਉਸ ਦਾ ਆਪਣਾ ਬਿਆਨ ਹੈ। ਇਹ ਅਲੰਕਾਰਕ-ਵਿਧੀ ਮੂਲ ਤੌਰ ਤੇ ਰੁਮਾਂਟਿਕ ਹੈ। ਉਹ ਗੀਤ ਨੂੰ ਇਕ ਵਿਧਾ (ਰੂਪਾਕਾਰ) ਦੇ ਤੌਰ ਤੇ ਪ੍ਰਗਟ ਨਹੀਂ ਕਰ ਰਿਹਾ, ਗੀਤਕਾਰ ਉਹ ਸਮੁੱਚੇ ਕਵੀ ਨੂੰ ਹੀ ਕਹਿ ਰਿਹਾ ਹੈ। ਹੋਰ ਕਈ ਕਵਿਤਾਵਾਂ ਤੇ ਗੀਤਾਂ ਵਿਚ ਵੀ ਬਾਵੇ ਨੇ ਇਸੇ ਰੂਪ ਵਿਚ ਪ੍ਰੇਮਿਕਾ ਨਾਲ ਸਰੋਕਾਰ ਪਰਗਟ ਕੀਤਾ। ਕਵਿਤਾ 'ਬੇੜੀ' ਵਿਚ ਉਸ ਦਾ ਕਥਨ ਹੈ :—

"ਕੋਈ ਵੀ ਗੀਤ ਜੇ ਉਸ ਨੂੰ ਪਸੰਦ ਆ ਜਾਏ,
ਯੁਗਾਂ ਦੀ ਕਾਰ ਮੇਰੀ ਨੂੰ ਅਨੰਦ ਆ ਜਾਏ!" (ਅਮਰਗੀਤ, ਪੰਨਾ 39)

ਕਵਿਤਾ 'ਯਾਦ-ਗੀਤ' ਵਿਚ ਵੀ ਉਸ ਨੇ ਆਪਣੇ ਗੀਤਾਂ ਦੇ ਇਸੇ ਪੱਖ ਨੂੰ ਦੁਹਰਾਇਆ :—

ਦੇਖ ਕੇ ਹਰਦਮ ਲੁਛਣਾ ਮੇਰਾ,
ਕੋਈ ਕਹਿਣ ਸ਼ੁਦਾਈ ਤੇਰਾ;

ਗੁਰੁਕੁਲ ਕਾਂਗੜੀ ਵਿਸ਼ਵਵਿਦਿਆਲਯ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਣ ਸੁਣ ਗੀਤ ਮੇਰੇ ਨੈਣਾਂ ਦੇ
ਤਾਰੇ ਹੋਣ ਹੈਰਾਨ—
ਮੈਨੂੰ ਜਾਣ, ਨਾ ਚਾਹੇ ਜਾਣ !" (ਅਮਰਗੀਤ, ਪੰਨਾ 83)

ਕਵੀ ਤੇ ਕਵਿਤਾ :

ਇਸ ਕਵਿਤਾ ਵਿਚ ਬਾਵਾ ਬਲਵੰਤ ਨੇ ਕਵੀ ਅਤੇ ਕਵਿਤਾ ਨੂੰ ਪਰਿਭਾਸ਼ਿਤ ਕੀਤਾ ਹੈ। ਸਭ ਤੋਂ ਪਹਿਲਾਂ ਉਹ ਆਦਿਕਾਲ ਬਾਰੇ ਕਲਪਨਾ ਕਰਦਾ ਹੈ ਕਿ 'ਭੂਤਕਾਲ ਤੋਂ ਪਹਿਲਾਂ' ਇਕ ਕਵੀ ਸੀ ਜਿਹੜਾ ਬਿਲਕੁਲ ਹਵਾ ਅਤੇ ਕਿਰਨਾਂ ਵਾਂਗ ਆਜ਼ਾਦ ਸੀ ਅਤੇ ਕਵਿਤਾ ਦੇ ਅਖ਼ੀਰ ਤੇ ਜਾ ਕੇ ਉਹ ਵਰਤਮਾਨ ਦੀ ਗੱਲ ਕਰਦਾ ਹੈ, ਆਪਣੀ ਕਵਿਤਾ ਨੂੰ ਉਸ ਆਜ਼ਾਦ ਕਵੀ ਦੀ ਕਵਿਤਾ ਦੇ ਆਦਰਸ਼ ਨਾਲ ਸੰਬੰਧਿਤ ਕਰਦਾ ਹੈ :—

1. ਭੂ-ਕਾਲ ਤੋਂ ਵੀ ਪਹਿਲਾਂ ਕਹਿੰਦੇ ਨੇ ਇਕ ਕਵੀ ਸੀ,
ਉਸ ਦੀ ਹਵਾ-ਕਿਰਨ ਤੋਂ ਅਜ਼ਾਦ-ਜ਼ਿੰਦਗੀ ਸੀ।
(ਮਹਾਂ ਨਾਚ, ਪੰਨਾ 151)
2. ਊ-ਕਾਲ ਦਾ ਕਵੀ ਸਾਂ, ਹੁਣ ਹਾਲ ਦਾ ਕਵੀ ਹਾਂ।
(ਮਹਾਂ ਨਾਚ, ਪੰਨਾ 153)

ਪਰ ਇਨ੍ਹਾਂ ਮੁਢਲੀਆਂ ਅਤੇ ਅੰਤਲੀਆਂ ਸਤਰਾਂ ਦੇ ਦਰਮਿਆਨ ਜੋ ਕਵਿਤਾ ਦੀ ਟੈਕਸਟ ਪਈ ਹੈ ਉਸ ਤੋਂ ਬਾਵਾ ਬਲਵੰਤ ਦੇ ਕਵਿਤਾ ਬਾਰੇ ਵਿਚਾਰ ਦੋ ਰੂਪਾਂ ਵਿਚ ਸਾਹਮਣੇ ਆਉਂਦੇ ਹਨ :—

1. ਉਹ ਕਵਿਤਾ ਨੂੰ ਕੁਦਰਤ ਨਾਲ ਜਾਂ ਕੁਦਰਤ ਦੇ ਜਲਵਿਆਂ ਨਾਲ ਸੰਬੰਧਿਤ ਕਰਦਾ ਹੈ। ਉਸ ਜਲਵੇ ਵਿਚੋਂ ਗੀਤ ਦਾ ਜਨਮ ਪ੍ਰਗਟ ਕਰਦਾ ਹੈ। ਇਹ ਸਿਧਾਂਤ ਲਗਭਗ ਉਹੀ ਸਿਧਾਂਤ ਹੈ ਜਿਹੜਾ ਭਾਈ ਵੀਰ ਸਿੰਘ ਨੇ ਕਵਿਤਾ 'ਵੈਰੀ ਨਾਗ ਦਾ ਪਹਿਲਾ ਝਲਕਾ' ਵਿਚ ਪ੍ਰਗਟ ਕੀਤਾ ਸੀ। ਅਸੀਂ ਭਾਈ ਵੀਰ ਸਿੰਘ ਅਤੇ ਬਾਵਾ ਬਲਵੰਤ ਦੀਆਂ ਸਤਰਾਂ ਨਾਲ-ਨਾਲ ਰਖ ਕੇ ਵੇਖ ਸਕਦੇ ਹਾਂ :—

1. "ਨੇਚਰ ਦੇ ਦੇਖ ਜਲਵੇ, ਉਸ ਤੇ ਨਸ਼ਾ ਸੀ ਛਾਇਆ,
ਜਾਦੂ-ਅਸਰ ਗਲੇ 'ਚੋਂ ਇਕ ਗੀਤ ਉਸ ਨੇ ਗਾਇਆ।
ਹਸਤੀ ਦੇ ਭੁਖੜ ਜਜ਼ਬੇ ਸਾਗਰ ਦੀਆਂ ਤਹਿਆਂ 'ਚੋਂ,
ਨਿਕਲੇ ਉਹ ਅਮਰ ਸੁਹਲੇ ਪਾਣੀ ਦੀਆਂ ਟੀਸੀਆਂ 'ਚੋਂ
ਲੱਗਾ ਜਾਂ ਤੀਰ-ਹਰਕਤ ਆਸ਼ਾ ਦੇ ਪਰਬਤਾਂ ਨੂੰ,
ਪ੍ਰੀਤਮ ਮਿਲੀ ਉਡਾਰੀ ਅਹਿਸਾਸ ਦੇ ਪਰਾਂ ਨੂੰ।"(ਮਹਾਂ ਨਾਚ,ਪੰਨਾ 151)
2. "ਵੈਰੀ ਨਾਗ ! ਤੇਰਾ ਪਹਿਲਾ ਝਲਕਾ
ਜਦ ਅਖੀਆਂ ਵਿਚ ਵਜਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਦਰਤ ਦੇ 'ਕਾਦਰ' ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫਿਰੋਜ਼ੀ, ਝਲਕ ਬਲੌਰੀ,
ਡਲ੍ਹਕ ਮੋਤੀਆਂ ਵਾਲੀ
ਰੂਹ ਵਿਚ ਆ ਆ ਜਜ਼ਬ ਹੋਇ,
ਜੀ ਵੇਖ ਵੇਖ ਨਹੀਂ ਰਜਦਾ ।
ਨਾ ਕੋਈ ਨਾਦ ਸਰੋਦ ਸੁਣੀਵੇ
ਫਿਰ 'ਸੰਗੀਤ-ਰਸ' ਛਾਇਆ,
'ਚੁਪ-ਚਾਨ' ਫਿਰ ਰੂਪ ਤਿਰੇ ਵਿਚ
ਕਵਿਤਾ ਰੰਗ ਜਮਾਇਆ ।"[2]

ਇਸ ਕਵਿਤਾ ਵਿਚ ਉਹ ਗੀਤ ਜਾਂ ਕਵਿਤਾ ਨੂੰ ਜਿਸ ਯੋਗਤਾ ਨਾਲ ਸੰਬੰਧਿਤ ਕਰਦਾ ਹੈ ਉਹ ਯੋਗਤਾ ਕੁਦਰਤ ਦੇ ਇਸ ਜਲਵੇ ਤੋਂ ਆਰੰਭ ਹੁੰਦੀ ਹੈ ।

2. ਇਸ ਕਵਿਤਾ ਦਾ ਦੂਜਾ ਹਿੱਸਾ ਇਨ੍ਹਾਂ ਸਤਰਾਂ ਤੋਂ ਸ਼ੁਰੂ ਹੁੰਦਾ ਹੈ :—

"ਸ਼ਾਇਰ ਨਹੀਂ ਜੋ ਜੀਵੇ ਦਿਲ ਨੂੰ ਦਿਮਾਗ਼ ਕਰ ਕੇ;
ਸ਼ਾਇਰ ਨਹੀਂ ਜੋ ਖੋਲ੍ਹੇ ਮੂੰਹ ਨੂੰ ਬੇਰਾਗ ਕਰ ਕੇ;
ਲਾਏ ਕਵੀ ਨਾ ਡੇਰੇ ਸੋਨੇ ਦੀ ਟਹਿਣੀਆਂ ਤੇ;
ਰੀਝੇ ਕਦੀ ਨਾ ਕੋਇਲ ਚਾਂਦੀ ਦੀ ਤੀਲ੍ਹੀਆਂ ਤੇ ।"
(ਮਹਾਂ ਨਾਚ, ਪੰਨਾ 152)

ਇਸ ਹਿੱਸੇ ਵਿਚ ਉਹ ਕਵੀ ਦੀ ਯੋਗਤਾ ਨੂੰ ਇਸ ਗੱਲ ਨਾਲ ਸੰਬੰਧਿਤ ਕਰਦਾ ਹੈ ਕਿ ਕਵੀ ਦਿਲ ਨੂੰ ਦਿਮਾਗ਼ ਨਹੀਂ ਕਰਦਾ, ਭਾਵ ਜਜ਼ਬਿਆਂ ਦੀ ਥਾਂ ਤਰਕ ਨਹੀਂ ਲਿਆਉਂਦਾ । ਕਵੀ ਬੇਰਾਗ ਨਹੀਂ ਹੁੰਦਾ । ਕਵੀ ਸੋਨੇ-ਚਾਂਦੀ ਤੇ ਨਹੀਂ ਰੀਝਦਾ, ਸਗੋਂ ਬਾਗ਼ੀ ਹੁੰਦਾ ਹੈ, ਵਿਦਰੋਹੀ ਹੁੰਦਾ ਹੈ, ਕਵਿਤਾ 'ਤਰਲਿਆਂ' ਤੇ ਨਹੀਂ ਪਲਦੀ, 'ਸਿਫ਼ਾਰਸ਼ਾਂ' ਤੇ ਨਹੀਂ ਜੀਉਂਦੀ ।

ਇਹ ਦੋਵੇਂ ਵਿਚਾਰ ਉਹ ਅੰਤਰ-ਸੰਬੰਧਿਤ ਕਰਦਾ ਹੈ ਕਿਉਂਕਿ ਜਿਸ ਕਵੀ ਦੀ ਆਜ਼ਾਦੀ ਦਾ ਜ਼ਿਕਰ ਉਸ ਨੇ ਉਪਰ ਕੀਤਾ ਹੈ ਉਸ ਨੂੰ ਉਹ ਕੁਦਰਤ ਦੀ ਖੁਲ੍ਹ ਡੁਲ੍ਹ ਨਾਲ ਜੋੜਦਾ ਹੈ ਅਤੇ ਉਹੀ ਆਜ਼ਾਦੀ ਅਸਲ ਵਿਚ ਕਵੀ ਨੂੰ ਵਿਦਰੋਹ ਦੀ ਭਾਵਨਾ ਨਾਲ ਜੋੜਦੀ ਹੈ । ਇਸੇ ਵਿਚਾਰ ਨੂੰ ਹੀ ਉਸ ਨੇ ਕਵਿਤਾ 'ਜ਼ਿੰਦਗੀ ਹੀ ਜ਼ਿੰਦਗੀ' ਵਿਚ ਪੇਸ਼ ਕੀਤਾ ਸੀ :—

"ਇਸ ਅਨੂਪਮ-ਖ਼ਾਕ 'ਚੋਂ ਚੜ੍ਹਿਆ ਰਵੀ,
ਸਭ ਤੋਂ ਪਹਿਲਾਂ ਉਹ ਜ਼ਮਾਨੇ ਦਾ ਕਵੀ,
ਜਿਸ ਨੇ ਲੱਖਾਂ ਹੀ ਬਣਾਏ ਰਾਮ ਹਨ,
ਜਿਸ ਦੇ ਅੱਖਰ ਜ਼ਿੰਦਗੀ ਦੇ ਜਾਮ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣ ਕੇ ਕਵਿਤਾ ਦਿਲ 'ਚੋਂ ਨਿਕਲੇ ਜੋ ਖ਼ਿਆਲ;
ਹੋ ਗਈ ਬਾਣੀ-ਅਮਰ ਜਗਦੀ ਮਿਸਾਲ ।'' (ਮਹਾਂ ਨਾਚ, ਪੰਨਾ 60-61)

ਪਰ ਇਥੇ ਉਹ ਜਿਸ ਨੂੰ ਜ਼ਮਾਨੇ ਦਾ ਪਹਿਲਾ ਕਵੀ ਕਹਿੰਦਾ ਹੈ, ਜਿਸ ਨੇ 'ਲੱਖਾਂ ਹੀ ਰਾਮ ਬਣਾਏ' ਤਾਂ ਇਹ ਇਸ਼ਾਰਾ ਪ੍ਰਮਾਤਮਾ ਬ੍ਰਹਮ ਵੱਲ ਚਲਾ ਜਾਂਦਾ ਹੈ । ਇਉਂ ਬਾਵਾ ਬਲਵੰਤ ਦਾ ਇਹ ਵਿਚਾਰ ਅਧਿਆਤਮਕ ਹੈ । ਭਾਰਤੀ ਦਰਸ਼ਨ ਵਿਚ ਵੀ ਬ੍ਰਹਮ ਜਾਂ ਪ੍ਰਮਾਤਮਾ ਨੂੰ ਸਭ ਦਾ ਸਰੋਤ, ਦੁਨੀਆਂ ਦਾ ਆਦਿ-ਬਿੰਦੂ ਆਖਿਆ ਗਿਆ ਹੈ । ਇਉਂ ਬਾਵਾ ਬਲਵੰਤ ਆਪਣੇ ਕਾਵਿ-ਵਿਸ਼ਵਾਸਾਂ ਵਿਚ ਮੁੜ ਮੁੜ ਕੇ ਅਧਿਆਤਮਕ-ਦ੍ਰਿਸ਼ਟੀ ਵੱਲ ਪਰਤਦਾ ਹੈ ।

ਪੱਛਮੀ ਕਾਵਿ ਸ਼ਾਸਤਰੀਆਂ 'ਚੋਂ ਜਿਨ੍ਹਾਂ ਦੇ ਚਿੰਤਨ ਦੇ ਸਰੋਤ ਧਰਮ ਵਿਚ ਹਨ, ਉਨ੍ਹਾਂ ਨੇ ਅਜਿਹੇ ਕਾਵਿ-ਸਿਧਾਂਤ ਨੂੰ ਕਈ ਵਾਰ ਪਰਗਟਾਇਆ ਹੈ । ਯੱਕ ਮਾਰੀਤੇਨ ਦੇ ਵਿਚਾਰ ਹਨ :—

"The poet is like a God, and inorder to discover the first essentials of poetry, there is nothing better for us to do than, to look to the first poet."[3]

ਤੇਰੇ ਗੀਤ :

'ਅਮਰ ਗੀਤ' ਕਿਉਂਕਿ ਬਾਵਾ ਬਲਵੰਤ ਦੇ ਗੀਤਾਂ ਦੀ ਕਿਤਾਬ ਹੈ ਇਸ ਲਈ ਇਸ ਗੀਤ (ਜਾਂ ਕਵਿਤਾ) ਵਿਚ ਉਸ ਨੇ ਆਪਣੇ ਗੀਤਾਂ ਦੀ ਯੋਗਤਾ ਬਾਰੇ ਇਕ ਵਿਸ਼ਵਾਸ ਪ੍ਰਗਟ ਕੀਤਾ ਹੈ । ਜਿਵੇਂ ਉਸ ਦੀਆਂ ਕਈ ਕਵਿਤਾਵਾਂ, ਕਵਿਤਾ ਬਾਰੇ ਆਪਣਾ ਸਿਧਾਂਤ ਕੁਦਰਤ ਤੋਂ ਸ਼ੁਰੂ ਕਰਦੀਆਂ ਹਨ ਇਸੇ ਤਰ੍ਹਾਂ ਇਥੇ ਜਦੋਂ ਉਹ ਆਪਣੇ ਗੀਤ ਦੀ ਸਮਰਥਾ ਜਾਂ ਯੋਗਤਾ ਦੀ ਗੱਲ ਕਰਦਾ ਹੈ ਤਾਂ ਉਸ ਦਾ ਪ੍ਰਕਿਰਤੀ ਤੇ ਕੀ ਕਲਪਿਤ ਪ੍ਰਭਾਵ ਪੈ ਰਿਹਾ ਹੈ, ਇਸ ਕਲਪਿਤ ਪ੍ਰਭਾਵ ਤੋਂ ਹੀ ਉਹ ਆਪਣੇ ਗੀਤ ਦੀ ਸਮਰਥਾ ਦੀ ਪਰਖ ਕਰਦਾ ਹੈ :—

''ਸੁਣਕੇ ਗੀਤ ਤੇਰੇ
ਨਿਰਮਲ ਚਾਂਦਨੀਆਂ ਦੇ ਡੁਲ੍ਹ ਪਏ ਨੈਣ ਅਮੋਲ,
ਦਰਦ ਦੇ ਸੋਮੇ ਬੋਲ;
ਜ਼ਖ਼ਮੀ ਲੈ ਸੁਣ ਕੇ ਸਭ ਤਾਰੇ ਲਗ ਪਏ ਰੋਣ,
(ਅਮਰ ਗੀਤ, ਪੰਨਾ 42)

ਅਤੇ ਇਸ ਤੋਂ ਬਾਅਦ ਵੱਖਰੇ-ਵੱਖਰੇ ਬੰਦਾਂ ਦੇ ਆਰੰਭ ਦਾ ਜਦੋਂ ਅਸੀਂ ਅਧਿਅਨ ਕਰਦੇ ਹਾਂ ਤਾਂ ਉਨ੍ਹਾਂ ਵਿਚ ਇਕ ਪਰਿਵਰਤਨ ਆਉਂਦਾ ਜਾਂਦਾ ਹੈ :—

1. ''ਸੁਣ ਕੇ ਗੀਤ ਤੇਰੇ
ਦਿਲ-ਜੁਗਨੂੰ ਚਮਕੇ, ਤੜਪੇ ਲੱਖ ਜੀਭਾਂ ਨੂੰ;
ਖਿੱਚਦਾ ਹੈ ਕੋਈ ਅੰਦਰ ਦੀਆਂ ਤਾਰਾਂ ਨੂੰ ।'' (ਅਮਰ ਗੀਤ, ਪੰਨਾ 43)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ''ਸੁਣ ਕੇ ਗੀਤ ਤੇਰੇ
ਗੀਤ ਤੇਰੇ ਸੁਣ ਕੇ ਅਰਸ਼ ਨੂੰ ਆ ਗਈ ਨੀਂਦ ।''
(ਅਮਰ ਗੀਤ, ਪੰਨਾ 43)

3. ''ਸੁਣ ਕੇ ਗੀਤ ਤੇਰੇ
ਦਰਦੀ ਗੀਤਾਂ ਤੋਂ ਜਗ ਸੌਂਦੇ ਸੌਂਦੇ ਜਾਣ
ਪਰ ਅੰਦਰ ਮੇਰੇ ਕੋਈ ਅਨਹਦ ਰਾਸ ਰਚਾਣ; (ਅਮਰ ਗੀਤ, ਪੰਨਾ 43)

4. ''ਦਰਦੀ ਗੀਤ ਤੇਰੇ—
ਹੋਈ ਨਗਰ ਮੇਰੇ ਵਿਚ ਵਿਸਮਾਦਾਂ ਦੀ ਲੋ,
ਜੀਵਨ-ਕਾਲ-ਗੁਫਾ ਵਿਚ ਪਹੁੰਚੀ ਕਿਰਨ ਅਲੋਕ ।''
(ਅਮਰ ਗੀਤ, ਪੰਨਾ 43)

5. ਮਿੱਠੇ ਗੀਤ ਤੇਰੇ !
ਗੀਤਾਂ ਦੀ ਸੁਰ ਤੋਂ ਦੁੱਖ ਢਲਦੇ ਜਾਣ, (ਅਮਰ ਗੀਤ, ਪੰਨਾ 44)

ਇਨ੍ਹਾਂ ਸਾਰੀਆਂ ਉਦਾਹਰਣਾਂ ਵਿਚ ਉਹ ਆਪਣੇ ਗੀਤਾਂ ਦਾ ਕੁਦਰਤ ਨਾਲ ਜੋ ਰਿਸ਼ਤਾ ਬਣਾਉਂਦਾ ਹੈ, ਕੁਦਰਤ ਨੂੰ ਜਿਵੇਂ ਉਹ ਆਪਣੇ ਗੀਤਾਂ ਨਾਲ ਕੀਲਦਾ ਹੈ, ਉਸੇ ਅਨੁਭਵ ਨੂੰ ਅਖ਼ੀਰ ਆਪਣੇ 'ਨਗਰ' ਨਾਲ ਸੰਬੰਧਿਤ ਕਰਦਾ ਹੈ ਅਤੇ ਗੀਤ ਜਿਸ ਵਿਸਮਾਦ ਦੀ ਅਵਸਥਾ ਨੂੰ ਜਨਮ ਦੇਂਦਾ ਹੈ, ਉਸ ਦੀਆਂ ਕਿਰਨਾਂ ਉਸ ਦੇ ਨਗਰ ਨੂੰ ਰੌਸ਼ਨ ਕਰਦੀਆਂ ਹਨ । ਅਜਿਹੇ ਸੁਰ ਤੋਂ ਦੁਖ ਢਲਦੇ ਹਨ । ਗੀਤ ਰਾਹੀਂ ਹੀ ਉਹ ਧਰਤੀ ਦੇ ਹਿਰਦੇ ਨੂੰ ਜਗਾਉਣਾ ਚਾਹੁੰਦਾ ਹੈ :—

''ਹਿਰਦਾ ਧਰਤੀ ਦਾ ਜਾਗੇਗਾ, ਯਾਰ, ਜ਼ਰੂਰ—
ਸੁਣ ਕੇ ਗੀਤ ਤੇਰੇ !'' (ਅਮਰ ਗੀਤ, ਪੰਨਾ 44)

ਇਉਂ ਇਹ ਗੀਤ ਉਸ ਦੇ ਗੀਤ ਦੀ ਸਮਰਥਾ ਨੂੰ ਉਚਾਰਦਾ ਹੈ । ਉਹ ਪ੍ਰਕਿਰਤੀ ਨੂੰ ਆਪਣੇ ਗੀਤ ਦਾ ਸਰੋਤ ਵੀ ਬਣਾਉਂਦਾ ਹੈ ਅਤੇ ਪ੍ਰਕਿਰਤੀ ਨਾਲ ਇਕ ਲਗਾਤਾਰ ਰਿਸ਼ਤਾ ਵੀ ਕਾਇਮ ਕਰਦਾ ਹੈ, ਪਰ ਗੀਤ ਬਾਰੇ ਜਿਹੜੀ ਉਸ ਦੀ ਅੰਤਮ ਗੱਲ ਹੈ, ਉਹ ਇਹ ਕਿ ਗੀਤ ਭਾਵੇਂ ਅਰਸ਼ਾਂ ਨੂੰ ਸੁਆ ਦੇਵੇ, ਪਰ ਉਹ ਧਰਤੀ ਨੂੰ ਜਗਾ ਸਕਦਾ ਹੈ । ਇਸ ਤਰ੍ਹਾਂ ਜਿਵੇਂ ਉਸ ਨੇ ਆਪਣੀ ਪਿਛਲੀ ਕਵਿਤਾ 'ਕਵੀ ਤੇ ਕਵਿਤਾ' ਵਿਚ ਅੰਤ ਤੇ ਕਵਿਤਾ ਨੂੰ ਵਿਦਰੋਹ ਨਾਲ ਜੋੜਿਆ ਸੀ । ਇਸੇ ਤਰ੍ਹਾਂ ਉਹ ਇਸ ਗੀਤ ਨੂੰ ਵੀ ਅੰਤ ਤੱਕ ਪਹੁੰਚਦਿਆਂ ਜਾਗ੍ਰਤਾ ਦੇ ਸੰਚਾਰ ਨਾਲ ਜੋੜ ਦਿੰਦਾ ਹੈ ।

ਨਵੇਂ ਗੀਤ :

'ਅਮਰ ਗੀਤ' ਦੇ ਇਕ ਹੋਰ ਗੀਤ 'ਨਵੇਂ ਗੀਤ' ਵਿਚ ਉਸ ਨੇ ਆਪਣੇ ਗੀਤਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਚਾਰ ਨੂੰ ਧਰਤੀ ਦੇ ਇਸੇ ਕਲਿਆਣ ਨਾਲ ਸੰਬੰਧਿਤ ਕੀਤਾ ਹੈ :—

''ਗੀਤ ਮੇਰੇ ਹਨ ਧਰਤੀ ਦੇ ਕਲਿਆਣ ਲਈ ।
ਮਾਨਵਤਾ ਦੀ ਮਰਦੀ ਜਾਂਦੀ ਜਾਨ ਲਈ ।
ਆਤਮ-ਗੀਤ ਮੈਂ ਤਦੇ ਉਚਾਰੇ ਨਵੇਂ ਨਵੇਂ,
ਰਾਹ-ਮੰਜ਼ਲ ਵਿਚ ਚਮਕੇ ਤਾਰੇ ਨਵੇਂ ਨਵੇਂ ।'' (ਅਮਰ ਗੀਤ, ਪੰਨਾ 75)

ਉਹ ਗੀਤ ਦੀ ਨਵੀਨਤਾ ਇਸੇ ਵਿਚ ਦੇਖਦਾ ਹੈ ਕਿ ਉਹ ਸਿਥਲ ਹੋ ਰਹੀ ਮਾਨਵਤਾ ਵਿਚ ਜਾਨ ਪਾਵੇ, ਧਰਤੀ ਨੂੰ ਦੁੱਖਾਂ ਤੋਂ ਮੁਕਤ ਕਰੇ । ਇਸ ਚੇਤਨਾ ਨਾਲ ਹੀ ਉਸ ਨੇ ਆਪਣੇ ਨਵੇਂ ਗੀਤ ਉਚਾਰੇ ਹਨ ।

'ਅਮਰ ਗੀਤ' ਵਿਚ ਹੀ ਬਾਵਾ ਬਲਵੰਤ ਨੇ ਦੋ ਹੋਰ ਕਵਿਤਾਵਾਂ ਅਜਿਹੀਆਂ ਲਿਖੀਆਂ ਹਨ ਜਿਨ੍ਹਾਂ ਵਿਚ ਉਹ ਆਪਣੇ ਗੀਤ ਬਾਰੇ ਚਰਚਾ ਕਰਦਾ ਹੈ :—

ਕਿਰਨ ਗੀਤ :

ਜਿਸ ਵਿਚ ਉਹ ਆਪਣੇ 'ਸੱਜਣ' ਨੂੰ ਸੰਬੋਧਿਤ ਹੈ । ਉਹ ਸਾਜਨ ਨੂੰ 'ਸਰਵ ਅਨੰਦ' ਕਹਿੰਦਾ ਹੈ ਅਤੇ ਉਸ ਤੋਂ ਗੀਤਾਂ ਲਈ ਇਕ ਕਿਰਨ ਮੰਗਦਾ ਹੈ :—

''ਇਕ ਰਿਸ਼ਮ ਹੈ ਸਭ ਕੁਝ ਤੇਰੀ
ਨਭ-ਹਿਰਦੇ ਦੇ ਚੰਦ !
ਇਕ ਕਿਰਨ ਗੀਤਾਂ ਵਿਚ ਮੇਰੇ
ਕਰ ਦੇ ਆਪਣੀ ਬੰਦ !
ਸਾਜਨ, ਤੂੰ ਹੈਂ ਸਰਵ-ਅਨੰਦ !'' (ਅਮਰ ਗੀਤ, ਪੰਨਾ 63)

ਬਾਵਾ ਬਲਵੰਤ ਦੀ ਇਹ ਸਥਿਤੀ ਲਗਭਗ ਮੋਹਨ ਸਿੰਘ ਨਾਲ ਮਿਲਦੀ-ਜੁਲਦੀ ਹੈ । ਮੋਹਨ ਸਿੰਘ ਨੇ ਵੀ ਕਿਹਾ ਸੀ :—

''ਪਰ ਪੜ੍ਹ ਪੜ੍ਹ ਪੁਸਤਕ-ਢੇਰ ਕੁੜੇ,
ਮੇਰਾ ਵਧਦਾ ਜਾਏ ਹਨੇਰ ਕੁੜੇ ।
ਕੁਝ ਅਜਬ ਇਲਮ ਦੀਆਂ ਜਿੱਦਾਂ ਨੇ,
ਮੈਨੂੰ ਮਾਰਿਆ ਕਿਉਂ, ਕੀ, ਕਿੱਦਾਂ ਨੇ ।
ਮੈਂ ਨਿਸਚੇ ਬਾਝੋਂ ਭਟਕ ਰਿਹਾ,
ਜੰਨਤ ਦੋਜ਼ਖ਼ ਵਿਚ ਲਟਕ ਰਿਹਾ,
ਗਲ ਸੁਣ ਜਾ ਭਟਕੇ ਰਾਹੀ ਦੀ,
ਇਕ ਚਿਣਗ ਮੈਨੂੰ ਭੀ ਚਾਹੀਦੀ ।[4]

ਪਰ ਬਾਵਾ ਬਲਵੰਤ ਨੇ 'ਅਮਰ ਗੀਤ' ਵਿਚ ਹੀ ਇਕ ਹੋਰ ਕਵਿਤਾ ਲਿਖੀ ਹੈ 'ਤੇਰੇ ਲਈ ਹੀ ਨਹੀਂ ।' ਜਿਸ ਵਿਚ ਉਸ ਨੇ ਇਹ ਕਿਹਾ ਹੈ ਕਿ ਖ਼ਿਆਲ ਅਤੇ ਕਲਾਕਾਰੀ ਸਿਰਫ਼ ਪ੍ਰੇਮਿਕਾ ਲਈ ਹੀ ਨਹੀਂ ਹੁੰਦੀ । ਇਉਂ ਆਪ ਹੀ ਉਹ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵੈ-ਵਿਰੋਧ ਨੂੰ ਪ੍ਰਗਟ ਕਰਦਾ ਹੈ :—

''ਤੇਰੇ ਲਈ ਹੀ ਨਹੀਂ,
ਖਿਆਲ, ਸੁਪਨ-ਸਤਾਰੇ, ਨਜ਼ਰ ਕਲਾਕਾਰੀ;
ਤੇਰੇ ਲਈ ਹੀ ਨਹੀਂ ਇਹ ਬਰਾਦਰੀ ਸਾਰੀ
ਇਹ ਪੁਸ਼ਪ-ਹਾਰ ਹੈ ਮੇਰਾ ਸਰਵ ਗਲਾਂ ਦੇ ਲਈ, (ਅਮਰ ਗੀਤ,ਪੰਨਾ 56)

ਇਹ ਸਵੈ ਵਿਰੋਧ ਵੀ ਲਗਭਗ ਮੋਹਨ ਸਿੰਘ ਨਾਲ ਮਿਲਦਾ ਜੁਲਦਾ ਹੈ, ਮੋਹਨ ਸਿੰਘ ਨੇ ਲਿਖਿਆ ਸੀ :—

''ਇਹ ਦਿਲ ਹੈ ਕੋਈ ਖਿਡਾਲ ਨਹੀਂ,
ਇਤਨਾ ਵੀ ਨਿਤਾਣਾ ਕਿਉਂ ਹੋਵੇ ।
ਇਕ ਛੋਹਰੀ ਦੇ ਜੀ ਪਰਚਾਵੇ ਲਈ,
ਸਭ ਜਗ ਤੋਂ ਬਿਗਾਨਾ ਕਿਉਂ ਹੋਵੇ ।''[6]

ਕਵਿਤਾ :

ਭਾਵੇਂ ਇਹ ਕਵਿਤਾ ਦੋ ਸਤਰਾਂ ਦੀ ਹੈ, ਪਰ ਬਾਵਾ ਬਲਵੰਤ ਦੀ ਇਹ ਕਵਿਤਾ ਸੰਪੂਰਨ ਤੌਰ ਤੇ ਉਸ ਦੇ ਕਾਵਿ ਸਿਧਾਂਤ ਨੂੰ ਪੇਸ਼ ਕਰਦੀ ਹੈ ।

''ਜੋ ਨਾ ਜਗਾਏ ਫੇਰ ਦਿਲ, ਦਿਲ ਦੀ ਹੈ ਉਹ ਅਵਾਜ਼ ਕੀ ?
ਜੇ ਨਹੀਂ ਜ਼ਿੰਦਗੀ ਲਈ, ਕਵਿਤਾ-ਕਲਾ ਦਾ ਸਾਜ਼ ਕੀ ?''
(ਬੰਦਰਗਾਹ, ਪੰਨਾ 40)

ਇਸ ਕਵਿਤਾ ਵਿਚ ਉਹ ਕਵਿਤਾ ਬਾਰੇ ਇਕ ਲੜੀ ਵਿਚ ਕਈ ਵਿਚਾਰ ਸਾਹਮਣੇ ਲੈ ਆਉਂਦਾ ਹੈ । ਸਭ ਤੋਂ ਪਹਿਲਾਂ ਉਹ ਕਵਿਤਾ ਲਈ ਇਹ ਜ਼ਰੂਰੀ ਸਮਝਦਾ ਹੈ ਕਿ ਉਹ ਦਿਲ ਨੂੰ ਜਗਾਏ । ਭਾਵ ਕਵਿਤਾ ਭਾਵਾਤਮਕ ਹੋਣੀ ਚਾਹੀਦੀ ਹੈ ਕਿਉਂਕਿ ਜੇਕਰ ਉਹ ਪਾਠਕ ਦੇ ਦਿਲ ਨੂੰ ਜਗਾਏਗੀ ਤਾਂ ਹੀ ਉਹ ਕਵੀ ਦੇ ਦਿਲ ਦੀ ਕੀ ਆਵਾਜ਼ ਹੋਏਗੀ ? ਇਉਂ ਉਹ ਕਵੀ ਦੀ ਭਾਵਾਤਮਕਤਾ ਅਤੇ ਪਾਠਕ ਦੀ ਭਾਵਾਤਮਕਤਾ ਨੂੰ ਜੋੜਦਾ ਹੈਂ। ਦੂਸਰਾ ਇਹ ਕਿ ਕਵਿਤਾ ਦਾ ਜ਼ਿੰਦਗੀ ਨਾਲ ਸਰੋਕਾਰ ਹੋਣਾ ਜ਼ਰੂਰੀ ਹੈ । ਜੇਕਰ ਕਵਿਤਾ ਵਿਚ ਜ਼ਿੰਦਗੀ ਨਾਲ ਜੁੜਣ ਦੀ ਸਮਰਥਾ ਹੈ ਤਾਂ ਹੀ ਉਹ ਕਲਾ ਹੋ ਸਕਦੀ ਹੈ । ਇਉਂ ਬਾਵਾ ਬਲਵੰਤ ਕਵਿਤਾ ਨੂੰ ਯਥਾਰਥਵਾਦੀ ਜਾਂ ਮਨੁੱਖਵਾਦੀ ਦ੍ਰਿਸ਼ਟੀ ਤੋਂ ਵੇਖਦਾ ਹੈ ਅਤੇ ਭਾਵਾਤਮਕਤਾ ਤੇ ਯਥਾਰਥ ਨੂੰ ਅੰਤਰ ਸੰਬੰਧਿਤ ਕਰਦਾ ਹੈ ।

ਬਾਵਾ ਬਲਵੰਤ ਦੇ ਸਮੇਂ ਵਿਚ ਕਵਿਤਾ ਨੂੰ ਦਿਲ ਦੀ ਜ਼ਬਾਨ, ਜਜ਼ਬਿਆਂ ਦੀ ਭਾਸ਼ਾ, ਭਾਵਾਂ ਦੀ ਤਰਜਮਾਨੀ ਆਮ ਆਖਿਆ ਜਾਂਦਾ ਸੀ, ਦਲੀਲ ਜਾਂ ਤਰਕ ਨਾਲੋਂ ਨਿਖੇੜਿਆ ਜਾਂਦਾ ਸੀ । ਬਾਵਾ ਵੀ ਅਜਿਹੇ ਵਿਸ਼ਵਾਸ ਨੂੰ ਦੁਹਰਾਉਂਦਾ ਹੈ ।

ਸਾਹਿਤਕਾਰ :

ਇਸ ਕਵਿਤਾ ਵਿਚ ਬਾਵਾ ਬਲਵੰਤ ਸਾਹਿਤਕਾਰ ਨੂੰ ਫਿਰ ਪਰਿਭਾਸ਼ਿਤ ਕਰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਜਿਹੜੀਆਂ ਕਵਿਤਾਵਾਂ ਅਸੀਂ ਵਿਚਾਰ ਆਏ ਹਾਂ ਉਨ੍ਹਾਂ ਵਿਚ ਵੀ ਉਸ ਨੇ ਇਨ੍ਹਾਂ ਪੱਖਾਂ ਦਾ ਹੀ ਜ਼ਿਕਰ ਕੀਤਾ ਹੈ। ਇਸ ਕਵਿਤਾ ਵਿਚ ਉਹ ਸਾਹਿਤਕਾਰ ਦੀ ਸ਼ਖਸੀਅਤ ਕੀ ਹੈ ? ਉਸ ਦੀ ਕਲਾ ਦਾ ਪ੍ਰਯੋਜਨ ਕੀ ਹੈ ? ਉਸ ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਕਵਿਤਾ ਦੇ ਤਿੰਨ ਬੰਦ ਹਨ। ਤਿੰਨ ਬੰਦਾਂ ਵਿਚ ਵੱਖਰੇ ਵੱਖਰੇ ਵਿਚਾਰ ਹਨ। ਪਹਿਲੇ ਬੰਦ ਵਿਚ ਸਾਹਿੱਤਕਾਰ ਬਾਰੇ ਉਸ ਦੀਆਂ ਇਹ ਸਤਰਾਂ ਧਿਆਨਯੋਗ ਹਨ :—

"ਕੁਦਰਤ ਦੀ ਰੂਪ ਅੰਦਰ ਮਿਲ ਕੇ ਗੀਤ ਉਜਾਗਰ ਕਰਨੇ,
ਇਹ ਹਨ ਹਮਦਰਦੀ ਦੇ ਸੋਮੇ, ਮਾਨਵਤਾ ਦੇ ਝਰਨੇ।"
(ਬੰਦਰਗਾਹ, ਪੰਨਾ 41)

ਜਿਹੜੀਆਂ ਕਵਿਤਾਵਾਂ ਅਸੀਂ ਵਿਚਾਰ ਕਰ ਆਏ ਹਾਂ ਉਨ੍ਹਾ ਵਿਚ ਵੀ ਉਸ ਨੇ ਬਾਰ ਬਾਰ ਕੁਦਰਤ ਦੀ ਗੱਲ ਕੀਤੀ ਹੈ। ਉਸ ਨੂੰ ਉਹ ਕਵਿਤਾ ਦਾ ਸਰੋਤ ਕਹਿੰਦਾ ਹੈ। ਇਸ ਬੰਦ ਵਿਚ ਉਸ ਦੇ ਹੋਰ ਸ਼ਬਦ 'ਸਾਂਝੀ ਨੀਂਹ', 'ਰੂਹ ਦੀ ਰੰਗਲੀ ਬਾਣੀ' ਬਾਵਾ ਬਲਵੰਤ ਦੀ ਵਿਚਾਰਧਾਰਾ ਨੂੰ ਫਿਰ ਅਧਿਆਤਮਕ ਸੰਕਲਪ ਨਾਲ ਜੋੜਦੇ ਹਨ। ਉਸ ਵਿਚੋਂ ਹੀ ਸਾਹਿੱਤਕਾਰ ਆਪਣੀ ਸ਼ਖਸੀਅਤ, ਆਪਣੀ ਪ੍ਰੇਰਣਾ ਪ੍ਰਾਪਤ ਕਰਦਾ ਹੈ ਅਤੇ ਦੁਨੀਆਂ ਨੂੰ ਚਾਨਣ ਦੇਂਦਾ ਹੈ। ਇਸੇ ਵਿਚਾਰ ਨੂੰ ਅਸੀਂ ਉਪਰ ਅਧਿਆਤਮਕ ਵਿਚਾਰ ਕਹਿ ਆਏ ਹਾਂ।

ਦੂਸਰੇ ਬੰਦ ਵਿਚ ਵੀ ਉਹ ਗਲ ਬ੍ਰਹਿਮੰਡ ਦੀ 'ਮਹਾਂ ਲੀਲ੍ਹਾ' ਤੋਂ ਸ਼ੁਰੂ ਕਰਦਾ ਹੈ। ਕਿਉਂਕਿ ਸਾਹਿੱਤਕਾਰ ਇਸ ਮਹਾਂ ਲੀਲ੍ਹਾ ਨੂੰ ਸਮਝਦਾ ਹੈ ਇਸੇ ਕਰਕੇ ਉਹ ਬਾਕੀ ਮਨੁੱਖਾਂ ਤੋਂ ਵੱਖਰਾ ਹੁੰਦਾ ਹੈ। ਉਸ ਦਾ ਸਿਧਾਂਤ 'ਵਿਸ਼ਵ-ਪਿਆਰ ਆਜ਼ਾਦੀ' ਹੈ ਇਸ ਵਿਚੋਂ ਹੀ ਓਸ ਦੀ 'ਅਮਿਟ ਖੋਜ' ਜਾਗਦੀ ਹੈ, ਕਲਾ ਦੀ ਜੋਤ ਪੈਦਾ ਹੁੰਦੀ ਹੈ :—

"ਪਹਿਲੀ ਹੀ ਪੌੜੀ ਹੈ ਇਸ ਦੀ ਵਿਸ਼ਵ-ਪਿਆਰ-ਆਜ਼ਾਦੀ;
ਅਸਲੇ-ਖੋਜ-ਅਮਿਟ-ਕੋਸ਼ਸ਼ 'ਚੋਂ ਉਮਡੇ ਜੋਤ ਕਲਾ ਦੀ।"
(ਬੰਦਰਗਾਹ, ਪੰਨਾ 42)

ਇਉਂ ਬਾਵਾ ਬਲਵੰਤ ਸਾਹਿੱਤਕਾਰ ਦੀ ਸ਼ਖਸੀਅਤ ਨੂੰ ਕੁਦਰਤ ਦੇ ਅਨੁਭਵ ਤੋਂ ਅਰੰਭਦਾ ਹੈ 'ਵਿਸ਼ਵ-ਪਿਆਰ ਆਜ਼ਾਦੀ' ਤੱਕ ਪਹੁੰਚਾਉਂਦਾ ਹੈ। ਇਸ ਵਿਚੋਂ ਹੀ ਸਾਹਿੱਤਕਾਰ ਆਪਣਾ ਸੰਦੇਸ਼ ਪ੍ਰਾਪਤ ਕਰਦਾ ਹੈ। ਇਸੇ ਨੂੰ ਉਹ ਉਸ ਦਾ 'ਵਿਸਮਾਦ-ਆਨੰਦ' ਕਹਿੰਦਾ ਹੈ। ਅਤੇ ਇਸੇ ਵਿਚੋਂ ਉਹ 'ਪਰੀਵਰਤਨ' ਸ਼ਕਤੀ ਅਤੇ 'ਪੂਰਨ ਹੁਨਰ' ਦੇ ਪੜਾ ਤੱਕ ਪਹੁੰਚਦਾ ਹੈ।

"ਪਰੀਵਰਤਨ ਕਰਦਾ ਹੈ ਜੱਗ ਵਿਚ ਇਹ ਸ਼ਕਤੀ ਦਾ ਧਾਰਾ,
ਪੂਰਨਤਾ ਤੱਕ ਲੈ ਜਾਂਦਾ ਹੈ ਪੂਰਨ ਹੁਨਰ ਦਵਾਰਾ।"
(ਬੰਦਰਗਾਹ, ਪੰਨਾ 42)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਬਾਵਾ ਬਲਵੰਤ ਸਾਹਿਤਕਾਰ ਦੀ ਪਰਿਭਾਸ਼ਾ ਨੂੰ ਮੁਕੰਮਲ ਕਰਦਾ ਹੈ ਅਤੇ 'ਪੂਰਨ ਹੁਨਰ' ਦੀ ਉਸ ਨੇ ਇਕ ਪ੍ਰਕਿਰਿਆ ਬਣਾਈ ਹੈ, ਜਿਸ ਦਾ ਪਹਿਲਾ ਬਿੰਦੂ ਕੁਦਰਤ ਹੈ, ਦੂਸਰਾ ਬਿੰਦੂ ਵਿਸ਼ਵ ਪਿਆਰ ਆਜ਼ਾਦੀ ਹੈ ਅਤੇ ਤੀਸਰਾ ਬਿੰਦੂ ਪਰਿਵਰਤਨ ਦੀ ਚੇਤਨਾ ਹੈ।

2

ਬਾਵਾ ਬਲਵੰਤ ਦੀਆਂ ਇਨ੍ਹਾਂ ਪੂਰਨ ਕਵਿਤਾਵਾਂ ਅਤੇ ਉਪ੍ਰੋਕਤ ਟੂਕਾਂ ਤੋਂ ਬਿਨਾਂ ਉਸ ਦੀਆਂ ਹੋਰ ਬੇਸ਼ੁਮਾਰ ਸਤਰਾਂ ਇਹੋ ਜਿਹੀਆਂ ਹਨ ਜਿਨ੍ਹਾਂ ਵਿਚ ਉਸ ਨੇ ਆਪਣੇ ਕਾਵਿ ਸਿਧਾਂਤ ਜਾਂ ਕਲਾ ਸਿਧਾਂਤ ਨੂੰ ਵਿਚਾਰਿਆ ਹੈ ਜਾਂ ਸੰਕੇਤ ਕੀਤੇ ਹਨ। ਉਪਰ ਉਸ ਨੇ ਪੂਰਨ ਹੁਨਰ ਦੀ ਪ੍ਰਕਿਰਿਆ ਤੇ ਪਰਿਭਾਸ਼ਾ ਦੀ ਗੱਲ ਕੀਤੀ ਸੀ ਇਸ ਲਈ ਅਸੀਂ ਪਹਿਲਾਂ ਉਸ ਦੀਆਂ ਉਹ ਸਤਰਾਂ ਲੈਂਦੇ ਹਾਂ ਜਿਨ੍ਹਾਂ ਵਿਚ ਉਹ ਹੁਨਰ ਨੂੰ ਸਿੱਧੇ ਰੂਪ ਵਿਚ ਵਿਚਾਰਦਾ ਹੈ :—

> "ਹੁਨਰ ਉਹ ਹੈ ਜਿਸ 'ਚ ਰੂਹ ਹੈ, ਜਾਨ ਹੈ,
> ਹੁਨਰ 'ਚੋਂ ਪੈਦਾ ਦਿਲਾਂ ਦੀ ਸ਼ਾਨ ਹੈ
> ਹੁਨਰ ਹੈ ਹਰ ਇਲਮ ਦੀ ਕੈਦੋਂ ਬਰੀ,
> ਹੁਨਰ ਹੈ ਇਕ ਰੂਹ ਦੀ ਜਾਦੂਗਰੀ।
> ਹੁਨਰ ਹੋ ਜਾਇਗਾ ਜਦ ਜੀਵਨ ਤੋਂ ਦੂਰ,
> ਤਾਰੇ ਹੋ ਜਾਵਣਗੇ ਸਾਰੇ ਚੂਰ ਚੂਰ।
> ਹੁਨਰ ਇਕ ਖ਼ਾਲੀ ਖਿਡੌਣਾ ਹੀ ਨਹੀਂ,
> ਹੁਨਰ ਬਸ 'ਜ਼ਾਹਰ' ਤੇ ਭੌਣਾ ਹੀ ਨਹੀਂ।
> ਕੀ ਕਲਾ ਮਦਰਾ ਤੋਂ ਖ਼ਾਲੀ ਜਾਮ ਹੈ ?
> ਕੀ ਕਲਾ ਫ਼ੋਟੋਗਰੀ ਦਾ ਨਾਮ ਹੈ ?" (ਮਹਾਂਨਾਚ, ਪੰਨਾ 62)

ਇਥੇ ਵੀ ਬਾਵਾ ਬਲਵੰਤ ਹੁਨਰ ਨੂੰ ਉਹ 'ਰੂਹ ਦੀ ਜਾਦੂਗਰੀ' ਨਾਲ ਸੰਬੰਧਿਤ ਕਰਦਾ ਹੈ, ਹੁਨਰ ਉਸ ਦੇ ਖ਼ਿਆਲ ਵਿਚ ਹਰ ਗਿਆਨ ਦੀ ਕੈਦ ਤੋਂ ਆਜ਼ਾਦ ਹੁੰਦਾ ਹੈ। ਉਹ ਭਾਵਾਤਮਕਤਾ ਅਤੇ ਤਰਕ ਵਿਚ ਫਿਰ ਨਿਖੇੜ ਪੈਦਾ ਕਰਦਾ ਹੈ। ਪਰ ਉਸ ਦੇ ਹੋਰ ਵਿਚਾਰ ਵੀ ਇਥੇ ਪਰਗਟ ਹਨ, ਉਸ ਲਈ ਹੁਨਰ ਕੇਵਲ ਦਿਲ-ਪਰਚਾਵਾ ਨਹੀਂ, ਖਿਡੌਣਾ ਨਹੀਂ, ਕੇਵਲ ਜੋ ਦ੍ਰਿਸ਼ਮਾਨ ਹੈ ਉਸ ਨੂੰ ਪ੍ਰਗਟ ਕਰਨਾ ਹੀ ਹੁਨਰ ਦਾ ਕੰਮ ਨਹੀਂ, ਕਿਉਂਕਿ ਕਲਾ ਸਿਰਫ ਫੋਟੋਗਰਾਫ਼ੀ ਨਹੀਂ, ਕੇਵਲ ਬਾਹਰਲੇ ਯਥਾਰਥ ਨੂੰ ਪੇਸ਼ ਨਹੀਂ ਕਰਦੀ। ਹੁਨਰ ਜਾਂ ਕਲਾ ਬਾਹਰਲੇ ਯਥਾਰਥ ਦੀ ਥਾਂ ਤੇ ਅੰਤਰੀਵ ਨੂੰ ਕਿਵੇਂ ਪੇਸ਼ ਕਰ ਸਕਦੀ ਹੈ ਇਸ ਬਾਰੇ ਬਾਵਾ ਬਲਵੰਤ ਆਪਣੀਆਂ ਕਈ ਕਵਿਤਾਵਾਂ ਵਿਚ ਵਿਚਾਰ ਕਰਦਾ ਹੈ। ਕਲਪਨਾ ਦੀ ਗੱਲ ਉਹ ਬਾਰ-ਬਾਰ ਕਰਦਾ ਹੈ ਜਿਸ ਰਾਹੀਂ ਕਵੀ 'ਨਵੇਂ ਜਹਾਨ', 'ਨਵੀਨ ਬਾਗ', 'ਅਨੋਖੇ ਸਮਾਜ' ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਅਲੌਕ ਰੂਹ' ਦੇ ਅਨੁਭਵ ਤਕ ਪਹੁੰਚਦਾ ਹੈ। ਇਹੀ ਕਵੀ ਦਾ ਤੇ ਵਪਾਰੀ ਦਾ ਅੰਤਰ ਹੈ। ਕਵਿਤਾ 'ਕਲਪਨਾ' ਵਿਚ ਉਸ ਨੇ ਇਸੇ ਲਈ ਇਹ ਕਿਹਾ :—

"ਕਲਪਨਾ ਰਾਗ ਦੀ ਰੂਹ ਦਾ, ਅਮਲ-ਸਤਾਰ ਵੀ ਏ।
ਅਲੌਕ ਸ਼ਕਤੀ ਕਰੇਗਾ ਕਦਰ ਜਹਾਨ ਕਦੋਂ ?
ਸਮਝ 'ਚ ਆਏਗੀ ਇਲਹਾਮ ਦੀ ਜ਼ਬਾਨ ਕਦੋਂ ?
ਸਮੇਂ ਦੀ ਰੀੜ੍ਹ ਤਰਸਦੀ ਹੈ ਇਸ ਲਹੂ ਦੇ ਲਈ,
ਵਿਸ਼ਾਲ ਤੱਤ ਤੜਪਦੇ ਨੇ ਏਸ ਰੂਹ ਦੇ ਲਈ।
ਕਲਪਨਾ ਹੀ ਤੋਂ ਨਵੇਂ ਨਿਤ ਜਹਾਨ ਪੈਦਾ ਨੇ,
ਨਵੀਨ ਬਾਗ਼, ਅਨੋਖੇ ਸਮਾਨ ਪੈਦਾ ਨੇ।" (ਅਮਰ ਗੀਤ, ਪੰਨਾ 34)

ਬਾਵਾ ਬਲਵੰਤ ਕਲਪਨਾ ਨੂੰ ਇਸ ਅੰਤਰੀਵ ਜਾਂ ਰੂਹ ਦੇ ਰਾਗ ਤਕ ਹੀ ਸੀਮਿਤ ਨਹੀਂ ਰਖਦਾ ਸਗੋਂ ਕਲਾ ਇਲਹਾਮ ਨਾਲ ਸਬੰਧਤ ਕਰਦਾ ਹੈ ਤੇ ਕਲਪਨਾ ਉਸ ਲਈ ਉਨ੍ਹਾਂ ਬੁਲੰਦੀਆਂ ਨੂੰ ਛੋਹਣ ਦਾ ਨਾਮ ਹੈ। ਉਹ ਕਲਪਨਾ ਨੂੰ ਅਗਨੀ ਨਾਲ, ਪਰਿਵਰਤਨ ਨਾਲ, ਇਨਕਲਾਬ ਨਾਲ ਵੀ ਜੋੜਦਾ ਹੈ। ਇਉਂ ਕਲਪਨਾ ਬਾਵਾ ਬਲਵੰਤ ਲਈ ਇਕ ਅਜਿਹੀ ਸਮਰਥਾ ਹੈ ਜੋ ਉਸ ਨੂੰ ਰੂਹ ਦੇ ਅਨੁਭਵਾਂ ਤੋਂ ਲੈ ਕੇ ਕ੍ਰਾਂਤੀ ਦੇ ਅਨੁਭਵ ਤਕ ਪਹੁੰਚਾਉਂਦੀ ਹੈ। ਉਸ ਨੇ ਕਵਿਤਾ 'ਰੂਸ' ਵਿਚ ਕਲਪਨਾ ਨੂੰ ਇਸੇ ਸ਼ਕਤੀ ਨਾਲ ਸੰਬੰਧਿਤ ਕੀਤਾ ਹੈ :—

"ਕਲਪਨਾ ਅਗਨੀ ਹੈ ਉਹ
ਪਰਬਤਾਂ ਹੇਠਾਂ ਵੀ ਲੁਕ ਸਕਦੀ ਨਹੀਂ,
ਬਣ ਕੇ ਆਉਂਦੀ ਏ ਭੁਚਾਲ।
ਦਿਲ 'ਚ ਲੱਖਾਂ ਆਸਰੇ ਰਖਦਾ ਹਾਂ ਮੈਂ,
ਮਰ ਨਹੀਂ ਸਕਦਾ ਬਹਿਸ਼ਤ,
ਮਰ ਨਹੀਂ ਸਕਦੇ ਖ਼ਿਆਲ।" (ਜੁਆਲਾਮੁਖੀ, ਪੰਨਾ 102-103)

ਕਲਪਨਾ ਦੀ ਇਸ ਸਮਰੱਥਾ ਕਰਕੇ ਹੀ ਉਹ ਕਲਾ ਨੂੰ ਕ੍ਰਾਂਤੀ ਨਾਲ ਜੋੜਦਾ ਅਤੇ ਕਲਾ ਨੂੰ ਇਨਕਲਾਬ ਦਾ ਮਾਧਿਅਮ ਬਣਾ ਲੈਂਦਾ ਹੈ। ਕਵਿਤਾ 'ਆਜ਼ਾਦ ਗੀਤ' ਵਿਚ ਉਸ ਨੇ ਕਲਾ ਦੇ ਇਸ ਪ੍ਰਯੋਜਨ ਨੂੰ ਸਪਸ਼ਟ ਕੀਤਾ ਹੈ :—

"ਕਲਾ ਦੀ ਜੋਤ ! ਤੈਨੂੰ ਕੀ ਬਣਾਇਆ ਜਾ ਨਹੀਂ ਸ਼ਕਦਾ ?
ਕਲਾ ਹੀ ਮੁਰਦਾ ਕੌਮਾਂ ਨੂੰ ਨਵਾਂ ਜੀਵਨ ਬਖਸ਼ਦੀ ਏ,
ਗਲਤ ਕਹਿੰਦੇ ਨੇ ਮੁਰਦੇ ਨੂੰ ਜਵਾਇਆ ਜਾ ਨਹੀਂ ਸਕਦਾ।"
(ਸੁਗੰਧ ਸਮੀਰ, ਪੰਨਾ 49)

ਕਲਾ ਵਿਚ ਕਲਪਨਾ ਦੇ ਨਾਲ ਬਾਵਾ ਬਲਵੰਤ ਤੜਪ ਨੂੰ ਜ਼ਰੂਰੀ ਸਮਝਦਾ ਹੈ। ਉਸ ਦੀ ਇਹ ਤੜਪ ਉਸ ਦੇ ਪਿਆਰ-ਅਨੁਭਵ ਤੋਂ ਸ਼ੁਰੂ ਹੋਈ ਜੋ ਉਸ ਦੇ ਗੀਤਾਂ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦੀ ਕਵਿਤਾ ਵਿਚ ਰਮੀ ਹੋਈ ਹੈ :—

1. "ਤੇਰਾ ਖ਼ਿਆਲ ਹੀ ਕਾਫ਼ੀ ਏ ਜ਼ਿੰਦਗੀ ਦੇ ਲਈ,
ਤੜਪ ਹੀ ਕਾਫ਼ੀ ਏ ਇੱਕ ਉਮਰ ਭਰ ਕਵੀ ਦੇ ਲਈ ।"

(ਬੰਦਰਗਾਹ, ਪੰਨਾ 86)

2. "ਕੀ ਦੁਨੀਆਂ ਖੋਹੇਗੀ ਤੈਨੂੰ, ਕੀ ਇਹ ਦਰਦਾਂ ਤੇਰੇ ?
ਤੂੰ ਹੈਂ ਭਾਗਭਰੀ ਦੇ ਵਾਂਗੂ ਹਰ ਇਕ ਗੀਤ 'ਚ ਮੇਰੇ !"

(ਬੰਦਰਗਾਹ, ਪੰਨਾ 85)

ਇਹ ਨਿਜੀ ਪਿਆਰ ਉਸ ਦੀ ਕਵਿਤਾ ਵਿਚ ਵਿਸ਼ਵ ਪਿਆਰ ਆਜ਼ਾਦੀ ਦੇ ਰੂਪ ਵਿਚ ਵਿਕਸਿਤ ਹੁੰਦਾ ਹੈ ਅਤੇ ਬਾਦ ਵਿਚ ਮਨੁੱਖਵਾਦੀ ਜਾਂ ਕ੍ਰਾਂਤੀਸ਼ੀਲ ਰੂਪ ਅਖ਼ਤਿਆਰ ਕਰਦਾ ਹੈ । ਜਦੋਂ ਬਾਵਾ ਬਲਵੰਤ ਕ੍ਰਾਂਤੀਸ਼ੀਲਤਾ ਦੇ ਪੜਾਅ ਤੇ ਪਹੁੰਚਦਾ ਹੈ ਉਦੋਂ ਫਿਰ ਉਹ ਸਾਹਿੱਤਕਾਰ ਜਾਂ ਕਵੀ ਨੂੰ ਫਿਰ ਵਿਚਾਰਦਾ ਹੈ, ਖ਼ਾਸ ਕਰ ਉਸ ਨੂੰ ਭਾਰਤੀ ਸਮਾਜ ਦੇ ਅਤੇ ਉਸ ਤੇ ਪਏ ਪ੍ਰਭਾਵਾਂ ਦੇ ਸੰਦਰਭ ਵਿਚ ਵਿਚਾਰਦਾ ਹੈ । ਉਹ ਸੋਚਦਾ ਹੈ ਕਿ 'ਕਵੀ', 'ਕਲਾਕਾਰ' ਜਾਂ 'ਸੁਪਨਕਾਰ' ਆਪਣੀ ਪ੍ਰਤਿਭਾ ਕਰਕੇ ਵਖਰਾ ਹੁੰਦਾ ਹੈ, ਮਹਾਨ ਹੁੰਦਾ ਹੈ । ਪਰ ਇਸ ਸਮਾਜ ਵਿਚ ਅਜੇ ਉਸ ਨੂੰ ਉਹ ਸਨਮਾਨ ਨਹੀਂ ਮਿਲਿਆ :—

"ਕਦਰ ਕਵੀ ਦੀ ਨਾ ਜਦ ਆਪਣੇ ਦੇਸ ਨੇ ਜਾਣੀ ।
ਤਾਂ ਲੈ ਕੇ ਆਇਆ ਹੈ ਸ਼ਰਧਾ ਪਿਆਰ ਅਫ਼ਗਾਨੀ ।
ਮੁਲਕ 'ਚ ਲਾਜ ਨਹੀਂ ਜਦ ਕਫ਼ਲ ਕਵੀ ਦੇ ਲਈ ।
ਕਦੋਂ ਇਹ ਤੜਪੇਗਾ ਪੱਥਰ ਕਿਸੇ ਖ਼ੁਦੀ ਦੇ ਲਈ ?
ਕਵੀ ਤੇ ਕਰ ਗਏ ਪਰਦਾ ਕਦਰ ਦਾ ਅਫ਼ਗਾਨੀ,
ਅਜ਼ਾਦੀਆਂ 'ਚ ਹੈ ਜ਼ਿੰਦਾ ਅਜੇ ਮੁਸਲਮਾਨੀ ।
ਬੜਾ ਅਸਾਨ ਹੈ ਮਸ਼ਹੂਰ ਚੰਦ, ਰਵੀ ਹੋਣਾ,
ਬੜਾ ਮੁਹਾਲ ਹੈ ਪਰ ਫ਼ਲਸਫ਼ੀ ਕਵੀ ਹੋਣਾ ।"

(ਜੁਆਲਾਮੁਖੀ, ਪੰਨਾ 97-98)

ਪਰ ਇਹ ਗੱਲ ਕਰਦਿਆਂ-ਕਰਦਿਆਂ ਅੰਤਲੀ ਸਤਰ ਵਿਚ ਬਾਵਾ ਬਲਵੰਤ ਨੇ ਕਵੀ ਬਾਰੇ ਇਕ ਹੋਰ ਵਿਸ਼ੇਸ਼ ਗੱਲ ਆਖੀ ਹੈ । ਉਸ ਨੇ ਫਲਸਫ਼ੀ ਕਵੀ ਨੂੰ ਦੂਸਰੇ ਕਵੀਆਂ ਨਾਲੋਂ ਮਹਾਨ ਆਖਿਆ ਹੈ । ਇਉਂ ਕਵਿਤਾ ਵਿਚ ਦ੍ਰਿਸ਼ਟੀਕੋਣ, ਵਿਚਾਰਧਾਰਾ, ਗਿਆਨ, ਇਹ ਗੱਲਾਂ ਬਾਵਾ ਬਲਵੰਤ ਦੇ ਕਾਵਿ-ਵਿਸ਼ਵਾਸ ਵਿਚ ਸ਼ਾਮਲ ਹੋ ਗਈਆਂ ਹਨ । ਉਹ ਜਿਸ ਬੌਧਿਕਤਾ ਦੀ ਗੱਲ ਕਰ ਰਿਹਾ ਹੈ, ਉਥੇ ਕਵਿਤਾ ਕੇਵਲ 'ਦਿਲ' ਨਾਲ ਸਬੰਧਤ ਨਹੀਂ ਰਹਿੰਦੀ ਦਾਰਸ਼ਨਿਕਤਾ ਸਹਿਜੇ ਹੀ ਤਰਕ ਨੂੰ ਵੀ ਲਿਆਉਂਦੀ ਹੈ ।

ਬਾਵਾ ਬਲਵੰਤ ਕੇਵਲ ਇਸ ਫਲਸਫ਼ੀ ਸ਼ਾਇਰੀ ਨੂੰ ਹੀ ਚੰਗੀ ਸ਼ਾਇਰੀ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਨਦਾ ਸਗੋਂ ਉਹ ਆਪ ਵੀ ਇਸ ਲਖਸ਼ ਨੂੰ ਪ੍ਰਾਪਤ ਕਰਨਾ ਚਾਹੁੰਦਾ ਸੀ । ਇਸੇ ਕਿਸਮ ਦੀ ਸ਼ਾਇਰੀ ਦਾ ਕੇਂਦਰ ਉਹ ਮਨੁੱਖ ਤੇ ਯਥਾਰਥ ਨੂੰ ਬਣਾਉਂਦਾ ਅਤੇ ਆਪਣੇ ਕਰਤਵ ਨੂੰ ਪ੍ਰਗਟ ਕਰਦਾ ਹੈ :—

"ਲੱਕਸ਼ ਦੇ ਵੱਲ ਜਾਣ ਦੀ ਕੋਸ਼ਿਸ਼ 'ਚ ਹਾਂ,
ਅਸਲਿਆਂ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ ।
... ...
ਹੁਨਰ ਤੇ ਮਿਹਨਤ ਦੇ ਪੁਤਲੇ ਆਦਮੀ !
ਤੇਰੇ ਸੋਹਲੇ ਗਾਣ ਦੀ ਕੋਸ਼ਿਸ਼ 'ਚ ਹਾਂ ।" (ਸੁਗੰਧ ਸਮੀਰ, ਪੰਨਾ 75)

ਇਨ੍ਹਾਂ ਸਤਰਾਂ ਤੋਂ ਬਿਨਾਂ ਵੀ ਉਸ ਦੀ ਕਵਿਤਾ ਵਿਚ ਬਹੁਤ ਸਾਰੀਆਂ ਅਜਿਹੀਆਂ ਸਤਰਾਂ ਮੌਜੂਦ ਹਨ ਜਿਹੜੀਆਂ ਕਵਿਤਾ, ਚਿਤ੍ਰ ਕਲਾ, ਰਾਗ ਅਤੇ ਬਾਕੀ ਕਲਾਵਾਂ ਬਾਰੇ ਹਨ । ਇਉਂ ਬਾਵਾ ਬਲਵੰਤ ਅਜਿਹਾ ਕਵੀ ਹੈ ਜੋ ਆਪਣੇ ਕਾਵਿ ਵਿਸ਼ਵਾਸਾਂ ਬਾਰੇ ਬਾਰ ਬਾਰ ਬਿਆਨ ਦੇਂਦਾ ਹੈ । ਇਸ ਬਿਆਨ ਨਾਲ ਸੰਬੰਧਿਤ ਕਈ ਹੋਰ ਪੱਖਾਂ ਵੱਲ ਅਸੀਂ ਅਗੇ ਜਾ ਕੇ ਵੀ ਸੰਕੇਤ ਕਰਾਂਗੇ ।

ਨੋਟ ਤੇ ਹਵਾਲੇ

1. ਕਾਵਿ-ਸਿਧਾਂਤ ਦੇ ਇਸ ਮਸਲੇ ਜਾਂ ਖੋਜ-ਵਿਧੀ ਵੱਲ ਡਾ. ਸੁਤਿੰਦਰ ਸਿੰਘ ਨੂਰ ਨੇ ਆਪਣੀ ਪੁਸਤਕ **'ਮੋਹਨ ਸਿੰਘ ਦਾ ਕਾਵਿ-ਜਗਤ'** ਦੇ ਪੰਨਾ 19 ਤੇ ਚਰਚਾ ਕੀਤਾ ਹੈ ।
2. ਭਾਈ ਵੀਰ ਸਿੰਘ, **ਮਟਕ ਹੁਲਾਰੇ,** ਪੰਨਾ 65.
3. Jaques Maritain, "Creative Intention in Art and Poetry" P. 18.
4. ਮੋਹਨ ਸਿੰਘ, **ਕਸੁੰਭੜਾ,** ਪੰਨਾ 48.
5. ਮੋਹਨ ਸਿੰਘ, **'ਅਧਵਾਟੇ',** ਪੰਨਾ 64.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਦੂਜਾ

ਬਾਵਾ ਬਲਵੰਤ ਦੀਆਂ ਕਵਿਤਾਵਾਂ ਦੀ ਸਮੀਖਿਆ

1. ਸ਼ਿਵ ਨਾਚ
2. ਫੇਰ ਪਾਰੋ ਨੇ ਕਿਹਾ
3. ਟ੍ਰਾਟਸਕੀ
4. ਨਵੀਨ ਆਸ
5. ਲਾਲ ਕਿਲ੍ਹਾ
6. ਬੰਦਰਗਾਹ
7. ਪਿੱਪਲ ਦੀਆਂ ਛਾਵਾਂ
8. ਰਥ

Forwarded with compliments from
the Department of Education,
Govt. of India

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ ਦੀਆਂ ਕਵਿਤਾਵਾਂ ਦੀ ਸਮੀਖਿਆ

ਇਸ ਅਧਿਆਇ ਵਿਚ ਅਸੀਂ ਬਾਵਾ ਬਲਵੰਤ ਦੀਆਂ ਉਹ ਕਵਿਤਾਵਾਂ ਸਮੀਖਿਆ ਲਈ ਚੁਣੀਆਂ ਹਨ, ਜਿਨ੍ਹਾਂ ਤੋਂ ਉਸ ਦੀ ਕਵਿਤਾ ਦੇ ਮਹੱਤਵਯੋਗ ਪੱਖਾਂ ਅਤੇ ਵਿਧੀਆਂ ਬਾਰੇ ਵਿਸ਼ੇਸ਼ ਸੰਕੇਤ ਮਿਲਦੇ ਹਨ। ਇਨ੍ਹਾਂ ਕਵਿਤਾਵਾਂ ਦਾ ਅਸੀਂ ਸੰਖੇਪ ਵਿਚ ਪਾਠਗਤ ਅਧਿਅਨ ਕਰ ਰਹੇ ਹਾ, ਕਿਉਂਕਿ ਬਾਵਾ ਬਲਵੰਤ ਸਥਾਪਤ ਪ੍ਰਗਤੀਵਾਦੀ ਕਵੀ ਹੈ, ਇਸ ਲਈ ਅਸੀਂ ਇਨ੍ਹਾਂ ਕਵਿਤਾਵਾਂ ਦੀ ਵਿਚਾਰਧਾਰਾ ਵੱਲ ਵੀ ਸੰਕੇਤ ਕਰਨ ਦਾ ਯਤਨ ਕੀਤਾ ਹੈ। ਬਾਵਾ ਬਲਵੰਤ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਅਤੇ ਵਿਧੀਆਂ ਤੇ ਵਿਸਥਾਰ ਵਿਚ ਚਰਚਾ ਕਰਨ ਤੋਂ ਪਹਿਲਾਂ ਸਾਨੂੰ ਇਹ ਜ਼ਰੂਰੀ ਜਾਪਦਾ ਹੈ ਕਿ ਕੁਝ ਮਹੱਤਵ ਯੋਗ ਕਵਿਤਾਵਾਂ ਦੇ ਪਾਠ ਤੇ ਪ੍ਰਸੰਗ ਤੇ ਨਜ਼ਰ ਮਾਰੀ ਜਾਵੇ।

ਸ਼ਿਵ ਨਾਚ

''ਮੀਟ ਕੇ ਅੱਖੀਆਂ, ਖੋਲ੍ਹ ਕੇ ਬਾਹਾਂ,
ਨਾਚ ਕਰੇ ਮਤਵਾਲਾ !......'' (ਮਹਾਂਨਾਚ, ਪੰਨਾ 45)

'ਮਹਾਂਨਾਚ' ਬਾਵਾ ਬਲਵੰਤ ਦੀ ਪਹਿਲੀ ਪੁਸਤਕ ਹੈ ਜਿਸ ਨਾਲ ਉਹ ਚਰਚਾ ਵਿਚ ਆਇਆ ਅਤੇ ਇਸ ਪੁਸਤਕ ਵਿਚ ਉਸ ਦੀਆਂ ਕੁਝ ਉਹ ਕਵਿਤਾਵਾਂ ਹਨ ਜਿਹੜੀਆਂ ਸਿਰਫ਼ ਉਸ ਦੀ ਮੁੱਢਲੀ ਕਲਾ ਨੂੰ ਹੀ ਪੇਸ਼ ਨਹੀਂ ਕਰਦੀਆਂ ਸਗੋਂ ਉਸ ਦੀ ਕਾਵਿ ਵਿਧੀ ਦੀਆਂ ਬਾਦ ਤਕ ਵੀ ਪ੍ਰਤੀਨਿਧ ਰਹੀਆਂ ਹਨ। ਇਸ ਲਈ ਅਸੀਂ ਇਸ ਪੁਸਤਕ ਵਿਚੋਂ ਉਸ ਦੀ ਕਵਿਤਾ 'ਸ਼ਿਵ ਨਾਚ' ਨੂੰ ਚੁਣ ਰਹੇ ਹਾਂ। ਬਾਵਾ ਬਲਵੰਤ ਇਕ ਅਜਿਹਾ ਕਵੀ ਹੈ ਜਿਸ ਨੇ ਭਾਰਤੀ ਪੌਰਾਣ, ਮਿਥ ਨੂੰ ਬਹੁਤ ਜ਼ਿਆਦਾ ਵਰਤਿਆ ਹੈ। ਭਾਰਤੀ ਪੌਰਾਣ ਵਿਚੋਂ ਜਦੋਂ ਉਹ ਆਪਣੇ ਪ੍ਰਤੀਕ ਜਾਂ ਸੰਕੇਤ ਲੈਂਦਾ ਹੈ ਉਦੋਂ ਉਸ ਦੀ ਕਵਿਤਾ ਹੋਰ ਵੀ ਬੌਧਿਕ ਰੂਪ ਧਾਰਣ ਕਰ ਜਾਂਦੀ ਹੈ। ਮਿੱਥ ਦੇ ਅਜਿਹੇ ਲਗਾਤਾਰ ਰੂਪਾਂਤ੍ਰਣ ਬਾਰੇ ਹੀ ਨਾਰਥਰੋਪਫਰਾਈ ਨੇ ਕਿਹਾ ਸੀ ਕਿ ਸਾਹਿੱਤ ਵੀ ਇਕ ਪ੍ਰਕਾਰ ਦੀ ਰੂਪਾਂਤ੍ਰਿਤ ਮਿਥ[1] ਹੈ। ਮਿਥਾਂ ਹੌਲੀ ਹੌਲੀ ਪ੍ਰਤੀਕਾਤਮਕ ਭਾਸ਼ਾ ਦਾ ਰੂਪ ਧਾਰਣ ਕਰਦੀਆਂ ਗਈਆਂ ਅਤੇ ਸੂਖ਼ਮ ਵਿਸ਼ਿਆਂ ਨੂੰ ਪ੍ਰਤੀਕਾਂ ਰਾਹੀਂ ਪ੍ਰਗਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਲੱਗੀਆਂ । ਮਿਥਾਂ ਇਤਿਹਾਸ ਵਿਚ ਬਾਰ-ਬਾਰ ਦੁਹਰਾਈਆਂ ਜਾਂਦੀਆਂ ਹਨ ਅਤੇ ਹਰ ਯੁਗ ਵਿਚ ਨਵੇਂ ਅਰਥ ਗ੍ਰਹਿਣ ਕਰਦੀਆਂ ਹਨ । ਇਸ ਰੂਪਾਂਤਰਣ ਕਾਰਣ ਹੀ ਇਸ ਵਿਚ ਕਈ ਗੱਲਾਂ ਨਵੀਆਂ ਜੁੜ ਜਾਂਦੀਆਂ ਹਨ । ਪ੍ਰਸਿੱਧ ਮਿੱਥ-ਵਿਗਿਆਨੀ ਲੈਵੀ-ਸਤ੍ਰਾਸ ਨੇ ਭਾਸ਼ਾ-ਵਿਗਿਆਨੀ ਸੌਸਿਊਰ ਦੇ ਲੈਂਗ ਅਤੇ ਪੈਰੋਲ ਦੇ ਸੰਕਲਪ ਨੂੰ ਮਿੱਥ ਲਈ ਵਰਤਿਆ । ਉਸ ਅਨੁਸਾਰ ਮਿਥ ਦਾ ਅਮੂਰਤ ਪਾਸਾਰ ਲੈਂਗ ਹੈ ਅਤੇ ਸਮੂਰਤ ਪਾਸਾਰ ਪੈਰੋਲ । ਲੈਂਗ ਸਥਿਰ ਰਹਿੰਦਾ ਹੈ, ਪਰ ਉਸ ਦਾ ਪੈਰੋਲ ਬਦਲ ਜਾਂਦਾ ਹੈ । ਸਾਡੇ ਅਧਿਐਨ ਦਾ ਧਿਆਨ ਵੀ ਇਸ ਲੈਂਗ ਤੋਂ ਪੈਰੋਲ ਵੱਲ ਹੈ ।

ਬਾਵਾ ਬਲਵੰਤ ਨੇ ਭਾਰਤੀ ਮਿਥਾਂ ਨੂੰ ਕਈ ਰੂਪਾਂ ਵਿਚ ਵਰਤਿਆ ਹੈ । ਕਈ ਥਾਵਾਂ ਤੇ ਉਸ ਨੇ ਕਿਸੇ ਆਧੁਨਿਕ ਸਥਿਤੀ ਵੱਲ ਸੰਕੇਤ ਕਰਨ ਲਈ ਉਸ ਨੂੰ ਪ੍ਰਤੀਕ ਦੇ ਤੌਰ 'ਤੇ ਵਰਤਿਆ ਹੈ ਅਤੇ ਕਈ ਥਾਂ ਤੇ ਕਿਸੇ ਮਿਥਿਕ ਪਾਤਰ ਜਾਂ ਕਿਸੇ ਮਿਥ ਨਾਲ ਜਿਹੜਾ ਬਿੰਬ ਸੰਬੰਧਿਤ ਹੁੰਦਾ ਹੈ ਉਹ ਉਸ ਦੀ ਪੁਨਹ ਸਿਰਜਣਾ ਕਰਦਾ ਹੈ । ਕਵਿਤਾ 'ਸ਼ਿਵ ਨਾਚ' ਸ਼ਿਵ ਦੀ ਮਿਥ ਨਾਲ ਸੰਬੰਧਿਤ ਹੈ । ਕਿਉਂਕਿ ਸ਼ਿਵ ਦੇ ਨਾਚ ਦੇ ਹਜ਼ਾਰਾਂ ਰੂਪ ਹਨ ਅਤੇ ਉਨ੍ਹਾਂ ਹਜ਼ਾਰਾਂ ਰੂਪਾਂ ਦਾ ਆਪਣਾ-ਆਪਣਾ ਅਰਥ ਹੈ । ਸ਼ਿਵ ਸੰਸਾਰ ਦੇ ਨਿਰਮਾਣ ਅਤੇ ਵਿਨਾਸ਼ ਦੋਵੇਂ ਵੇਲੇ ਤਾਂਡਵ ਨ੍ਰਿਤ ਕਰਦਾ ਹੈ[2] । ਸ਼ਿਵ-ਨਾਚ ਦੀ ਉਸੇ ਮੁਦਰਾ ਨੂੰ ਬਿੰਬਿਤ ਕਰਨ ਨਾਲ ਇਹ ਸਾਰੀ ਕਵਿਤਾ ਸੰਬੰਧਿਤ ਹੈ । ਉਸ ਬਿੰਬ ਨੂੰ ਬਾਵਾ ਬਲਵੰਤ ਜਿਸ ਸਯੋਗ ਕਲਪਨਾ ਨਾਲ ਉਸਾਰਦਾ ਹੈ ਉਹ ਇਸ ਕਵਿਤਾ ਵਿਚ ਸਭ ਤੋਂ ਵੱਧ ਕਾਵਿਕ ਹੈ :—

"ਮੀਟ ਕੇ ਅੱਖੀਆਂ, ਖੋਲ੍ਹ ਕੇ ਬਾਹਾਂ,
ਨਾਚ ਕਰੇ ਮਤਵਾਲਾ !
ਸ਼ੌਕ-ਅਲੱਸਤ, ਅਪਾਰ ਨੂਰ ਤੇ
ਪੀ ਕੇ ਮਸਤ-ਪਿਆਲਾ :
ਨਾਚ ਕਰੇ ਮਤਵਾਲਾ !" (ਮਹਾਂਨਾਚ, ਪੰਨਾ 45)

ਜਿਸ ਤਰ੍ਹਾਂ ਦਾ ਉਹ ਸ਼ਿਵ ਦਾ ਨਾਚ ਪੇਸ਼ ਕਰਦਾ ਹੈ ਉਸੇ ਕਿਸਮ ਦੀ ਉਹ ਸੰਗੀਤਕ ਤੇ ਨਾਚ ਸ਼ਬਦਾਵਲੀ ਨੂੰ ਤਲਾਸ਼ਣ ਦਾ ਯਤਨ ਕਰਦਾ ਹੈ । ਉਸ ਦੇ ਸ਼ਬਦ ਹਨ : 'ਨੌਬਤ-ਅਰਸ਼ ਵਜਾਏ ਕੋਈ', 'ਸੂਰਜ ਚੰਦ ਛਣਾ-ਛਣ ਛੈਣੇ', ਜਾਂ ਫਿਰ 'ਖੜਕ ਰਹੀ ਮਰਦੰਗ ਹਵਾ ਦੀ', 'ਬੋਲੇ ਮਧੁਰ ਸਿਤਾਰ ਨਿਸ਼ਾ ਦੀ', 'ਤਾਰੇ ਘੁੰਗਰੂ ਹਨ ਪੈਰਾਂ ਦੇ' ਜਾਂ 'ਵੱਜਣ ਤੁਰਮ ਮਹਾਂ-ਲਹਿਰਾਂ ਦੇ', 'ਜੀਵਨ-ਮੌਤ ਪਕੜ ਖੜਤਾਲਾਂ' । ਉਹ ਸੁਰ-ਰਾਗਾਂ ਦੇ ਨਾਨਾਂ ਰੂਪ ਨੂੰ ਪੇਸ਼ ਕਰਦਾ ਹੈ । ਇਉਂ ਬਾਵਾ ਬਲਵੰਤ ਸੰਗੀਤ ਅਤੇ ਨਾਚ ਦੀ ਇਕਸੁਰਤਾ ਵਿਚੋਂ ਇਸ ਕਵਿਤਾ ਦੇ ਬਿੰਬ ਨੂੰ ਬਣਾਉਂਦਾ ਹੈ ।

ਅੰਤਲੇ ਪਹਿਰੇ ਤਕ ਸ਼ਿਵ ਦੇ ਇਸ ਅਨੂਪਮ ਨਾਚ ਦਾ, ਉਸ ਦੀ ਮਸਤੀ ਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗੀਤ ਦਾ, ਬਿਆਨ ਹੈ, ਰੁੰਡ-ਮਾਲਾ ਦਾ ਬਿੰਬ ਹੈ। ਇਸ ਨਾਚ ਦੀ ਮੁਦਰਾ ਨੂੰ ਉਹ ਇਸ ਲਈ ਇੰਨਾਂ ਤੀਬਰ ਬਣਾਉਂਦਾ ਹੈ ਕਿਉਂਕਿ ਉਹ ਅੰਤਲੇ ਪਹਿਰੇ ਵਿਚ ਇਸ ਨਟਰਾਜ (ਸ਼ਿਵ) ਦੀ ਮੁਦਰਾ ਵਿਚੋਂ ਇਕ ਨਵਾਂ ਅਰਥ-ਤਲਾਸ਼ਦਾ ਹੈ। ਉਹ ਵਿਸ਼ਵ-ਕਲਾ ਦਾ ਇਸ ਨਾਚ ਨੂੰ ਅਸਲ ਕਹਿੰਦਾ ਹੈ। ਸ਼ਿਵ ਦਾ ਇਹ ਨਾਚ ਦੁਨੀਆਂ ਦੀ ਕਲਾ ਦਾ ਅਸਲ ਸਰੋਤ ਹੈ ਅਤੇ ਉਹ ਆਪ ਸ਼ਿਵ ਦੇ ਇਸ ਨਾਚ ਵਰਗਾ ਹੋਣਾ ਚਾਹੁੰਦਾ ਹੈ :—

''ਹੇ ਅਸਲੇ ਵਿਸ਼ਵ-ਕਲਾ ਦੇ,
ਤੱਤਾਂ ਦੀ ਅਲਖ ਮੁਕਾ ਦੇ !
ਮੈਨੂੰ ਵੀ ਨਾਚ ਬਣਾ ਦੇ।
ਜਾਂ ਮੈਂ ਸ਼ਿਵਜੀ ਹੋ ਜਾਵਾਂ,
ਨਾਚਾਂ ਵਿਚ ਉਮਰ ਬਿਤਾਵਾਂ !
ਨਾਚ ਹੈਂ ਅਸਲਾ, ਨਾਚ ਹੈ ਮਸਤੀ,
ਨਾਚ ਹੈ ਜੀਵਨ-ਸ਼ਾਲਾ—
ਨਾਚ ਹੈ ਸਰਵ ਉਜਾਲਾ !'' (ਮਹਾਂਨਾਚ, ਪੰਨਾ 47)

ਇਉਂ ਫਿਰ ਨਾਚ ਜੀਵਨ ਦੀ ਸ਼ਕਤੀ ਦਾ, ਕਲਾ ਦੀਆਂ ਵਿਧੀਆਂ ਦਾ, ਕਲਾ ਦੇ ਸਰੋਤਾਂ ਦਾ ਇਕ ਪ੍ਰਤੀਕ ਬਣ ਜਾਂਦਾ ਹੈ ਅਤੇ ਇਹ ਕਵਿਤਾ ਸ਼ਿਵ ਨਾਚ ਨੂੰ ਇਕੋ ਸਮੇਂ ਸੁਹਜ ਸ਼ਾਸਤਰੀ ਅਤੇ ਕਾਵਿ ਸ਼ਾਸਤਰੀ ਦ੍ਰਿਸ਼ਟੀ ਤੋਂ ਦੇਖਦੀ ਹੈ, ਕਿਉਂਕਿ ਸ਼ਿਵ ਨਾਚ ਸੁੰਨਤਾ ਵਿਚ ਇਕ ਨਵਾਂ ਜੀਵਨ ਛਿੜਕਦਾ ਹੈ ਅਤੇ ਸੁੰਨਯ ਵਿਚ ਜਿਸ ਜੀਵਨ ਨੂੰ ਇਹ ਨਾਚ ਧੜਕਾਉਂਦਾ ਹੈ ਜਾਂ ਥਰਕਨ ਪੈਦਾ ਕਰਦਾ ਹੈ, ਉਹ ਜੀਵਨ ਗਤੀਸ਼ੀਲਤਾ ਦਾ ਜੀਵਨ ਹੈ। ਇਉਂ ਬਾਵਾ ਬਲਵੰਤ ਆਪਣੀ ਕਵਿਤਾ ਵਿਚ ਜਿਹੜਾ ਸ਼ਕਤੀ ਦਾ, ਜ਼ਿੰਦਗੀ ਦਾ ਸੰਕਲਪ ਬਣਾ ਰਿਹਾ ਸੀ ਉਸ ਦਾ ਇਹ ਨਾਚ ਪ੍ਰਤੀਕ ਹੈ, ਪਰ ਨਾਲ ਹੀ ਭਾਰਤੀ ਪੌਰਾਣ ਨੂੰ ਬਹੁਤ ਗਿਆਨਵਾਨ ਵਿਧੀ ਨਾਲ ਆਪਣੀ ਕਵਿਤਾ ਵਿਚ ਜਿਵੇਂ ਬਾਵਾ ਬਲਵੰਤ ਰਚਾਉਂਦਾ ਹੈ, ਉਸ ਨੂੰ ਆਰੰਭ ਵਿਚ ਹੀ ਇਹ ਕਵਿਤਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਨਾਚ ਦੇ ਬਿੰਬ ਬਾਰੇ ਤਾਂ ਹੋਰ ਵੀ ਬਹੁਤ ਸਾਰੇ ਕਵੀਆਂ ਨੇ ਕਵਿਤਾਵਾਂ ਲਿਖੀਆਂ ਹਨ, ਡਬਲਿਊ. ਬੀ. ਯੇਟਸ ਦੀ ਕਵਿਤਾ 'ਸਵੀਟ ਡਾਂਸਰ' (Sweet Dancer[5]) ਡਾਂਸ ਦੇ ਬਿੰਬ ਨੂੰ ਸਭ ਤੋਂ ਖ਼ੂਬਸੂਰਤ ਢੰਗ ਨਾਲ ਪੇਸ਼ ਕਰਦੀ ਹੈ, ਪਰ ਬਾਵਾ ਬਲਵੰਤ ਨੇ ਜਿਵੇਂ ਮਿੱਥ 'ਚੋਂ ਕਲਾ-ਸਿਧਾਂਤ ਨੂੰ ਸਿਰਜਿਆ ਹੈ, ਉਹ ਧਿਆਨ ਯੋਗ ਹੈ।

ਫੇਰ ਪਾਰੋ ਨੇ ਕਿਹਾ :

''ਖੇਤ ਤੇਰੇ ਹੋਣ ਵਾਲੇ ਨੇ ਅਧੀਨ
ਦੇਸ ਤੇਰਾ ਹੋਣ ਵਾਲਾ ਏ ਗੁਲਾਮ
ਜਾਗ ਜੀਵਨ ਦੀ ਕਲਾ ਦੇ ਇੰਤਕਾਮ।'' (ਬੰਦਰਗਾਹ, ਪੰਨਾ 115)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕਵਿਤਾ ਵੀ ਬਾਵਾ ਬਲਵੰਤ ਦੀਆਂ ਕੁਝ ਪ੍ਰਸਿਧ ਕਵਿਤਾਵਾਂ ਵਿਚੋਂ ਇਕ ਹੈ ਕਿਉਂਕਿ ਇਹ ਕਵਿਤਾ ਵੀ ਬਾਵਾ ਬਲਵੰਤ ਦੀ ਕਾਵਿ-ਵਿਧੀ ਦੀਆਂ ਪ੍ਰਤੀਨਿਧ ਕਵਿਤਾਵਾਂ ਵਿਚੋਂ ਇਕ ਹੈ। ਇਹ ਵਿਧੀ ਪੁਰਾਕਥਾ ਦੇ ਪ੍ਰਯੋਗ ਨਾਲ ਸਬੰਧਤ ਹੈ। ਬਾਵਾ ਬਲਵੰਤ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਭਾਰਤੀ ਪੁਰਾਣ ਜਾਂ ਮਿੱਥ ਦੀ ਵਰਤੋਂ ਕਰਦਾ ਹੈ। ਉਹ ਨਿਰੋਲ ਉਸ ਮਿੱਥ ਬਾਰੇ ਕਵਿਤਾ ਨਹੀਂ ਲਿਖ ਰਿਹਾ ਹੁੰਦਾ ਸਗੋਂ ਉਸ ਦਾ ਰੂਪਾਂਤਰਣ (transformation) ਕਰ ਰਿਹਾ ਹੁੰਦਾ ਹੈ ਅਤੇ ਉਸ ਨਾਲ ਉਸ ਦੀ ਕਵਿਤਾ ਪ੍ਰਤੀਕਾਤਮਕ ਬਣ ਜਾਂਦੀ ਹੈ। 'ਸ਼ਿਵ ਨਾਚ' ਵਿਚ ਵੀ ਉਸ ਨੇ ਪੁਰਾਕਥਾ ਨੂੰ ਆਧਾਰ ਬਣਾਇਆ ਸੀ ਤੇ ਅੰਤ ਤੇ ਪ੍ਰਗਤੀਸ਼ੀਲ ਸਿਧਾਂਤ ਵੱਲ ਰੁਚਿਤ ਹੋਇਆ ਸੀ, ਇਥੇ ਉਹ ਆਰੰਭ ਤੋਂ ਹੀ ਪ੍ਰਗਤੀਵਾਦੀ ਚੇਤਨਾ ਨੂੰ ਪੁਰਾਕਥਾ ਦੇ ਰੂਪਾਂਤ੍ਰਣ ਨਾਲ ਇਕ ਮਿਕ ਕਰਦਾ ਹੈ। ਸ਼ਿਵ ਪਾਰਬਤੀ ਭਾਰਤੀ ਪੁਰਾਕਥਾ ਦੇ ਪ੍ਰਤੀਨਿਧ ਪਾਤਰ ਹਨ। ਸ਼ਿਵ ਮਨੁੱਖ ਹੈ, ਸ਼ਕਤੀ ਹੈ, ਪਾਰਬਤੀ ਪ੍ਰਕਿਰਤੀ ਹੈ। ਮਨੁੱਖ ਅਤੇ ਪ੍ਰਕਿਰਤੀ ਮਿਲ ਕੇ ਪੂਰਣ ਸ਼ਕਤੀ ਬਣਦੇ ਹਨ। ਸ਼ਿਵ ਪਾਰਬਤੀ ਦੀ ਪੁਰਾਕਥਾ ਦੇ ਪ੍ਰਤੀਕਾਤਮਕ ਅਰਥਾਂ ਨੂੰ ਉਘਾੜ ਕੇ ਭਵਿੱਖਮੁਖੀ ਬਣਾਇਆ ਗਿਆ ਹੈ। "ਪੁਰਾ ਕਥਾ ਵਿਚ ਹਰ ਯੁਗ ਦੀ ਬਦਲਦੀ ਨੁਹਾਰ ਸਮੇਂ ਦੀ ਇਕ ਸਦੀਵੀ ਸਚਾਈ ਆਪਣੀ ਨਵੀਂ ਵਿਆਖਿਆ ਕਰ ਰਹੀ ਜਾਪਦੀ ਹੈ। ਪੁਰਾ ਕਥਾਵਾਂ ਦੇ ਵਰਤਮਾਨ ਵਿਚ ਸਦਾ ਭਵਿੱਖ ਦੀ ਖ਼ਮੀਰ ਵਿਦਮਾਨ ਹੁੰਦੀ ਹੈ[4]।" ਇਸ ਪੁਰਾਕਥਾ ਦੀ ਪ੍ਰਤੀਕਾਤਮਕ ਸਮਰੱਥਾ ਬਾਰੇ ਪੁਸਤਕ ਦੇ ਅੰਤ ਤੇ ਨੋਟ ਦਿੱਤਾ ਹੈ[5]।

ਇਸ ਕਵਿਤਾ ਵਿਚ, ਸ਼ਿਵ ਆਪਣੀ ਭਗਤੀ ਵਿਚ ਲੀਨ ਹੈ ਪਰ ਪਾਰਬਤੀ ਸ਼ਿਵ ਨੂੰ ਜਗਾਉਂਦੀ ਹੈ ਕਿ ਜੇਕਰ ਉਹ ਇਸ ਤਰ੍ਹਾਂ ਭਗਤੀ ਵਿਚ ਹੀ ਲੀਨ ਰਿਹਾ ਜਾਂ ਨਿਸ਼ਕ੍ਰਿਅ ਰਿਹਾ ਤਾਂ ਫਿਰ ਕੋਈ ਪਰਿਵਰਤਨ ਜਾਂ ਕ੍ਰਾਂਤੀ ਨਹੀਂ ਆਉਣੀ ਅਤੇ ਪਰਿਵਰਤਨ ਜਾਂ ਕ੍ਰਾਂਤੀ ਲਈ ਤੀਜੀ ਅੱਖ ਦਾ ਖੁਲ੍ਹਣਾ ਜ਼ਰੂਰੀ ਹੈ, ਗਿਆਨ ਦਾ ਪੈਦਾ ਹੋਣਾ ਜ਼ਰੂਰੀ ਹੈ। ਉਹ ਤੀਜੀ ਅੱਖ ਖੋਲ੍ਹਣ ਲਈ ਕਹਿੰਦੀ ਹੈ :—

"ਆ ਰਹੀ ਏ ਇਕ ਗ਼ੁਲਾਮੀ ਦੀ ਭਿਆਨਕ ਕਾਲੀ ਰਾਤ,
ਜਾਗ ਮੇਰੇ ਸੋਮਨਾਥ !" (ਬੰਦਰਗਾਹ, ਪੰਨਾ 115)

ਅਤੇ ਫਿਰ ਸ਼ਿਵ ਜਾਗਦਾ ਹੈ, ਤੀਜੀ ਅੱਖ ਖੁਲ੍ਹਦੀ ਹੈ !

"ਹੋ ਗਿਆ ਨੱਚਦੀ ਸਚਾਈ ਦਾ ਅਸਰ,
ਅੱਖ ਨਟ-ਨਾਇਕ ਦੀ ਖੁਲ੍ਹੀ ਤੀਸਰੀ,
ਤੀਸਰੀ ਮੱਥੇ ਦੀ ਅੱਖ।" (ਬੰਦਰਗਾਹ, ਪੰਨਾ 117)

ਅਤੇ ਇਉਂ ਸ਼ਿਵ ਦੇ ਜਾਗਣ ਦਾ ਜਾਂ ਤੀਜੀ ਅੱਖ ਖੁਲ੍ਹਣ ਦੇ ਪ੍ਰਤੀਕ ਨੂੰ ਇਹ ਕਵਿਤਾ ਆਪਣਾ ਮਾਧਿਅਮ ਬਣਾਉਂਦੀ ਹੈ। ਪਰ ਜਿਵੇਂ ਅਸੀਂ ਕਿਹਾ ਹੈ ਕਿ ਇਹ ਕਵਿਤਾ ਸਿਰਫ਼ ਉਸ ਮਿਥ ਬਾਰੇ ਨਹੀਂ ਸਗੋਂ ਇਹ ਕਵਿਤਾ ਪ੍ਰਗਤੀਵਾਦੀ ਦ੍ਰਿਸ਼ਟੀਕੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਲਿਖੀ ਗਈ ਹੈ। ਇਸ ਲਈ ਸ਼ਿਵ ਨੂੰ ਪ੍ਰਤੀਕ ਬਣਾਇਆ ਗਿਆ ਹੈ ਲੋਕਾਂ ਦਾ, ਜਨਤਾ ਦਾ, ਪ੍ਰਗਤੀਵਾਦੀ ਦੀ ਕਲਾ ਦਾ, ਅਤੇ ਪਾਰਬਤੀ ਚੇਤੰਨਤਾ ਦੀ ਪ੍ਰਤੀਕ ਹੈ ਜਿਹੜੀ ਲੋਕਾਂ ਨੂੰ ਜਾਗ੍ਰਤ ਹੋਣ ਲਈ ਕਹਿ ਰਹੀ ਹੈ। ਤੀਸਰੀ ਅੱਖ ਦਾ ਖੁਲ੍ਹਣਾ ਇਨਕਲਾਬ ਦਾ ਪ੍ਰਤੀਕ ਹੈ ਅਤੇ ਲੋਕ ਇਸ ਇਨਕਲਾਬ ਨੂੰ ਸਮਝਣ। ਜੇਕਰ ਉਨ੍ਹਾਂ ਨੇ ਜਾਗਣ ਵਿਚ ਦੇਰ ਕਰ ਦਿਤੀ ਤਾਂ ਉਨ੍ਹਾਂ ਦੇ ਖੇਤ ਗੁਲਾਮ ਹੋ ਜਾਣਗੇ :—

> ''ਖੇਤ ਤੇਰੇ ਹੋਣ ਵਾਲੇ ਨੇ ਅਧੀਨ,
> ਦੇਸ਼ ਤੇਰਾ ਹੋਣ ਵਾਲਾ ਏ ਗੁਲਾਮ,
> ਜਾਗ ਜੀਵਨ ਦੀ ਕਲਾ ਦੇ ਇੰਤਕਾਮ !'' (ਬੰਦਰਗਾਹ, ਪੰਨਾ 116)

ਪੂੰਜੀਵਾਦ ਜਾਂ ਸਾਮਰਾਜਵਾਦ ਜਿਸ ਤਰ੍ਹਾਂ ਲੋਕਾਂ ਨੂੰ ਗੁਲਾਮ ਬਣਾਉਂਦਾ ਹੈ ਉਸ ਬਾਰੇ ਇਹ ਕਵਿਤਾ ਚੇਤੰਨ ਕਰਦੀ ਹੈ। ਮਾਰਕਸ ਅਨੁਸਾਰ ਸਮਾਜ ਵਿਚ ਵਿਸ਼ਮਤਾ ਦਾ ਕਾਰਣ ਜੀਵਨ ਦੀਆਂ ਜ਼ਰੂਰੀ ਵਸਤਾਂ ਦੇ ਉਤਪਾਦਨ ਤੇ ਕੁਝ ਪੂੰਜੀਪਤੀਆਂ ਦਾ ਅਧਿਕਾਰ ਹੈ। ਇਸ ਨੇ ਸਮਾਜ ਨੂੰ ਦੋ ਭਾਗਾਂ ਵਿਚ ਵੰਡ ਦਿਤਾ ਹੈ ਸੋਸ਼ਿਕ ਅਤੇ ਸੋਸ਼ਿਤ। ਅਤੇ ਇਨ੍ਹਾਂ ਦੋਹਾਂ ਵਿਚ ਵਰਗ ਸੰਘਰਸ਼ ਚਾਲੂ ਹੈ। ਅਤੇ ਇਹ ਸੰਘਰਸ਼ ਤਾਂ ਹੀ ਖ਼ਤਮ ਹੋਵੇਗਾ ਜੇਕਰ ਆਰਥਿਕ ਵਿਵਸਥਾ ਸਮਾਜਿਕ ਢੰਗ ਦੀ ਹੋਵੇ। ਇਹ ਤਾਂ ਹੀ ਸੰਭਵ ਹੈ ਜੇਕਰ ਪੂੰਜੀਵਾਦ ਨੂੰ ਖ਼ਤਮ ਕਰਕੇ ਮਿਹਨਤੀਆਂ ਤੇ ਕਿਸਾਨਾਂ ਦੇ ਹੱਥ ਵਿਚ ਉਤਪਾਦਨ ਸ਼ਕਤੀਆਂ, ਕਲ ਕਾਰਖ਼ਾਨੇ ਆਉਣ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਉਚਿਤ ਲਾਭ, ਹੋਰ ਮੁੱਲ ਮਿਲੇ। ਇਹ ਕੰਮ ਕੇਵਲ ਕ੍ਰਾਂਤੀ ਦੇ ਮਾਧਿਅਮ ਨਾਲ ਹੀ ਸੰਭਵ ਹੈ। ਅਤੇ ਇਹ ਕੰਮ ਤਦ ਹੀ ਹੋਵੇਗਾ ਜਦ ਸਮਾਜ ਵਿਚ ਵਰਗ ਚੇਤਨਾ ਦੀ ਜਾਗ੍ਰਤੀ ਦਾ ਕੰਮ ਜ਼ੋਰਾਂ ਨਾਲ ਕੀਤਾ ਜਾਏ।''[6] ਕਿਉਂਕਿ ਪੂੰਜੀਵਾਦ ਨੂੰ ਇਨਕਲਾਬ ਹੀ ਰੋਕ ਸਕਦਾ ਹੈ। ਇਹ ਕਵਿਤਾ ਸਿਰਫ਼ ਇਨਕਲਾਬ ਬਾਰੇ ਹੀ ਨਹੀਂ ਹੈ ਸਗੋਂ ਸਾਹਿਤ ਅਤੇ ਲੋਕਾਂ ਦੀ ਸ਼ਕਤੀ ਬਾਰੇ ਵੀ ਹੈ ਕਿਉਂਕਿ ਇਨ੍ਹਾਂ ਨੂੰ, ਮਿਲਾ ਕੇ ਹੀ ਇਨਕਲਾਬੀ ਲੋਕਾਂ ਦਾ ਸੰਕਲਪ ਬਣਾਇਆ ਜਾ ਸਕਦਾ ਹੈ। ਇਨ੍ਹਾਂ ਦੀ ਜਾਗ੍ਰਤਾ ਹੀ ਤੀਜੀ ਅੱਖ ਦਾ ਖੁਲ੍ਹਣਾ ਹੈ। ਜੇਕਰ ਇਹ ਤੀਜੀ ਅੱਖ ਖੁਲ੍ਹੀ ਰਹੇ, ਇਨ੍ਹਾਂ ਨੂੰ ਗਿਆਨ ਰਹੇ ਤਾਂ ਫਿਰ ਉਨ੍ਹਾਂ ਨੂੰ ਕੋਈ ਗੁਲਾਮ ਨਹੀਂ ਬਣਾ ਸਕਦਾ।

ਇਉਂ ਬਾਵਾ ਬਲਵੰਤ ਪੁਰਾਕਥਾ ਤੋਂ ਪ੍ਰਗਤੀਵਾਦ ਤਕ ਪਹੁੰਚਦਾ ਹੈ। ਮਿੱਥ ਦਾ ਪ੍ਰਤੀਕਾਂਤ੍ਰਣ ਜਾਂ ਰੂਪਾਂਤ੍ਰਣ ਕਰਦਾ ਹੈ। ਇਉਂ ਬਾਵਾ ਬਲਵੰਤ ਅਜਿਹਾ ਪ੍ਰਗਤੀਵਾਦੀ ਕਵੀ ਹੈ ਜੋ ਸਾਡੇ ਆਪਣੇ ਮਿਥਿਹਾਸ ਅਤੇ ਇਤਿਹਾਸ ਦੇ ਖ਼ਜ਼ਾਨੇ ਫਰੋਲਦਾ ਹੈ। ਉਸ ਵਿਚ ਇਕ ਰਾਸ਼ਟਰਵਾਦੀ ਬਿਰਤੀ ਵੀ ਹੈ ਇਸ ਕਰਕੇ ਉਹ ਇਤਿਹਾਸ ਮਿਥਿਹਾਸ ਨੂੰ ਅਖੋਂ ਓਹਲੇ ਨਹੀਂ ਕਰਦਾ। ਉਸ ਦੇ ਸਾਹਮਣੇ ਇਕ ਪ੍ਰਸ਼ਨ ਹੈ ਕਿ ਕੀ ਸਾਡੀ ਪਰੰਪਰਾ ਪੌਰਾਣ ਵਿਚੋਂ ਵੀ ਕੋਈ ਗੱਲ ਪੈਦਾ ਹੋ ਸਕਦੀ ਹੈ ਕਿ ਨਹੀਂ ? ਸਾਡਾ ਅਚੇਤ ਸਾਡੇ ਆਪਣੇ ਇਤਿਹਾਸ ਤੇ ਮਿਥਿਹਾਸ ਨਾਲ ਜੁੜਿਆ ਹੋਇਆ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਉਸ ਨੂੰ ਦੁਬਾਰਾ ਵਾਚਦਾ ਹੈ, ਉਸ ਦੇ ਪੁਨਰ ਅਰਥ ਕਰਨ ਦਾ ਯਤਨ ਕਰਦਾ ਹੈ, ਉਹ ਗੰਗਾ, ਤਪੱਸਿਆ, ਹਿਮਾਲਾ, ਜੁਆਲਾਮੁਖੀ ਤੇ ਹੋਰ ਰਾਸ਼ਟਰੀ ਸਰੋਤਾਂ ਤੇ ਪ੍ਰਤੀਕਾਂ ਵੱਲ ਸੰਕੇਤ ਕਰਦਾ ਹੈ :—

1. ਤੇਰੇ ਜਾਗਣ ਤੇ ਹੈ ਗੰਗਾ ਨੂੰ ਖ਼ੁਸ਼ੀ,
ਹੈ ਮਕਾਨਾਂ ਦੀ ਬਹਾਰ ਆਪਣੀ ਬਹਾਰ (ਪੰਨਾ 115)
... ...

2. ਬਰਫ਼ ਹੋ ਜਾਵਣਗੇ ਸਭ ਤੇਰੇ ਖ਼ਿਆਲ,
ਗ਼ਰਕ ਜਾਵੇਗੀ ਹਿਮਾਲਾ ਦੀ ਬਲੰਦੀ ਐਬ ਵਿਚ, (ਪੰਨਾ 116)
... ...

3. ਪਸਤੀਆਂ ਦੇ ਫਰਸ਼ ਤੇ ਆਏ ਭੂਚਾਲ;
ਜਿਸਮ ਦੇ ਜਵਾਲਾਮੁਖੀ 'ਚੋਂ ਖ਼ੂਨ ਦਾ ਲਾਵਾ ਵਗੇ, (ਪੰਨਾ 117)

ਇਸ ਕਵਿਤਾ ਦੀ ਸਾਰੀ ਸ਼ਬਦਾਵਲੀ ਉਸ ਪਰੰਪਰਾ ਵਿਚੋਂ ਪੈਦਾ ਹੁੰਦੀ ਹੈ ਪਰੰਤੂ ਉਸ ਪਰੰਪਰਾ ਤਕ ਉਹ ਸੀਮਿਤ ਨਹੀਂ ਰਹਿੰਦੀ ਸਗੋਂ ਉਸ ਸ਼ਬਦਾਵਲੀ ਵਿਚੋਂ ਉਹ ਨਵੇਂ ਅਰਥ ਪੈਦਾ ਕਰਦਾ ਹੈ । ਇਉਂ ਇਹ ਕਵਿਤਾ ਪਰੰਪਰਕ ਕਵਿਤਾ ਨਹੀਂ ਰਹਿ ਜਾਂਦੀ ਸਗੋਂ ਇਕ ਨਵੀਨ ਕਵਿਤਾ ਬਣ ਜਾਂਦੀ ਹੈ । ਪ੍ਰਗਤੀਵਾਦੀ ਕਵਿਤਾ ਵਿਚ ਢਲ ਜਾਂਦੀ ਹੈ ਕਵੀ ਦੀ ਦ੍ਰਿਸ਼ਟੀ ਦਾ ਧਿਆਨ ਪ੍ਰਗਤੀਵਾਦੀ ਵਿਚਾਰਧਾਰਾ ਵੱਲ ਰਹਿੰਦਾ ਹੈ ।

ਉਹ ਮਾਰਕਸਵਾਦੀ ਵਿਚਾਰਧਾਰਾ ਨੂੰ ਸਿੱਧੇ ਤੌਰ 'ਤੇ ਪੇਸ਼ ਨਹੀਂ ਕਰਦਾ ਸਗੋਂ ਉਸ ਨੇ ਪਾਰੋ ਨੂੰ ਭਾਵ ਪਾਰਵਤੀ ਨੂੰ ਜਾਂ ਬਾਕੀ ਪ੍ਰਤੀਕਾਂ ਨੂੰ ਉਸ ਦਾ ਮਾਧਿਅਮ ਬਣਾਇਆ ਹੈ ਅਤੇ ਇਸ ਮਾਧਿਅਮ ਕਰਕੇ, ਰੂਪਾਂਤਰਣ ਕਰਕੇ ਇਹ ਕਵਿਤਾ ਉਸ ਦੀ ਪ੍ਰਭਾਵਸ਼ਾਲੀ ਕਵਿਤਾ ਬਣ ਜਾਂਦੀ ਹੈ । ਬਾਵਾ ਬਲਵੰਤ ਇਹ ਨਾਟਕੀ ਕਿਸਮ ਦੀ ਵਿਧੀ ਬਣਾਉਂਦਾ ਹੈ । ਪਾਰੋ ਸ਼ਿਵ ਨੂੰ ਸੰਬੋਧਨ ਕਰ ਰਹੀ ਹੈ ਅਤੇ ਇਕ ਖ਼ਾਸ ਸਮੇਂ ਸੰਬੋਧਨ ਕਰਦੀ ਹੈ ਜਦੋਂ ਉਹ ਭਗਤੀ ਵਿਚ ਲੀਨ ਹੈ :—

"ਆ ਰਹੀ ਏ ਇਕ ਗੁਲਾਮੀ ਦੀ ਭਿਆਨਕ ਕਾਲੀ ਰਾਤ,
ਜਾਗ ਮੇਰੇ ਸੋਮਨਾਥ !" (ਬੰਦਰਗਾਹ, ਪੰਨਾ 115)

ਅਤੇ ਫਿਰ ਸ਼ਿਵ ਜਾਗ੍ਰਤ ਹੋਣ ਬਾਅਦ ਪਾਰੋ ਨੂੰ ਸੰਬੋਧਨ ਕਰਦਾ ਹੈ ਉਸ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੁੰਦਾ ਹੈ :—

"ਫੇਰ ਸ਼ਿਵ ਨੇ ਆਪ ਪਾਰੋ ਨੂੰ ਕਿਹਾ !
ਤੂੰ ਜਗਾਇਆ ਮੈਨੂੰ ਕਾਲੇ ਸੁਪਨ ਤੋਂ,
ਅਸਲੀਅਤ ਦਾ ਤੂੰ ਵਿਖਾਇਆ ਅੱਜ ਰਾਹ,
ਔਰਤ ਇਕ ਔਰਤ ਵੀ ਏ, ਸ਼ਕਤੀ ਵੀ ਏ
ਜਗਤ ਕਲਿਆਣੀ ਵੀ ਏ ।" (ਬੰਦਰਗਾਹ, ਪੰਨਾ 119)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਇਸ ਨਾਟਕੀ ਵਿਧੀ ਵਿਚ ਇਹ ਕਵਿਤਾ ਮਿਥਿਕ-ਚੇਤਨਾ ਤੋਂ ਪ੍ਰਗਤੀਵਾਦੀ-ਚੇਤਨਾ ਤਕ ਦੀ ਯਾਤਰਾ ਹੈ । ਇਸ ਪੱਖ ਬਾਰੇ ਹੋਰ ਚਰਚਾ ਅਸੀਂ ਅਗਲੇ ਅਧਿਆਇ ਵਿਚ ਵੀ ਕਰਾਂਗੇ ।

ਟ੍ਰਾਟਸਕੀ :

"ਤੇਰੇ ਦਿਨ ਉਜਾਗਰ, ਤੇਰੀ ਰਾਤ ਜਾਗੀ,
ਤੂੰ ਬਾਗ਼ੀ, ਤੇਰੇ ਪੈਰ ਦੇ ਚਿੰਨ੍ਹ ਬਾਗ਼ੀ ।
ਤੂੰ ਉਸ ਨਾਮ ਤੋਂ ਬਿਨ ਮਸਾਲੇ ਤੋਂ ਬਣਿਆ,
ਉਹ ਜਿਸ ਨੇ ਖ਼ੁਦਾ ਨੂੰ ਤੇ ਸ਼ਕਤੀ ਨੂੰ ਜਣਿਆ ।"

(ਜਵਾਲਾਮੁਖੀ, ਪੰਨਾ 24)

ਬਾਵਾ ਬਲਵੰਤ ਦੀ ਕਵਿਤਾ ਦੀ ਸਮੀਖਿਆ ਲਈ ਜਿਹੜੀਆਂ ਕਵਿਤਾਵਾਂ ਅਸੀਂ ਚੁਣੀਆਂ ਹਨ ਉਨ੍ਹਾਂ ਵਿਚ ਇਹ ਕਵਿਤਾ ਇਸ ਲਈ ਚੁਣੀ ਹੈ ਕਿਉਂਕਿ ਬਾਵਾ ਬਲਵੰਤ ਇਕ ਚਰਚਿਤ ਪ੍ਰਗਤੀਵਾਦੀ ਕਵੀ ਹੈ ਅਤੇ ਉਹ ਕਿਸ ਤਰ੍ਹਾਂ ਦਾ ਪ੍ਰਗਤੀਵਾਦੀ ਕਵੀ ਹੈ ਇਸ ਗੱਲ ਦਾ ਪੂਰਣ ਤੌਰ 'ਤੇ ਨਿਰਣਾ ਤਾਂ ਹੀ ਹੋ ਸਕਦਾ ਹੈ ਜੇਕਰ ਉਸ ਦੀ ਇਹ ਕਵਿਤਾ ਸਮਝੀ ਜਾਵੇ । ਜਿਹੜੇ ਸਾਹਿਤਕਾਰਾਂ ਦੀ ਮਾਰਕਸਵਾਦ ਜਾਂ ਪ੍ਰਗਤੀਵਾਦ ਨਾਲ ਪ੍ਰਤੀਬੱਧਤਾ ਰਹੀ ਹੈ ਉਨ੍ਹਾਂ ਵਿਚ ਟ੍ਰਾਟਸਕੀ ਬਾਰੇ ਖ਼ਾਸ ਵਾਦ ਵਿਵਾਦ ਰਿਹਾ ਹੈ, ਕਿਉਂਕਿ ਲੈਨਿਨ-ਪੱਖੀ ਪ੍ਰਗਤੀਵਾਦੀਆਂ ਨੇ ਟ੍ਰਾਟਸਕੀ ਨੂੰ ਨਿੰਦਿਆ ਹੈ ਜਾਂ ਉਸ ਦੀ ਆਲੋਚਨਾ ਕੀਤੀ ਹੈ ਅਤੇ ਜਿਹੜੇ ਟ੍ਰਾਟਸਕੀ ਦਾ ਪੱਖ ਲੈਂਦੇ ਰਹੇ ਹਨ ਉਨ੍ਹਾਂ ਬਾਰੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਉਹ ਪ੍ਰਗਤੀਵਾਦੀ ਹੀ ਨਹੀਂ ਹਨ । ਬਾਵਾ ਬਲਵੰਤ ਬਾਰੇ ਇਹ ਕਵਿਤਾ ਸਪਸ਼ਟ ਕਰ ਦਿੰਦੀ ਹੈ ਕਿ ਉਹ ਅਜਿਹਾ ਪ੍ਰਗਤੀਵਾਦੀ ਕਵੀ ਹੈ ਜਿਸ ਦੇ ਚਿੰਤਨ ਤੇ ਟ੍ਰਾਟਸਕੀ ਦੇ ਵਿਚਾਰਾਂ ਦਾ ਬੜਾ ਡੂੰਘਾ ਪ੍ਰਭਾਵ ਪਿਆ ਹੈ । ਟ੍ਰਾਟਸਕੀ ਦੇ ਜੀਵਨ ਅਤੇ ਚਿੰਤਨ ਬਾਰੇ ਆਪਣੇ ਦ੍ਰਿਸ਼ਟੀਕੋਣ ਦਾ ਉਲੇਖ ਬਾਵਾ ਬਲਵੰਤ ਨੇ ਆਪਣੀ ਕਵਿਤਾ ਦੇ ਆਰੰਭ ਵਿਚ ਹੀ ਕੀਤਾ ਹੈ :—

"ਟ੍ਰਾਟਸਕੀ (ਜਨਮ 1877 ਤੇ ਮੌਤ 1940) ਰੂਸ ਦਾ ਜ਼ਬਰਦਸਤ ਜੁਗ ਪਲਟਾਊ ਲੀਡਰ ਸੀ । ਆਪਣੇ ਸਮੇਂ ਲੈਨਿਨ ਦਾ ਸੱਜਾ ਹੱਥ ਮੰਨਿਆ ਜਾਂਦਾ ਰਿਹਾ ਹੈ । ਇਹ ਲਾਲ ਫੌਜਾਂ ਦਾ ਸਭ ਤੋਂ ਵੱਡਾ ਸਰਦਾਰ ਰਿਹਾ ਸੀ । ਸਿਧਾਂਤਾਂ ਕੋਲੋਂ ਬਹੁਤ ਅਮਲ ਤੇ ਭਰੋਸਾ ਰਖਦਾ ਸੀ । ਬੜਾ ਧੜੱਲੇਦਾਰ ਇਨਕਲਾਬੀ ਲਿਖਾਰੀ ਸੀ । ਇਸ ਦਾ ਜੀਵਨ ਬੜੀ ਕਸ਼ਮਕਸ਼ ਵਿਚ ਬੀਤਿਆ । ਖ਼ਿਆਲਾਂ ਦੀ ਮੁਖ਼ਾਲਫ਼ਤ ਹੋਣ ਕਰਕੇ ਇਸ ਨੂੰ ਰੂਸੋਂ ਬਾਹਰ ਕਢਿਆ ਗਿਆ ਪਰ ਕਿਸੇ ਵੀ ਹਕੂਮਤ ਨੇ ਇਸ ਨੂੰ ਇਸ ਦੇ ਖ਼ਿਆਲਾਂ ਨੂੰ ਨਾ ਝੱਲਿਆ । ਇਸ ਦੇ ਜੀਵਨ ਤੇ ਵਿਰੋਧੀਆਂ ਨੇ ਕਈ ਹਮਲੇ ਕੀਤੇ । ਇਸ ਦਾ ਇਕ ਪੁੱਤਰ ਰੂਸ ਤੇ ਦੂਜਾ ਫਰਾਂਸ ਵਿਚ ਮੌਤ ਦੇ ਘਾਟ ਉਤਾਰਿਆ ਗਿਆ । ਇਸ ਦੀ ਹੋਣਹਾਰ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਅਹਿਸਾਸ ਵਾਲੀ ਧੀ ਰੋਜ਼ ਦੀਆਂ ਤੰਗੀਆਂ ਤੋਂ ਅੱਕ ਕੇ ਖ਼ੁਦਕਸ਼ੀ ਕਰ ਗਈ। ਪਰ ਇਹ ਸੂਰਬੀਰ ਦੁਨੀਆਂ ਦੀ ਬਿਹਤਰੀ ਦਾ ਸੰਗ੍ਰਾਮ ਇਕੱਲਾ ਤੇ ਨਿਹੱਥਾ ਲੜਦਾ ਰਿਹਾ। ਅੰਤਲਾ ਹਮਲਾ ਮੈਕਸੀਕੋ ਵਿਚ ਹੋਇਆ ਜਿਸ ਤੋਂ ਇਹ ਬਚ ਨ ਸਕਿਆ।''[7]

ਟ੍ਰਾਟਸਕੀ ਨੇ 1902 ਵਿਚ ਆਪਣੇ ਕ੍ਰਾਂਤੀਕਾਰੀ ਜੀਵਨ ਦੀ ਸ਼ੁਰੂਆਤ ਕੀਤੀ ਅਤੇ ਲੈਨਿਨ ਨਾਲ ਰੂਸੀ ਸੋਸ਼ਲ ਡੈਮੋਕਰੇਟ ਵਰਕਿੰਗ ਪਾਰਟੀ ਵਿਚ ਸ਼ਾਮਲ ਹੋਇਆ। 1906 ਵਿਚ ਟ੍ਰਾਟਸਕੀ ਨੂੰ ਫੜ ਲਿਆ ਗਿਆ ਜਿਥੇ ਉਸ ਨੇ ਜੇਲ੍ਹ ਵਿਚ ਰਹਿ ਕੇ 'Rcsults and Prospects' ਲਿਖੀ ਅਤੇ ਉਸ ਨੇ ਸਦੀਵੀ ਇਨਕਲਾਬ (Permanent Revolution) ਦਾ ਸਿਧਾਂਤ ਦਿਤਾ ਤੇ ਇਕ ਤ੍ਰਾਸਦਿਕ ਨਾਇਕ ਵਾਂਗ ਇਸ ਸਿਧਾਂਤ ਲਈ ਡਟਿਆ :—

> "Trotsky comes close to the archetype of the tragic hero ultimately destroyed by the consequences of the steps he accepted in his pursuit of revolutionary greatness."[8]

ਕਿਸੇ ਵੀ ਸਮਾਜਵਾਦੀ ਦੇਸ਼ ਨੇ ਉਸ ਦੇ ਖ਼ਿਆਲਾਂ ਨੂੰ ਵਿਹਾਰਕ ਪੱਧਰ ਤੇ ਸਵੀਕਾਰ ਨਾ ਕੀਤਾ। ਫਿਰ ਵੀ ਟ੍ਰਾਟਸਕੀ ਸਦੀਵੀ ਕ੍ਰਾਂਤੀ (Permanent revolution) ਵਿਚ ਵਿਸ਼ਵਾਸ ਰਖਦਾ ਰਿਹਾ। ਉਸ ਦੇ ਵਿਚਾਰ ਅਨੁਸਾਰ ਵਰਤਮਾਨ ਸਮਾਜਕ ਢਾਂਚੇ ਨੂੰ ਕ੍ਰਾਂਤੀ ਰਾਹੀਂ ਹੀ ਬਦਲਿਆ ਜਾ ਸਕਦਾ ਹੈ। ਸਟਾਲਿਨ ਅਤੇ ਲੈਨਿਨ ਨੇ ਵੀ ਇਸ ਦੇ ਵਿਚਾਰਾਂ ਦਾ ਵਿਰੋਧ ਕੀਤਾ। ਪਰ ਟ੍ਰਾਟਸਕੀ ਆਪਣੇ ਵਿਚਾਰਾਂ ਤੋਂ ਕਦੇ ਪਰ੍ਹੇ ਨਾ ਹਟਿਆ।

ਪਰ ਇਸ ਕਵਿਤਾ ਵਿਚ ਬਾਵਾ ਬਲਵੰਤ ਟ੍ਰਾਟਸਕੀ ਨੂੰ ਇਕ ਬਾਗ਼ੀ ਦੇ ਤੌਰ ਤੇ ਸ਼ਰਧਾਂਜਲੀ ਪੇਸ਼ ਕਰਦਾ ਹੈ :—

> "ਤੇਰੇ ਦਿਨ ਉਜਾਗਰ ਤੇਰੀ ਰਾਤ ਜਾਗੀ
> ਤੂੰ ਬਾਗ਼ੀ ਤੇਰੇ ਪੈਰ ਦੇ ਚਿੰਨ੍ਹ ਬਾਗੀ।'' (ਜੁਆਲਾਮੁਖੀ, ਪੰਨਾ 24)

ਬਾਵਾ ਬਲਵੰਤ ਟ੍ਰਾਟਸਕੀ ਦਾ ਇਤਨਾ ਸ਼ਰਧਾਲੂ ਹੈ ਕਿ ਜਿੰਨੇ ਵੀ ਉਸ ਨੂੰ ਟ੍ਰਾਟਸਕੀ ਲਈ ਵਿਸ਼ੇਸ਼ਣ ਲਭਦੇ ਹਨ ਉਹ ਵੱਧ ਤੋਂ ਵੱਧ ਇਸਤੇਮਾਲ ਕਰਦਾ ਹੈ। ਇਹ ਸਾਰੀ ਕਵਿਤਾ ਵਿਸ਼ੇਸਣੀ-ਭਾਸ਼ਾ ਵਿਚ ਲਿਖੀ ਗਈ ਹੈ। ਇਸ ਨੂੰ ਅਸੀਂ ਨਿਰੋਲ ਵਿਸ਼ੇਸ਼ਣ ਮੁਖੀ ਕਵਿਤਾ ਕਹਿ ਸਕਦੇ ਹਾਂ। ਬਾਵਾ ਬਲਵੰਤ ਟ੍ਰਾਟਸਕੀ ਲਈ 'ਤੀਖਣ ਜਵਾਲਾ', ਅਗਮ ਨਾਚ, 'ਦੈਵੀ ਅਗਨ ਯੋਗ', 'ਚਮਕਦਾ ਸਿਤਾਰਾ', 'ਤੂਫ਼ਾਨਾਂ ਦਾ ਮੰਬਾ', 'ਭੂਚਾਲਾਂ ਦਾ ਸੋਤਾ', 'ਸੋਮਾਂ ਲਹੂ ਦਾ', 'ਬਿਜਲੀਆਂ ਦਾ ਦਰਿਆ', 'ਨਵੇਂ ਯੁਗ ਦਾ ਬਾਨੀ', 'ਪ੍ਰਚੰਡ ਜਵਾਲਾ' ਆਦਿ ਵਿਸ਼ੇਸ਼ਣ ਵਰਤਦਾ ਹੈ। ਬਾਵ -

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲਵੰਤ ਟ੍ਰਾਟਸਕੀ ਦਾ ਇਤਨਾ ਸ਼ਰਧਾਲੂ ਹੈ ਕਿ ਉਹ ਮਹਾਂਬੀਰ, ਰੁਸਤਮ, ਸਿਕੰਦਰ ਅਤੇ ਨੈਪੋਲੀਅਨ ਨੂੰ ਵੀ ਉਸ ਦੇ ਸਾਹਮਣੇ ਛੋਟੇ ਗਿਣਦਾ ਹੈ :—

"ਮਹਾਂਬੀਰ, ਰੁਸਤਮ ਤੇਰੇ ਸਾਹਮਣੇ ਕੀ ?
ਸਿਕੰਦਰ ਤੇ ਨੈਪੋਲੀਅਨ ਵੀ ਨੇ ਮਿੱਟੀ ।" (ਜੁਆਲਾ ਮੁਖੀ,ਪੰਨਾ 24)

ਟ੍ਰਾਟਸਕੀ ਬਾਰੇ ਰੂਸ ਵਿਚ ਮਾਰਕਸਵਾਦੀਆਂ ਦਾ ਜਿਹੜਾ ਵਿਰੋਧੀ ਦ੍ਰਿਸ਼ਟੀਕੋਣ ਸੀ ਬਾਵਾ ਬਲਵੰਤ ਉਸ ਨੂੰ ਨਿੰਦਦਾ ਹੈ । ਪਰ ਟ੍ਰਾਟਸਕੀ ਦਾ ਚਿੰਤਨ ਕੀ ਹੈ; ਉਸ ਦੇ ਵਿਚਾਰ ਕੀ ਹਨ, ਉਸ ਦਾ ਦ੍ਰਿਸ਼ਟੀਕੋਣ ਕੀ ਹੈ ? ਬਾਵਾ ਬਲਵੰਤ ਉਸ ਬਾਰੇ ਆਪਣੀ ਕਵਿਤਾ ਵਿਚ ਗੱਲ ਨਹੀਂ ਕਰਦਾ ਕਿਉਂ ਕਿ ਇਹ ਕਵਿਤਾ ਕੁਝ ਵਿਚਾਰਧਾਰਕ ਮਸਲਿਆਂ ਨਾਲ ਸਬੰਧਤ ਹੈ, ਇਸ ਲਈ ਚਾਹੀਦਾ ਤਾਂ ਸੀ ਕਿ ਬਾਵਾ ਬਲਵੰਤ ਇਨ੍ਹਾਂ ਗੱਲਾਂ ਦਾ ਆਪਣੀ ਕਵਿਤਾ ਵਿਚ ਜਿਕਰ ਕਰਦਾ ਪਰੰਤੂ ਉਹ ਤਾਂ ਟ੍ਰਾਟਸਕੀ ਨੂੰ ਕੇਵਲ ਆਪਣੀ ਸ਼ਰਧਾਂਜਲੀ ਪੇਸ਼ ਕਰ ਰਿਹਾ ਹੈ, ਇਸ ਕਰ ਕੇ ਉਹ ਕੇਵਲ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਹੀ ਗੱਲ ਕਰਦਾ ਹੈ । ਇਸ ਦ੍ਰਿਸ਼ਟੀਕੋਣ ਦਾ ਲਛਣ ਹੀ ਇਹ ਹੈ ਕਿ ਉਹ ਸਾਡੀ ਸਾਂਝ ਭਾਵੁਕਤਾ ਨਾਲ ਜੋੜਦਾ ਹੈ ਤਾਰਕਿਕਤਾ ਨਾਲ ਨਹੀਂ । ਬਾਵਾ ਬਲਵੰਤ ਟ੍ਰਾਟਸਕੀ ਨੂੰ ਇਕ ਬਾਗ਼ੀ ਪੈਗ਼ੰਬਰ ਦੇ ਤੌਰ ਤੇ ਯਾਦ ਕਰਦਾ ਹੈ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਪ੍ਰੇਰਤ ਹੋ ਉਸ ਨੂੰ ਆਪਣੇ ਦੇਸ਼ ਵਿਚ ਪੈਦਾ ਹੋਣ ਲਈ ਕਹਿੰਦਾ ਹੈ :—

"ਤੂੰ ਬੇਦਾਰ ਜੀਵਨ, ਤੂੰ ਪੂਰਨ ਆਜ਼ਾਦੀ,
ਤੂੰ ਖ਼ੁਦ-ਦਾਰ, ਤੂੰ ਬੇਧੜਕ ਆਸ਼ਾਵਾਦੀ ।
ਤੂੰ ਜੰਗਾਂ ਦੀ ਇਕ ਮੌਤ ਹੈਂ ਮੌਤ ਖਾ ਕੇ,
ਤੂੰ ਹੋ ਕਾਸ਼ ਪੈਦਾ ਮੇਰੇ ਦੇਸ ਆ ਕੇ !
ਤੁਹੀ ਹੋਣ ਵਾਲਾ ਹੈਂ ਮਹਿੰਦੀ ਪੈਗ਼ੰਬਰ,
ਤੇਰੀ ਪੈਰਵਾਈ ਨੂੰ ਝੁਕਿਆ ਹੈ ਅੰਬਰ ।' '(ਜੁਆਲਾ ਮੁਖੀ, ਪੰਨਾ 26)

ਬਾਵਾ ਬਲਵੰਤ ਟ੍ਰਾਟਸਕੀ ਦੇ ਬਾਗ਼ੀ ਦ੍ਰਿਸ਼ਟੀਕੋਣ ਦਾ ਵਿਸ਼ਲੇਸ਼ਣ ਵੀ ਨਹੀਂ ਕਰਦਾ, ਕੇਵਲ ਉਸ ਨੂੰ ਆਪਣੀ ਸ਼ਰਧਾਂਜਲੀ ਹੀ ਪੇਸ਼ ਕਰਦਾ ਹੈ। ਜੇ ਟ੍ਰਾਟਸਕੀ ਨੂੰ ਸਮਾਜਵਾਦੀ ਦੇਸਾਂ ਨੇ ਹੀ ਨਹੀਂ ਸਵੀਕਾਰਿਆ ਤਾਂ ਇਸ ਦਾ ਬਾਵੇ ਦੇ ਚਿੰਤਨ ਤੇ ਕੋਈ ਅਸਰ ਨਹੀਂ ਪੈਂਦਾ :—

"ਤੂੰ ਸਭ ਨੂੰ ਉਠਾਇਆ, ਤੂੰ ਸਭ ਨੂੰ ਜਗਾਇਆ,
ਨਹੀਂ ਦੋਸ਼ ਤੇਰਾ ਜੋ ਦੁਨੀਆ ਨਾ ਜਾਗੀ,
ਤੂੰ ਬਾਗ਼ੀ, ਤੇਰੇ ਪੈਰ ਦੇ ਚਿੰਨ੍ਹ ਬਾਗ਼ੀ ।" (ਜੁਆਲਾ ਮੁਖੀ, ਪੰਨਾ 26)

ਬਾਵਾ ਬਲਵੰਤ ਉਸ ਜ਼ਮਾਨੇ ਪ੍ਰਤੀ ਵੀ ਆਪਣਾ ਰੋਸ ਵਿਅਕਤ ਕਰਦਾ ਹੈ ਜਿਸ ਨੇ ਟ੍ਰਾਟਸਕੀ ਅਤੇ ਉਸ ਦੇ ਵਿਚਾਰਾਂ ਦੀ ਕਦਰ ਨਹੀਂ ਕੀਤੀ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕੋਈ ਹੁੰਦਾ ਗ਼ੈਰਤ, ਸ਼ਰਮ, ਆਨ ਵਾਲਾ
ਨਾ ਦਿੰਦਾ ਤੇਰੇ ਪੈਰ ਵਿਚ ਪੈਣ ਛਾਲਾ ।
ਇਹ ਨਿਯਤ ਜ਼ਮਾਨੇ ਦੀ ਕੀ ਕੋਈ ਨਾਪੇ ?
ਕਿ ਪੁੱਤਰ ਹੀ ਕਹਿੰਦੇ ਨੇ ਮਰ ਜਾਣ ਮਾਪੇ ।" (ਜੁਆਲਾ ਮੁਖੀ,ਪੰਨਾ 25)

ਇਉਂ ਇਹ ਸਾਰੀ ਕਵਿਤਾ ਭਾਵੁਕ ਕਿਸਮ ਦੀ ਹੈ, ਭਾਵੁਕ ਭਾਸ਼ਾ ਵਿਚ ਲਿਖੀ ਗਈ ਹੈ। ਇਹ ਕਵਿਤਾ ਸਾਡੇ ਮਨ ਵਿਚ ਟ੍ਰਾਟਸਕੀ ਪ੍ਰਤੀ ਕੋਈ ਤਰਕ ਪੈਦਾ ਨਹੀਂ ਕਰਦੀ ਜਾਂ ਕਿਹਾ ਜਾ ਸਕਦਾ ਹੈ ਕਿ ਸਾਨੂੰ ਉਸ ਨਾਲ ਤਾਰਕਿਕ ਤੌਰ ਤੇ ਨਹੀਂ ਜੋੜਦੀ। ਪਰ ਚੰਗੇਰੀ ਕਵਿਤਾ ਤਾਂ ਉਹੀ ਹੁੰਦੀ ਹੈ ਜਿਹੜੀ ਸਾਨੂੰ ਕਿਸੇ ਸ਼ਖਸੀਅਤ ਤੇ ਚਿੰਤਨ ਨਾਲ ਤਾਰਕਿਕ ਤੌਰ ਤੇ ਜੋੜੇ ਭਾਵੁਕ ਤੌਰ ਤੇ ਨਹੀਂ। ਇਨ੍ਹਾਂ ਦੋਸ਼ਾਂ ਦੇ ਬਾਵਜੂਦ ਇਹ ਕਵਿਤਾ ਇਹ ਸਪਸ਼ਟ ਕਰਦੀ ਹੈ ਕਿ ਬਾਵਾ ਬਲਵੰਤ ਇਕ ਅਜਿਹਾ ਪ੍ਰਗਤੀਵਾਦੀ ਕਵੀ ਹੈ ਜਿਹੜਾ ਟ੍ਰਾਟਸਕੀ ਤੋਂ ਡੂੰਘਾ ਪ੍ਰਭਾਵਿਤ ਹੋਇਆ ਹੈ। ਹੁਣ ਤਕ ਬਾਵੇ ਦੀ ਪ੍ਰਗਤੀਵਾਦੀ ਕਵਿਤਾ ਬਾਰੇ ਜਿੰਨੀ ਆਲੋਚਨਾ ਸਾਹਮਣੇ ਆਈ ਹੈ, ਉਸ ਵਿਚ ਬਾਵੇ ਦੇ ਟ੍ਰਾਟਸਕੀ ਬਾਰੇ ਦ੍ਰਿਸ਼ਟੀਕੋਣ ਨੂੰ ਨਹੀਂ ਗੋਲਿਆ ਗਿਆ। ਇਸ ਗੱਲ ਨੂੰ ਵਿਸ਼ੇਸ਼ ਤੌਰ ਤੇ ਅਸੀਂ ਅਗਲੇ ਅਧਿਆਇ ਵਿਚ ਵਿਚਾਰਾਂਗੇ।

ਨਵੀਨ ਆਸ :

"ਬੇ ਆਸ ਦਿਲਾਂ ਅੰਦਰ ਸ਼ੁਭ ਆਸ ਵਸਾਣੀ ਏ,
ਨ ਬੁਲਬੁਲਾ ਏ ਜੀਵਨ, ਨ ਦੁਨੀਆਂ ਹੀ ਫ਼ਾਨੀ ਏ।"
(ਸੁਗੰਧ ਸਮੀਰ, ਪੰਨਾ 69)

ਇਹ ਕਵਿਤਾ ਵੀ ਬਾਵਾ ਬਲਵੰਤ ਦੀ ਪ੍ਰਗਤੀਵਾਦੀ ਕਵਿਤਾ ਨਾਲ ਸੰਬੰਧਿਤ ਹੈ। ਪੰਜਾਬੀ ਵਿਚ ਪ੍ਰਗਤੀਵਾਦੀ ਕਵਿਤਾ ਮੁੱਖ ਤੌਰ ਤੇ ਦੋ ਕਿਸਮ ਦੀ ਰਚੀ ਗਈ ਹੈ। ਇਕ ਉਹ ਕਵਿਤਾ ਜਿਸ ਵਿਚ ਪ੍ਰਗਤੀਵਾਦੀ ਅਨੁਭਵ ਨੂੰ ਪੇਸ਼ ਕੀਤਾ ਜਾਂਦਾ ਹੈ ਅਤੇ ਦੂਜੀ ਉਹ ਕਵਿਤਾ ਜਿਸ ਵਿਚ ਪ੍ਰਗਤੀਵਾਦ ਦੇ ਸਿਧਾਂਤ ਨੂੰ ਸਿੱਧੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ। ਬਾਵਾ ਬਲਵੰਤ ਬਹੁਤ ਥਾਂ ਤੇ ਦੂਸਰੀ ਵਿਧੀ ਨੂੰ ਅਪਣਾਉਂਦਾ ਹੈ ਅਤੇ ਇਹ ਕਵਿਤਾ ਉਸ ਵਿਧੀ ਦਾ ਪ੍ਰਮਾਣ ਹੈ। ਅਜਿਹੀ ਕਵਿਤਾ ਨੂੰ ਅਸੀਂ ਵਿਚਾਰਵਾਦੀ ਕਵਿਤਾ ਵੀ ਕਹਿ ਸਕਦੇ ਹਾਂ ਕਿਉਂਕਿ ਇਹ ਕਵਿਤਾ ਵਿਚਾਰਾਂ ਨੂੰ ਇਕ ਤਰਕ ਦੇ ਤੌਰ ਤੇ ਪੇਸ਼ ਕਰਦੀ ਹੈ ਅਤੇ ਇਸ ਲਈ ਵੀ ਵਿਚਾਰਵਾਦੀ ਹੈ ਕਿਉਂਕਿ ਇਸ ਕਵਿਤਾ ਦਾ ਸੁਭਾ ਆਦਰਸ਼ਵਾਦੀ ਹੈ। ਅਸੀਂ ਕਈ ਵਾਰੀ ਆਦਰਸ਼ਵਾਦੀ ਬਿਰਤੀ ਵਾਸਤੇ ਵੀ ਸ਼ਬਦ ਵਿਚਾਰਵਾਦ ਵਰਤ ਲੈਂਦੇ ਹਾਂ।

ਬਾਵਾ ਬਲਵੰਤ ਇਨ੍ਹਾਂ ਵਿਚਾਰਾਂ ਨੂੰ ਆਪਣੀਆਂ ਕਈ ਕਵਿਤਾਵਾਂ ਵਿਚ ਦੁਹਰਾਉਂਦਾ ਨਜ਼ਰ ਆਉਂਦਾ ਹੈ। ਉਦਾਹਰਣ ਦੇ ਤੌਰ ਤੇ ਇਸ ਕਵਿਤਾ 'ਨਵੀਨ ਆਸ' ਵਿਚ ਬਾਵਾ ਬਲਵੰਤ ਨੇ ਦੁਨੀਆਂ ਦੀ ਜੋ ਵਿਆਖਿਆ ਕੀਤੀ ਹੈ ਉਸੇ ਨੂੰ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਇਸ ਪੁਸਤਕ ਦੀ ਅਗਲੀ ਕਵਿਤਾ 'ਦੁਨੀਆਂ' ਵਿਚ ਹੀ ਉਹ ਹੋਰ ਵਿਸਥਾਰ ਨਾਲ ਬਿਆਨਦਾ ਹੈ। ਬਾਵਾ ਬਲਵੰਤ ਆਪਣੀਆਂ ਅਜਿਹੀਆਂ ਵਿਚਾਰਵਾਦੀ ਕਵਿਤਾਵਾਂ ਵਿਚ ਵਿਗਿਆਨ ਦੇ ਯੁੱਗ ਨੂੰ ਮੁੱਖ ਰਖਦਿਆਂ ਫ਼ਲਸਫ਼ੇ ਦੀ ਵਿਆਖਿਆ ਕਰਦਾ ਹੈ। ਉਹ ਕਹਿੰਦਾ ਹੈ ਕਿ ਸਾਡਾ ਫ਼ਲਸਫ਼ਾ ਦੁਨੀਆਂ ਨੂੰ ਨਾਸ਼ਮਾਨ ਕਹਿੰਦਾ ਹੈ ਤੇ ਉਸ ਵਿਚੋਂ ਦੁਨੀਆਂ ਦਾ ਸ਼ੋਸ਼ਨ ਕਰਦਾ ਹੈ। ਉਸ ਵਿਚੋਂ ਹੀ ਸਰਮਾਏਦਾਰੀ ਪੈਦਾ ਹੋਈ ਜਾਂ ਸਰਮਾਏਦਾਰੀ ਦੀ ਪੂਰਤੀ ਵਾਸਤੇ ਬਾਕੀ ਵਿਚਾਰ ਪੈਦਾ ਹੋਏ, ਪਰ ਇਹ ਫਿਲਾਸਫ਼ੀ ਝੂਠੀ ਹੈ। ਹੁਣ ਦਾ ਯੁਗ ਅਮੀਰ ਗਰੀਬ ਦੀਆਂ ਵੰਡੀਆਂ ਦਾ ਯੁਗ ਨਹੀਂ। ਇਹ ਸਮਾਜਵਾਦ ਦਾ ਯੁਗ ਹੈ, ਮਿਹਨਤੀਆਂ ਦਾ ਯੁਗ ਹੈ। ਉਹ ਸ਼ਰੇਣੀਆਂ ਜਿਹੜੀਆਂ ਦੂਜਿਆਂ ਦੇ ਹੱਕਾਂ ਤੇ ਕਬਜ਼ਾ ਜਮਾ ਕੇ ਰਖਦੀਆਂ ਹਨ, ਉਨ੍ਹਾਂ ਦੀ ਕਹਾਣੀ ਖ਼ਤਮ ਹੋ ਚੁਕੀ ਹੈ। ਕੋਈ ਗੱਲ ਪੈਗ਼ੰਬਰੀ ਨਹੀਂ ਹੁੰਦੀ ਸਭ ਧਰਤੀ 'ਚੋਂ ਪੈਦਾ ਹੁੰਦੀਆਂ ਹਨ, ਸਭ ਕੁਝ ਮਨੁੱਖ ਸਿਰਜਦਾ ਹੈ। ਇਸ ਕਰਕੇ ਜ਼ਿੰਦਗੀ ਮਾਇਆ ਨਹੀਂ, ਸੁਪਨਾ ਨਹੀਂ। ਇਉਂ ਵਿਚਾਰ ਦੀ ਪੱਧਰ ਤੇ ਉਹ ਧਰਮ, ਧਾਰਮਿਕ ਫਲਸਫ਼ਿਆਂ, ਅਧਿਆਤਮਵਾਦ ਅਤੇ ਪ੍ਰਗਤੀਵਾਦ ਦੇ ਵਿਚਾਲੇ ਇਕ ਨਿਖੇੜ ਪੈਦਾ ਕਰਦਾ ਹੈ। ਉਹ ਮਾਰਕਸਵਾਦੀ ਦ੍ਰਿਸ਼ਟੀ ਤੋਂ ਇਸ ਕਵਿਤਾ ਵਿਚ ਵਿਚਾਰ ਪੇਸ਼ ਕਰ ਰਿਹਾ ਹੈ ਜਿਸ ਦਾ ਆਧਾਰ ਦਵੰਦਾਤਮਕ ਭੌਤਿਕਵਾਦ (Dialectical materialism), ਇਤਿਹਾਸਕ ਭੌਤਿਕਵਾਦ (Historical materialism) ਹੈ। ਮਾਰਕਸ ਨੇ ਸ੍ਰਿਸ਼ਟੀ ਦੇ ਵਿਕਾਸ ਵਿਚ ਦੋ ਤਰ੍ਹਾਂ ਦੇ ਵਿਰੋਧੀ ਤੱਤਾਂ ਦੀ ਸੱਤਾ ਮੰਨੀ ਹੈ ਅਤੇ ਇਨ੍ਹਾਂ ਦੇ ਸੰਘਰਸ਼ ਦਾ ਨਾਂ ਹੀ ਉਸ ਦੇ ਅਨੁਸਾਰ ਜੀਵਨ ਹੈ। ਇਨ੍ਹਾਂ ਵਿਰੋਧੀ ਪਦਾਰਥਾਂ ਦੇ ਦਵੰਦ ਤੋਂ ਚੇਤਨਾ ਉਤਪੰਨ ਹੁੰਦੀ ਹੈ। ਜਿਹੜੀ ਜੀਵਨ ਦਾ ਲਕਸ਼ ਹੈ...ਉਸ ਅਨੁਸਾਰ ਚੇਤਨਾ ਦੋ ਵਿਰੋਧੀ ਪਦਾਰਥਾਂ ਦੇ ਦਵੰਦਾਂ ਦਾ ਸਿੱਟਾ ਹੈ। ਇਸੇ ਕਾਰਣ ਹੀ ਉਸ ਦੇ ਦਰਸ਼ਨ ਨੂੰ ਦਵੰਦਾਤਮਕ ਭੌਤਿਕਵਾਦ ਜਾਂ ਪਦਾਰਥਵਾਦ ਕਿਹਾ ਜਾਂਦਾ ਹੈ[9]। ਅਤੇ ਇਤਿਹਾਸਕ ਭੌਤਿਕਵਾਦ ਦੀ ਮੂਲਭੂਤ ਸਥਾਪਨਾ ਇਹ ਹੈ ਕਿ ਸਮਾਜਕ ਜੀਵਨ ਵਿਚ ਹੋਣ ਵਾਲੇ ਪਰੀਵਰਤਨ ਅਤੇ ਵਿਕਾਸ ਪ੍ਰਕਿਰਤੀ ਦੀ ਤਰ੍ਹਾਂ ਹੀ ਵਸਤੂਗਤ ਨਿਯਮਾਂ ਦੁਆਰਾ ਪਰਿਚਾਲਿਤ ਹੁੰਦਾ ਹੈ। (ਮਾਰਿਸ ਕਾਰਨਫੋਰਥ—Historical materialism, p 33).[10] ਦਵੰਦਵਾਦੀ ਪਦਾਰਥਵਾਦੀ ਦ੍ਰਿਸ਼ਟੀ ਅਨੁਸਾਰ ਵਿਰੋਧੀ ਸ਼੍ਰੇਣੀਆਂ ਦੇ ਪਰਸਪਰ ਤਨਾਉ ਵਿਚ ਹੀ ਸਮਾਜਕ ਜੀਵਨ ਦੀ ਪ੍ਰਮਾਣਿਕ ਅਸਲੀਅਤ ਉਜਾਗਰ ਹੁੰਦੀ ਹੈ ਤੇ ਇਹ ਤਨਾਉ ਹੀ ਸਮਾਜਕ ਜੀਵਨ ਦੀ ਗਤੀਸ਼ੀਲਤਾ ਦਾ ਮੂਲ ਰਹੱਸ ਹੈ। ਮਾਰਕਸਵਾਦੀ ਚਿੰਤਨ ਨੇ ਇਸ ਰਹੱਸ ਨੂੰ ਚੇਤੰਨ ਅਤੇ ਸੰਗਠਿਤ ਵਰਗ ਸੰਘਰਸ਼ ਦੇ ਇਤਿਹਾਸਕ ਰੂਪ ਵਿਚ ਧਾਰਾਬੱਧ ਕਰਨ ਵਿਚ ਸੰਸਾਰ ਦਾ ਮਾਰਗ ਦਰਸ਼ਨ ਕੀਤਾ ਹੈ। ਵਰਗ ਸੰਘਰਸ਼ ਵੀਹਵੀਂ ਸਦੀ ਵਿਚ ਕਿਰਤੀ ਸ਼੍ਰੇਣੀ ਦਾ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ ਅਤੇ ਸੰਘਰਸ਼ ਦੀ ਗਤੀਸ਼ੀਲ ਚੇਤਨਾ ਕਿਰਤੀ ਸ਼੍ਰੇਣੀ ਦੀ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਧੁਰਾ ਬਣਦੀ ਹੈ[11]।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ ਧਰਮ ਦੇ ਮੁਕਾਬਲੇ ਵਿਚ ਵਿਗਿਆਨ ਦਾ ਸਿਧਾ ਸੰਚਾਰ ਕਰ ਰਿਹਾ ਹੈ। ਇਉਂ ਇਹ ਕਵਿਤਾ ਜਿਸ ਵਿਧੀ ਨੂੰ ਪੇਸ਼ ਕਰਦੀ ਹੈ ਉਹ ਸੰਦੇਸ਼ਮਈ ਵਿਧੀ ਹੈ। ਉਸ ਕੋਲ ਮਾਰਕਸਵਾਦੀ ਜਾਂ ਪ੍ਰਗਤੀਵਾਦੀ ਵਿਚਾਰਾਂ ਦਾ ਸੰਦੇਸ਼ ਹੈ ਜਿਨ੍ਹਾਂ ਦਾ ਉਹ ਸਿੱਧਾ ਸੰਚਾਰ ਕਰਨਾ ਚਾਹੁੰਦਾ ਹੈ। ਅਜਿਹੀ ਕਵਿਤਾ ਜਿਸ ਵਿਚ ਸਿੱਧੇ ਤੌਰ ਤੇ ਵਿਚਾਰਾਂ ਦਾ ਸੰਚਾਰ ਕੀਤਾ ਗਿਆ ਹੁੰਦਾ ਹੈ ਇਸ ਦੀ ਭਾਸ਼ਾ ਬੜੀ ਨਿਸ਼ਚਿਤ ਹੁੰਦੀ ਹੈ। ਇਹ ਭਾਸ਼ਾ ਕਵਿਤਾ ਨਾਲੋਂ ਵੱਧ ਨਿਬੰਧ ਦੀ ਭਾਸ਼ਾ, ਤਰਕ ਦੀ ਭਾਸ਼ਾ, ਫਲਸਫ਼ੇ ਦੀ ਭਾਸ਼ਾ ਹੁੰਦੀ ਹੈ। ਬਾਵਾ ਬਲਵੰਤ ਦੀ ਕੇਵਲ ਇਸ ਕਵਿਤਾ ਵਿਚ ਹੀ ਇਹ ਭਾਸ਼ਾ ਜਾਂ ਵਿਧੀ ਨਹੀਂ ਸਗੋਂ 'ਸੁਗੰਧ ਸਮੀਰ' ਦੀਆਂ ਕਵਿਤਾਵਾਂ 'ਦੁਨੀਆਂ', 'ਜ਼ਿੰਦਗੀ ਤੇ ਸੁਖ' ਭਾਵ ਜਿਨ੍ਹਾਂ ਕਵਿਤਾਵਾਂ ਵਿਚ ਉਹ ਦੁਨੀਆਂ ਦਾ ਕਿਸੇ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਨ ਦਾ ਯਤਨ ਕਰਦਾ ਹੈ ਉਨ੍ਹਾਂ ਵਿਚ ਉਹ ਇਸੇ ਤਰਕ ਦੀ ਭਾਸ਼ਾ ਵਿਚ ਬੋਲਦਾ ਹੈ। ਸਾਨੂੰ ਇਹ ਜਾਪਦਾ ਹੈ ਕਿ ਉਹ ਸਾਨੂੰ ਦਵੰਦਾਤਮਕ ਭੌਤਿਕਵਾਦ ਜਾਂ ਇਤਿਹਾਸਕ ਭੌਤਿਕਵਾਦ ਸਮਝਾ ਰਿਹਾ ਹੈ। ਹੋਰ ਕਈ ਕਵੀਆਂ ਵਿਚ ਵੀ ਪ੍ਰਗਤੀ ਸਿਧਾਂਤਾਂ ਦੀ ਸਿੱਧੀ ਭਾਸ਼ਾ ਆਈ ਹੈ ਪਰ ਬਾਵਾ ਬਲਵੰਤ ਵਿਚ ਵਧੇਰੇ ਹੈ ਜਿਵੇਂ ਕਾਵਿ-ਸੰਗ੍ਰਹਿ 'ਬੰਦਰਗਾਹ' ਵਿਚ ਵੀ ਉਸ ਨੇ 'ਸਮਾਜਵਾਦ' ਕਵਿਤਾ ਨਿਰੋਲ ਇਸੇ ਵਿਧੀ ਵਿਚ ਲਿਖੀ :—

"ਖ਼ੂਬ ਹੋਈਆਂ ਕੋਸ਼ਿਸ਼ਾਂ ਮੇਰੇ ਮਿਟਾਵਣ ਦੇ ਲਈ—
ਇਕ ਨਵੀਂ ਉਗਦੀ ਹੋਈ ਆਸਾਂ ਦੀ ਕੋਮਲ ਵੇਲ ਨੂੰ
ਜ਼ੁਲਮ ਦੇ ਪੈਰਾਂ 'ਚ ਰੋਲਣ ਤੇ ਦਬਾਵਣ ਦੇ ਲਈ—
ਖ਼ੂਬ ਹੋਈਆਂ ਕੋਸ਼ਿਸਾਂ ਮੇਰੇ ਮਿਟਾਵਣ ਦੇ ਲਈ।
... ...
ਦੱਬ ਗਏ ਉਠੇ ਸੀ ਜੋ ਮੇਰੇ ਦਬਾਵਣ ਦੇ ਲਈ,
ਮਿਟਣਗੇ ਉਠੇ ਨੇ ਜੋ ਮੇਰੇ ਮਿਟਾਵਣ ਦੇ ਲਈ।"

(ਬੰਦਰਗਾਹ, ਪੰਨਾ 121-123)

ਇਉਂ ਨਵੀਨ ਆਸ ਭਾਵੇਂ ਉਸ ਦੀ ਇਸ ਵਿਧੀ ਤੇ ਦ੍ਰਿਸ਼ਟੀ ਦੀ ਛੋਟੀ ਕਵਿਤਾ ਹੈ, ਪਰ ਉਸ ਦੀ ਇਸ ਵਿਧੀ ਵੱਲ ਪੂਰਨ ਸੰਕੇਤ ਕਰਦੀ ਹੈ।

ਲਾਲ ਕਿਲ੍ਹਾ :

"ਪੰਨਿਆਂ ਦੀ ਹੈ ਜ਼ਮੀਨ 'ਤੇ ਮੂੰਗੇ ਦਾ ਇਕ ਮਹੱਲ,
ਘਾਹ ਦੀ ਵਿਸ਼ਾਲ ਝੀਲ 'ਤੇ ਸ਼ਿੰਗਰਫ਼ ਦਾ ਹੈ ਕੰਵਲ।"

(ਸੁਗੰਧ ਸਮੀਰ, ਪੰਨਾ 59)

ਬਾਵਾ ਬਲਵੰਤ ਦੀਆਂ ਪ੍ਰਗਤੀਵਾਦ ਨਾਲ ਸਬੰਧਤ ਕਵਿਤਾਵਾਂ ਉਸ ਦੇ ਪ੍ਰਗਤੀਵਾਦ ਦੀ ਇਕ ਵਿਲੱਖਣਤਾ ਵੱਲ ਸੰਕੇਤ ਕਰਦੀਆਂ ਹਨ ਜਿਸ ਨੂੰ ਅਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦੀ ਕਵਿਤਾ 'ਫੇਰ ਪਾਰੋ ਨੇ ਕਿਹਾ' ਅਤੇ 'ਟ੍ਰਾਟਸਕੀ' ਵਿਚ ਵੀ ਵਿਸ਼ੇਸ਼ ਤੌਰ ਤੇ ਵੇਖਿਆ ਹੈ। ਕਵਿਤਾ 'ਲਾਲ ਕਿਲ੍ਹਾ' ਵੀ ਜਿਸ ਪੱਖ ਵੱਲ ਸੰਕੇਤ ਕਰਦੀ ਹੈ ਉਸ ਦਾ ਸੰਬੰਧ ਰਾਸ਼ਟਰਵਾਦ (Nationalism) ਨਾਲ ਹੈ। ਭਾਵੇਂ ਪ੍ਰਗਤੀਵਾਦ ਅਤੇ ਰਾਸ਼ਟਰਵਾਦ ਦਾ ਕੋਈ ਵਿਰੋਧ ਨਹੀਂ, ਫਿਰ ਵੀ ਮਾਰਕਸਵਾਦ ਦਾ ਵਧੇਰੇ ਸਰੋਕਾਰ ਅੰਤਰਰਾਸ਼ਟਰਵਾਦ ਨਾਲ ਰਿਹਾ ਹੈ। ਪਰ ਬਾਵਾ ਬਲਵੰਤ ਉਨ੍ਹਾਂ ਪ੍ਰਗਤੀਵਾਦੀ ਕਵੀਆਂ ਵਿਚੋਂ ਹੈ ਜਿਨ੍ਹਾਂ ਨੇ ਆਜ਼ਾਦੀ ਦੀ ਲਹਿਰ ਵੇਲੇ ਕਵਿਤਾ ਲਿਖਣੀ ਸ਼ੁਰੂ ਕੀਤੀ ਇਸ ਕਰਕੇ ਉਹ ਹਮੇਸ਼ਾ ਰਾਸ਼ਟਰਵਾਦ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਰਹੇ ਹਨ।'' ਸਾਮਰਾਜੀ ਗ਼ੁਲਾਮੀ ਤੋਂ ਮੁਕਤੀ ਪ੍ਰਾਪਤ ਕਰਨ ਦਾ ਸੰਘਰਸ਼ ਨਿਸ਼ਚੇ ਹੀ ਭਾਰਤ ਦੇ ਇਤਿਹਾਸਕ ਯਥਾਰਥ ਦੀ ਤਤਕਾਲਕ ਲੋੜ ਸੀ। ਇਹ ਲੋੜ ਹੀ ਭਾਰਤੀ ਮੱਧ ਸ਼੍ਰੇਣੀ ਅਤੇ ਕਿਰਤੀ-ਕਿਰਸਾਣ ਸ਼੍ਰੇਣੀ ਦੇ ਹਿਤਾਂ ਨੂੰ ਰਾਸ਼ਟਰਵਾਦੀ ਅੰਦੋਲਨ ਵਿਚ ਇਕਾਗਰ ਕਰਨ ਦੀ ਮੁੱਖ ਪ੍ਰੇਰਨਾ ਬਣੀ।''[12] ਅਤੇ ਬਾਵਾ ਬਲਵੰਤ ਨੇ ਇਸੇ ਪ੍ਰੇਰਣਾ ਦੇ ਅੰਤਰਗਤ ਅਜ਼ਾਦੀ ਤੋਂ ਬਾਅਦ ਵੀ 'ਸੁਗੰਧ ਸਮੀਰ' ਵਿਚ ਜਿਹੜੀਆਂ ਕਵਿਤਾਵਾਂ 'ਇਲੋਰਾ', 'ਜੰਤਰ-ਮੰਤਰ' ਆਦਿ ਲਿਖੀਆਂ ਹਨ ਇਹ ਉਸ ਰਾਸ਼ਟਰਵਾਦ ਤੋਂ ਪ੍ਰੇਰਿਤ ਹਨ ਅਤੇ 'ਲਾਲ ਕਿਲ੍ਹਾ' ਉਸ ਦੀ ਇਸ ਪ੍ਰਵਿਰਤੀ ਦੀ ਮੁੱਖ ਕਵਿਤਾ ਹੈ। 'ਲਾਲ ਕਿਲ੍ਹਾ' ਭਾਰਤ ਦੀ ਰਾਸ਼ਟਰਵਾਦੀ ਲਹਿਰ ਦਾ ਪ੍ਰਤੀਕ ਹੈ ਅਤੇ ਆਜ਼ਾਦੀ ਤੋਂ ਬਾਦ ਵੀ ਸਾਡੀ ਰਾਜਨੀਤੀ ਦਾ ਕੇਂਦਰ ਹੈ। ਇਹ ਭਾਰਤ ਦੇ ਗੌਰਵ ਦਾ ਪ੍ਰਤੀਕ ਹੈ। ਇਸ ਕਰਕੇ ਜਦੋਂ ਅਸੀਂ ਇਸ ਕਵਿਤਾ ਦਾ ਅਧਿਅਨ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਸਾਡਾ ਧਿਆਨ ਇਸ ਦੀ ਵਿਚਾਰਧਾਰਕ ਦ੍ਰਿਸ਼ਟੀ ਵੱਲ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜਦੋਂ ਉਹ ਇਹ ਸਤਰਾਂ ਲਿਖ ਰਿਹਾ ਹੈ :

> ''ਅੱਜ ਹਰ ਕਿਸੇ ਨੂੰ ਦੇਸ ਦੇ ਹੁਨਰਾਂ 'ਤੇ ਮਾਨ ਹੈ,
> ਕਾਰੀਗਰਾਂ ਦੀ ਅਕਲ ਦਾ ਉਜਲਾ ਨਿਸ਼ਾਨ ਹੈ।
> ਕਾਰੀਗਰਾਂ ਦੇ ਹੁਨਰ ਤੋਂ ਪੱਥਰਾਂ 'ਚ ਜਾਨ ਹੈ,
> ਜਿੰਦਾ ਇਨ੍ਹਾਂ ਦੇ ਹੁਨਰ ਤੋਂ 'ਸ਼ਾਹਜਹਾਨ' ਹੈ।''(ਸੁਗੰਧ ਸਮੀਰ, ਪੰਨਾ 59)

ਇਥੇ ਰਾਸ਼ਟਰਵਾਦੀ ਦ੍ਰਿਸ਼ਟੀ ਤੋਂ ਹੀ ਉਸ ਦੀ ਇਤਿਹਾਸਵਾਦੀ ਦ੍ਰਿਸ਼ਟੀ ਦੀ ਪਛਾਣ ਨਿਸ਼ਚਤ ਹੁੰਦੀ ਹੈ। ਬਾਵਾ ਬਲਵੰਤ ਇਥੇ ਲਾਲ ਕਿਲੇ ਨੂੰ ਸਿਰਫ਼ ਵਰਤਮਾਨ ਦੇ ਵਿਚ ਹੀ ਨਹੀਂ ਦੇਖ ਰਿਹਾ, ਸਿਰਫ਼ ਉਸ ਨੂੰ ਬਿੰਬਤ ਹੀ ਨਹੀਂ ਕਰ ਰਿਹਾ ਸਗੋਂ ਇਸ ਨਾਲ ਜਿਹੜਾ ਇਤਿਹਾਸ ਸੰਬੰਧਿਤ ਹੈ (ਭਾਵੇਂ ਸ਼ਾਹ ਜਹਾਨ ਨਾਲ) ਉਹ ਲਾਲ ਕਿਲੇ ਦੇ ਗੌਰਵ ਨੂੰ ਸਮੁੱਚੇ ਰਾਸ਼ਟਰੀ ਇਤਿਹਾਸਕ ਪਰਿਪੇਖ ਵਿਚ ਪੇਸ਼ ਕਰਦਾ ਹੈ। ਰਾਸ਼ਟਰਵਾਦੀ ਦ੍ਰਿਸ਼ਟੀ ਵਾਲਾ ਕਵੀ ਹਮੇਸ਼ਾ ਦੇਸ਼ ਦੀ ਕਲਾ, ਹੁਨਰ, ਇਤਿਹਾਸਕ ਇਮਾਰਤਾਂ ਨੂੰ ਇਸੇ ਵਿਚਾਰਧਾਰਾ ਨਾਲ ਜਾਂ ਇਸੇ ਇਤਿਹਾਸਕ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ। ਕੁਝ ਲੱਛਣ ਰਾਸ਼ਟਰਵਾਦ ਦੇ ਹਰ ਰੂਪ ਵਿਚ ਸਾਂਝੇ ਹੁੰਦੇ ਹਨ ਜਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਜਕ ਵਿਵਸਥਾ, ਬੌਧਿਕ ਪਰੰਪਰਾ, ਸਾਂਸਕ੍ਰਿਤਕ ਇਤਿਹਾਸਕ, ਸਮਾਜ ਦੀ ਭੂਗੋਲਿਕ ਸਥਿਤੀ ਆਦਿ ।[14] ਇਹ ਸਾਰੀ ਰਾਸ਼ਟਰਵਾਦੀ ਦ੍ਰਿਸ਼ਟੀ ਇਸ ਕਵਿਤਾ ਦੇ ਕੇਂਦਰ ਵਿਚ ਪਈ ਹੈ । ਪਰ ਜਦੋਂ ਅਸੀਂ ਇਸ ਕਵਿਤਾ ਦੀ ਵਿਧੀ ਤੇ ਹੋਰ ਨਜ਼ਰ ਮਾਰਦੇ ਹਾਂ ਤਾਂ ਅਸੀਂ ਇਸ ਕਵਿਤਾ ਦੀਆਂ ਪਹਿਲੀਆਂ ਸਤਰਾਂ ਵੱਲ ਫਿਰ ਪਰਤਦੇ ਹਾਂ :

> "ਪੰਨਿਆਂ ਦੀ ਹੈ ਜ਼ਮੀਨ 'ਤੇ ਮੂੰਗੇ ਦਾ ਇਕ ਮਹੱਲ,
> ਘਾਹ ਦੀ ਵਿਸ਼ਾਲ ਝੀਲ 'ਤੇ ਸ਼ਿੰਗਰਫ਼ ਦਾ ਹੈ ਕੰਵਲ ।
> ਜਾਂ ਚੂਨੀਆਂ ਦਾ ਸਬਜ਼ ਬਿਲੌਰਾਂ 'ਤੇ ਕੋਟ ਹੈ,
> ਲਾਲਾਂ ਦੇ ਇਸੇ ਧਾਮ'ਚ ਰਾਈ ਨਾ ਖੋਟ ਹੈ ।" (ਸੁਗੰਧ ਸਮੀਰ, ਪੰਨਾ 59)

ਬਾਵਾ ਬਲਵੰਤ ਆਪਣੀ ਬਹੁਤੀ ਕਵਿਤਾ ਵਿਚ ਇਸੇ ਬਿੰਬ-ਵਿਧੀ ਨੂੰ ਵਰਤਦਾ ਹੈ । ਉਹ ਇਕ ਦ੍ਰਿਸ਼ਟੀ ਨੂੰ ਬਿਆਨ ਕਰਨ ਵਾਸਤੇ ਬਿੰਬਾਂ, ਅਲੰਕਾਰਾਂ ਦੇ ਢੇਰ ਲਾਉਂਦਾ ਜਾਂਦਾ ਹੈ, ਇਹ ਕਵਿਤਾ ਵੀ ਉਸ ਬਿੰਬ-ਵਿਧੀ ਨਾਲ ਸ਼ੁਰੂ ਹੁੰਦੀ ਹੈ ।

ਉਸ ਨੂੰ ਰਾਸ਼ਟਰੀ ਦ੍ਰਿਸ਼ਟੀ ਤੋਂ ਲਾਲ ਕਿਲੇ ਤੇ ਅਪਾਰ ਸ਼ਰਧਾ ਹੈ ਉਹ ਉਸ ਨੂੰ 'ਘਰ ਮਾਈ ਬਾਪ ਦਾ' ਜਾਪਦਾ ਹੈ :—

> "ਦੂਰੋਂ ਮਹਾਨ ਮਿਹਰ ਦਾ ਸਾਇਆ ਹੈ ਜਾਪਦਾ,
> ਕੌਮੀ ਕਿਲ੍ਹਾ ਹੈ ਜਾਂ ਕਿ ਹੈ, ਘਰ ਮਾਈ-ਬਾਪ ਦਾ ?"
> (ਸੁਗੰਧ ਸਮੀਰ, ਪੰਨਾ 59)

ਇਸ ਸ਼ਰਧਾ ਕਰਕੇ ਉਸ ਅੰਦਰ ਜਜ਼ਬੇ ਉਤੇਜਿਤ ਹੁੰਦੇ ਹਨ ਤੇ ਉਸ ਦੀ ਕਲਪਨਾ ਵਿਚ ਇੰਨੇ ਬਿੰਬ ਪੈਦਾ ਹੁੰਦੇ ਹਨ । ਉਸ ਦੀ ਇਹ ਕਲਪਨਾ, ਉਸ ਦਾ ਰਾਸ਼ਟਰਵਾਦੀ ਬੋਧ ਹੀ ਉਸ ਨੂੰ ਇਕ ਰੂਹਾਨੀ ਆਨੰਦ ਤੱਕ ਲੈ ਜਾਂਦਾ ਹੈ । ਇਸੇ ਕਰਕੇ ਉਸ ਨੇ ਇਹ ਸਤਰਾਂ ਸਿਰਜੀਆਂ ਹਨ :—

> "ਇਹ ਲਾਲ ਹੁਸਨ ਐਸਾ ਨਜ਼ਰ ਨੂੰ ਪਸੰਦ ਹੈ,
> ਇਸ ਦੇ ਦਰਸ ਤੋਂ ਆਤਮਾ ਮੇਰੀ ਅਨੰਦ ਹੈ ।"
> (ਸੁਗੰਧ ਸਮੀਰ, ਪੰਨਾ 59)

ਜਾਂ ਉਸ ਤੋਂ ਬਾਦ ਫਿਰ ਉਸ ਨੇ ਇਸੇ ਅਨੁਭਵ ਦਾ ਪ੍ਰਗਟਾਵਾ ਕੀਤਾ ਹੈ :—

> "ਉਹ ਕਰ ਗਏ ਨੇ ਬੰਦ ਸਿਲਾਂ ਵਿਚ ਅਨੰਦ ਨੂੰ,
> ਹੈ ਨਿਮਸਕਾਰ ਉਨ੍ਹਾਂ ਦੀ ਹਿੰਮਤ ਬੁਲੰਦ ਨੂੰ ।" (ਸੁਗੰਧ ਸਮੀਰ, ਪੰਨਾ 60)

ਇਉਂ ਬਾਵਾ ਬਲਵੰਤ ਜਿਸ ਆਨੰਦ ਜਾਂ ਰੂਹਾਨੀ ਅਵਸਥਾ ਤੇ ਪਹੁੰਚਦਾ ਹੈ, ਉਸ ਦਾ ਮਾਧਿਅਮ ਲਾਲ ਕਿਲ੍ਹਾ ਹੈ । ਉਸ ਦੀ ਸੁੰਦਰਤਾ, ਉਸ ਦੀ ਕਲਾ ਉਸ ਦਾ ਇਤਿਹਾਸ ਹੈ । ਇਕ ਰਾਸ਼ਟਰਵਾਦੀ ਕਵੀ ਲਈ ਬਿਨਾਂ ਕਿਸੇ ਭੇਦ ਭਾਵ ਦੇ ਸਾਂਝੇ ਤੌਰ ਤੇ ਰਾਸ਼ਟਰੀ ਕਲਾ ਇਸ ਕਿਸਮ ਦੇ ਆਨੰਦ ਜਾਂ ਅਨੁਭਵ ਦਾ ਮਾਧਿਅਮ ਹੁੰਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਉਂ ਬਾਵਾ ਬਲਵੰਤ ਦੀ ਇਹ ਕਵਿਤਾ ਉਸ ਦੇ ਇਕ ਸ਼ੁਧ ਭਾਰਤੀ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੀ ਹੈ। ਅਖੀਰਲੀਆਂ ਸਤਰਾਂ ਧਿਆਨ ਯੋਗ ਹਨ :—

"ਲਾਲੀ ਕਿਲੇ ਦੀ ਛਾਏਗੀ ਪੀਲੇ ਜਹਾਨ 'ਤੇ,
ਖੁਸ਼-ਹਾਲ-ਨੂਰ ਆਏਗਾ ਹਿੰਦੋਸਤਾਨ 'ਤੇ।
ਪਿਆਰੇ ਕਿਲੇ ਆਜ਼ਾਦੀਆਂ ਦਾ ਪਹਿਰੇਦਾਰ ਬਣ,
ਲੱਖਾਂ ਸ਼ਹੀਦ ਹੋਇਆਂ ਦੀ ਰੂਹ ਦਾ ਕਰਾਰ ਬਣ।"

(ਸੁਗੰਧ ਸਮੀਰ, ਪੰਨਾ 60)

ਇਹ ਸਤਰਾਂ ਇਤਿਹਾਸਕ ਦ੍ਰਿਸ਼ਟੀ ਤੋਂ ਵਰਤਮਾਨ ਤੋਂ ਭਵਿੱਖ ਵੱਲ ਲਿਜਾਂਦੀਆਂ ਹਨ। ਉਹ ਰਾਸ਼ਟਰਵਾਦੀ ਤੇ ਪ੍ਰਗਤੀਵਾਦੀ ਪ੍ਰਵਿਰਤੀ ਨੂੰ ਸੁਗਠਿਤ ਕਰਦਾ ਹੈ। ਇਸ ਲਈ ਉਸ ਦੇ ਮਨ ਵਿਚ ਭਾਰਤ ਦੀ ਵਰਤਮਾਨ ਅਵਸਥਾ ਦਾ ਅਹਿਸਾਸ ਪੈਦਾ ਹੁੰਦਾ ਹੈ ਤੇ ਉਹ ਲਾਲ ਕਿਲੇ ਨੂੰ ਆਜ਼ਾਦੀ ਦਾ ਪਹਿਰੇਦਾਰ ਬਨਣ ਲਈ ਕਹਿੰਦਾ ਹੈ। ਲੱਖਾਂ ਸ਼ਹੀਦਾਂ ਦੇ ਇਕਰਾਰ ਨੂੰ ਲਾਲ ਕਿਲ੍ਹਾ ਪੂਰਾ ਕਰੇ। "ਇੰਜ ਪ੍ਰਗਤੀਵਾਦੀ ਚੇਤਨਾ ਰਾਸ਼ਟਰਵਾਦ ਅਤੇ ਕ੍ਰਾਂਤੀ ਦੇ ਇਨ੍ਹਾਂ ਦੋਹਾਂ ਸੁਰਾਂ ਦੇ ਰਚਨਾਤਮਕ ਸੁਮੇਲ ਦੀ ਸਾਧਨਾ ਕਰਦੀ ਪ੍ਰਤੀਤ ਹੁੰਦੀ ਸੀ।"[14] ਬਾਵਾ ਬਲਵੰਤ ਅਜਿਹੀ ਪ੍ਰਗਤੀਵਾਦੀ ਪ੍ਰਵਿਰਤੀ ਦਾ ਸ਼ਾਇਰ ਹੈ।

ਬੰਦਰਗਾਹ :

"ਇਹ ਕਿਸ ਅਜੀਬ ਹੀ ਦੁਨੀਆਂ 'ਚ ਗੁੰਮ ਗਈ ਹੈ ਨਿਗਾਹ !
ਇਹ ਸੁਪਨ-ਸਿੰਧੂ ਕਿਨਾਰੇ ਖ਼ਿਆਲ-ਬੰਦਰਗਾਹ।
ਧੂ 'ਚ ਰੋਸ਼ਨੀ ਕਰਦੇ ਕਿਨਾਰਿਆਂ ਦੇ ਮੀਨਾਰ;
ਅਲੋਪ-ਹੁਨਰ ਦਾ ਜਾਦੂ, ਇਹ ਨੀਲ-ਨਲ ਦੀ ਬਹਾਰ।"

(ਬੰਦਰਗਾਹ, ਪੰਨਾ 38)

'ਬੰਦਰਗਾਹ' ਬਾਵਾ ਬਲਵੰਤ ਦੀਆਂ ਕੁਝ ਪ੍ਰਸਿਧ ਕਵਿਤਾਵਾਂ ਵਿਚੋਂ ਇਕ ਹੈ। ਪੁਸਤਕ 'ਬੰਦਰਗਾਹ' ਵਿਚ ਪਹੁੰਚ ਕੇ ਬਾਵੇ ਦੀ ਕਵਿਤਾ ਵਿਚ ਛਾਇਆਵਾਦੀ ਕਿਸਮ ਦੀ ਰੰਗਣ ਵੱਧ ਜਾਂਦੀ ਹੈ। ਇਕ ਅਜਿਹੀ ਬੌਧਿਕਤਾ ਹੈ, ਜਿਹੜੀ ਕਵਿਤਾ ਦੇ ਵਿਚ ਇਕ ਖ਼ਾਸ ਕਿਸਮ ਦੀ ਧੁੰਦ ਪੈਦਾ ਕਰ ਦਿੰਦੀ ਹੈ। ਇਸ ਤੋਂ ਬਿਨਾ ਬਾਵੇ ਦੀ ਇਹ ਕਵਿਤਾ ਦੋ ਗੱਲਾਂ ਕਾਰਨ ਸਾਡਾ ਵਿਸ਼ੇਸ਼ ਧਿਆਨ ਆਕਰਸ਼ਿਤ ਕਰਦੀ ਹੈ, ਇਕ ਤਾਂ ਬਾਵਾ ਬਲਵੰਤ ਦੀ ਪ੍ਰਤੀਕ (Symbol) ਸਿਰਜਣ ਦੀ ਵਿਧੀ ਅਤੇ ਦੂਸਰੀ ਕਵਿਤਾ ਦੇ ਵਿਚ ਉਹ ਜੋ ਕਲਪਨਾ-ਜਗਤ ਬਣਾਉਂਦਾ ਹੈ ਅਰਥਾਤ ਉਸ ਦੀ ਉਹ ਬਿੰਬਾਵਲੀ। ਇਹ ਦੋਵੇਂ ਗੱਲਾਂ ਇਸ ਕਵਿਤਾ ਵਿਚ ਅੰਤਰ-ਸੰਬੰਧਿਤ ਹਨ। ਬਾਵਾ ਜੋ ਪ੍ਰਤੀਕ ਸਿਰਜਦਾ ਹੈ ਉਸ ਨਾਲ ਹੀ ਸਿਰਜੇ ਕਲਪਨਾ-ਜਗਤ ਨੂੰ ਉਹ ਸਪਸ਼ਟ ਕਰਦਾ ਹੈ ਤੇ ਉਸ ਕਲਪਨਾ-ਜਗਤ ਨੂੰ ਬਿੰਬਾਵਲੀ ਨਾਲ ਸੌਂਦਰਯ ਦਿੰਦਾ ਹੈ। ਇਸ ਕਵਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਉਸ ਕੋਲ ਜਿਹੜਾ ਮੁਖ ਪ੍ਰਤੀਕ ਹੈ ਉਹ ਬੰਦਰਗਾਹ ਦਾ ਹੈ। ਇਸ ਦਾ ਜ਼ਿਕਰ ਉਹ ਆਪਣੀ ਕਵਿਤਾ ਦੀਆਂ ਪਹਿਲੀਆਂ ਸਤਰਾਂ ਵਿਚ ਹੀ ਕਰਦਾ ਹੈ :—

"ਇਹ ਕਿਸ ਅਜੀਬ ਹੀ ਦੁਨੀਆਂ 'ਚ ਗੁਮ ਗਈ ਹੈ ਨਿਗਾਹ !
ਇਹ ਸੁਪਨ-ਸਿੰਧੂ ਕਿਨਾਰੇ ਖ਼ਿਆਲ ਬੰਦਰਗਾਹ ।"
(ਬੰਦਰਗਾਹ, ਪੰਨਾ 38)

ਖ਼ਿਆਲਾਂ ਵਿਚੋਂ ਜਿਹੜੀ ਪ੍ਰਤੀਕੀ ਬੰਦਰਗਾਹ ਬਣਾਉਂਦਾ ਹੈ ਉਸ ਨੂੰ ਅਸੀਂ ਉਸ ਦਾ ਕਲਪਨਾ-ਜਗਤ ਕਹਿੰਦੇ ਹਾਂ, ਉਸ ਬੰਦਰਗਾਹ ਜਾਂ ਕਲਪਨਾ-ਜਗਤ ਨੂੰ ਉਹ ਅਗਾਂਹ ਬਿੰਬਤ ਕਰਦਾ ਹੈ :—

"ਧੂ 'ਚ ਰੌਸ਼ਨੀ ਕਰਦੇ ਕਿਨਾਰਿਆਂ ਦੇ ਮੀਨਾਰ;
ਅਲੋਪ-ਹੁਨਰ ਦਾ ਜਾਦੂ, ਇਹ ਨੀਲ-ਨਲ ਦੀ ਬਹਾਰ !
ਸਤਾਰਿਆਂ ਦੇ ਮਸਾਲੇ ਤੋਂ ਦੂਰ ਪੁਲ ਦਾ ਵਜੂਦ;
ਹਯਾਤ-ਪਾਣੀ 'ਚ ਲੜਦੇ ਹੋਏ ਅਜ਼ਲ ਦੇ ਖ਼ਰੂਦ ।
ਸੁਰੇਖ-ਪੈਰ ਮੁਸਾਫ਼ਰ 'ਚ ਨਾਚ ਬੇਦਾਗੀ,
ਅਨੂਪ-ਛਾਇਆ ਮੁਲਾਕਾਤ ਦੀ ਕਲਾਕਾਰੀ ।" (ਬੰਦਰਗਾਹ, ਪੰਨਾ 38)

ਬਾਵਾ ਬਲਵੰਤ ਦੇ ਇਹ ਬਿੰਬ ਉਸ ਬੰਦਰਗਾਹ ਨੂੰ ਸਪਸ਼ਟ ਰੂਪ ਵਿਚ ਪਰਿਭਾਸ਼ਿਤ ਨਹੀਂ ਕਰਦੇ ਸਗੋਂ ਇਹ ਬਿੰਬਾਂ ਦੇ ਢੇਰ ਇਸ ਕਵਿਤਾ ਵਿਚ ਇਕ ਰਹੱਸਾਤਮਕ ਧੁੰਦ ਪੈਦਾ ਕਰਦੇ ਹਨ ਤੇ ਸਾਡੇ ਮਨ ਵਿਚ ਇਕ ਪ੍ਰਸ਼ਨ ਪੈਦਾ ਕਰ ਦਿੰਦੇ ਹਨ ਕਿ ਇਹ ਬੰਦਰਗਾਹ ਕੀ ਹੈ ? ਇਸ ਬੰਦਰਗਾਹ ਨਾਲ ਹੋਰ ਅੰਤਰ ਸੰਬੰਧਿਤ ਪ੍ਰਤੀਕ ਹਨ ਜਿਵੇਂ ਜਹਾਜ਼ ਦਾ ਪ੍ਰਤੀਕ, ਬਾਦਬਾਨਾਂ ਦਾ ਪ੍ਰਤੀਕ, ਜਹਾਜ਼ ਦੇ ਕਪਤਾਨ ਦਾ ਪ੍ਰਤੀਕ, ਇਹ ਜਿਹੜੇ ਅੰਤਰ ਸੰਬੰਧਿਤ ਪ੍ਰਤੀਕ ਹਨ ਇਹ ਉਸ ਬੋਧਿਕ ਧੁੰਦ ਨੂੰ ਸਪਸ਼ਟ ਕਰਨ ਦਾ ਜਤਨ ਕਰਦੇ ਹਨ । ਕਵੀ ਕਲਪਨਾ ਵਿਚ ਜੋ ਬੰਦਰਗਾਹ ਬਣਾਉਂਦਾ ਹੈ ਉਸ ਵਿਚੋਂ ਇਕ ਜਹਾਜ਼ ਵਿਦਾ ਹੋ ਰਿਹਾ ਹੈ ਜਿਸ ਵਿਚ ਉਹ ਸਵਾਰ ਹੋਣਾ ਚਾਹੁੰਦਾ ਹੈ ਪਰ ਉਸ ਨੂੰ ਉਸ ਵਿਚ ਸਵਾਰ ਨਹੀਂ ਹੋਣ ਦਿਤਾ ਜਾਂਦਾ । ਉਹ ਜਹਾਜ਼ ਕਿਥੇ ਜਾ ਰਿਹਾ ਹੈ ? ਆਪ ਹੀ ਉਸ ਦਾ ਸੰਕੇਤ ਕਰਦਾ ਹੈ ਕਿ ਉਹ ਮਹਾਂ ਅਨੂਪ ਕਿਨਾਰਿਆਂ ਨੂੰ ਜਾ ਰਿਹਾ ਹੈ :—

"ਜਹਾਜ਼ ਵਾਲਿਓ, ਠਹਿਰੋ ਤਿਆਰ ਹਾਂ ਮੈਂ ਵੀ;
ਜਹਾਜ਼ ਵਾਲਿਓ, ਯਾਰੋ, ਫੜੋ ਮੇਰੀ ਗਠੜੀ ।
ਜਹਾਜ਼ ਵਾਲਿਓ, ਠਹਿਰੋ ਕਿ ਰੋ ਰਿਹਾ ਹਾਂ ਮੈਂ !
ਨਜ਼ਰ ਦੀ ਜੋਤ ਨੂੰ ਪਾਣੀ 'ਚ ਬੋ ਰਿਹਾ ਹਾਂ ਮੈਂ !
ਜਹਾਜ਼ ਵਾਲਿਓ ਰੋਕੋ ਕਿ ਆ ਰਿਹਾ ਹਾਂ ਮੈਂ;
ਮਹਾਂ ਅਨੂਪ ਕਿਨਾਰੇ ਨੂੰ ਜਾ ਰਿਹਾ ਹਾਂ ਮੈਂ !" (ਬੰਦਰਗਾਹ, ਪੰਨਾ 39)

ਕਵੀ ਵੀ ਉਥੇ ਪਹੁੰਚਣ ਦੇ ਆਦਰਸ਼ ਨਾਲ ਸੰਬੰਧਿਤ ਹੈ ਪਰ ਉਸ ਨੂੰ ਕਿਉਂਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਹਾਜ਼ ਦੀਆਂ ਸਵਾਰੀਆਂ ਵਿਚ ਸ਼ਾਮਲ ਨਹੀਂ ਕੀਤਾ ਜਾ ਰਿਹਾ ਇਸ ਵਾਸਤੇ ਉਹ ਉਥੇ ਪਹੁੰਚ ਨਹੀਂ ਸਕਦਾ। ਇਉਂ ਇਹ ਸਾਰੀ ਕਵਿਤਾ ਦੇ ਵਿਚ ਕਵੀ ਇਕ ਸੁਪਨਕਾਰ ਦੇ ਤੌਰ ਤੇ ਬੋਲਦਾ ਹੈ :—

> "ਤੂੰ ਆਪਣੇ ਮੌਨ ਸਿਪਾਹੀਆਂ ਦੇ ਦਿਲ 'ਚ ਦਰਦ ਜਗਾ।
> ਤੂੰ ਕਹਿ ਦੇ, ਕਹਿ ਦੇ ਕਿ ਹੈ ਸੁਪਨ-ਕਾਰ ਸਭ ਤੋਂ ਜੁਦਾ।"
> (ਬੰਦਰਗਾਹ, ਪੰਨਾ 39)

ਇਸ ਸਾਰੀ ਕਵਿਤਾ ਵਿਚ ਇਕ ਫੈਂਤਾਸੀਦਾ ਸੁਪਨਮਈ ਵਾਤਾਵਰਣ ਹੈ ਪਰ ਜਦੋਂ ਅਸੀਂ ਇਸ ਸੁਪਨ-ਮਾਹੌਲ ਵਿਚ ਸਿਰਜੇ ਹੋਏ ਪ੍ਰਤੀਕਾਂ ਨੂੰ ਖੋਲ੍ਹਦੇ ਹਾਂ ਤਾਂ ਸੰਕੇਤਕ ਤੌਰ ਤੇ ਇਹ ਸਪਸ਼ਟ ਹੁੰਦਾ ਹੈ ਕਿ ਇਹ ਕਵਿਤਾ ਇਕ ਅਪ੍ਰਾਪਤੀ ਦੇ ਅਨੁਭਵ ਨਾਲ ਸੰਬੰਧਿਤ ਹੈ। ਜਿਹੜਾ ਉਹ ਜਹਾਜ਼ ਚਲਾ ਗਿਆ ਹੈ ਉਹ ਉਸ ਦੀ ਮੁਹੱਬਤ ਦਾ ਜਹਾਜ਼ ਹੈ ਅਤੇ ਜਿਹੜਾ ਇਸ ਜਹਾਜ਼ ਦਾ ਕਪਤਾਨ ਹੈ ਉਹ ਅਸਲ ਵਿਚ ਉਸ ਦੀ ਪ੍ਰੇਮਿਕਾ ਹੈ। (ਇਸ ਦਾ ਜ਼ਿਕਰ ਪੁਸਤਕ ਦੇ ਅਖੀਰ ਵਿਚ ਜਿਹੜਾ ਕਵਿਤਾ ਬਾਰੇ ਵਿਸਥਾਰ ਦਿਤਾ ਗਿਆ ਹੈ ਉਸ ਵਿਚ ਵੀ ਕੀਤਾ ਗਿਆ ਹੈ।) (ਪੰਨਾ 130-131)

ਬਾਵਾ ਬਲਵੰਤ ਦੀ ਇਸ ਕਵਿਤਾ ਦੀ ਤੁਲਨਾ ਅੰਗ੍ਰੇਜ਼ੀ ਕਵੀ ਡਬਲਿਊ. ਬੀ. ਯੇਟਸ ਦੀ ਕਵਿਤਾ 'Sailing to Byzantium' ਨਾਲ ਕੀਤੀ ਜਾ ਸਕਦੀ ਹੈ। ਇਸ ਕਵਿਤਾ ਦਾ ਮਾਹੌਲ ਵੀ ਸੁਪਨਮਈ ਹੈ ਅਤੇ ਯੇਟਸ ਇਸ ਵਿਚ ਇਕ ਸੁਪਨਕਾਰ ਦੇ ਤੌਰ ਤੇ ਬੋਲਦਾ ਹੈ। ਇਸ ਵਿਚ ਵੀ ਯੇਟਸ ਇਕ ਪਵਿੱਤਰ ਨਗਰ Byzantium ਦੀ ਕਲਪਨਾ ਕਰਦਾ ਹੈ ਉਥੇ ਪਹੁੰਚਣਾ ਉਸ ਦਾ ਆਦਰਸ਼ ਹੈ :—

> "And therefore I have Sailed the seas and come to
> the holy city of Byzantium".[15]

ਯੇਟਸ ਦੀ ਇਹ ਕਵਿਤਾ ਵੀ ਪ੍ਰਤੀਕਵਾਦੀ ਹੈ। ਇਸ ਵਿਚ ਉਹ ਜਿਹੜੇ ਪ੍ਰਤੀਕ ਲੈਂਦਾ ਹੈ ਉਹ ਪ੍ਰਕਿਰਤੀ ਵਿਚੋਂ ਹਨ ਜਿਵੇਂ, (birds in the trees, the Salmon falls fish, flesh or fowl) ਆਦਿ। ਹੋਰ ਕਈ ਪ੍ਰਤੀਕ ਜਿਵੇਂ (aged man Sages, holy fire, goldsmith, drowsy Emperor) ਆਦਿ।

ਬਾਵਾ ਬਲਵੰਤ ਤੇ ਯੇਟਸ ਦੋਵੇਂ ਹੀ ਆਪਣੀ ਗੱਲ ਕਹਿਣ ਲਈ ਪ੍ਰਤੀਕ (Symbol) ਦੀ ਵਿਧੀ ਦਾ ਸਹਾਰਾ ਲੈਂਦੇ ਹਨ। ਪ੍ਰਤੀਕ ਦਾ ਪ੍ਰਯੋਗ ਉਸ ਸਮੂਰਤ ਚੀਜ਼ ਲਈ ਕੀਤਾ ਜਾਂਦਾ ਹੈ ਜਿਹੜੀ ਦਿਮਾਗ ਦੇ ਸਾਹਮਣੇ ਕਿਸੇ ਅਪ੍ਰਸਤੁਤ ਵਿਸ਼ੇ ਦੀ ਸਾਦ੍ਰਿਸ਼ਟਤਾ ਨੂੰ ਆਪਣੇ ਸੰਬੰਧ ਸੂਤਰਾਂ ਰਾਹੀਂ ਪੇਸ਼ ਕਰਦੀ ਹੈ[16]। ਕਈ ਵਾਰੀ ਉਹ ਇਸ ਕੰਮ ਲਈ ਪਰੰਪਰਾ, ਇਤਿਹਾਸ ਮਿਥਿਹਾਸ ਦੇ ਖ਼ਜ਼ਾਨਿਆਂ ਵਿਚੋਂ ਪ੍ਰਤੀਕ ਲੈਂਦਾ ਹੈ ਤੇ ਉਸ ਵਿਚੋਂ ਸੱਜਰੇ ਅਲੰਕਾਰ ਜਾਂ ਬਿੰਬ ਸਿਰਜਦਾ ਜਾਂਦਾ ਹੈ[17]। ਪਰ ਯੇਟਸ ਅਤੇ ਬਾਵਾ ਬਲਵੰਤ ਵਿਚ ਇਕ ਅੰਤਰ ਰਹਿੰਦਾ ਹੈ, ਯੇਟਸ ਦੇ ਪ੍ਰਕਿਰਤੀ 'ਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਏ ਹੋਏ ਪ੍ਰਤੀਕ ਤੇ ਸਿਰਜੇ ਬਿੰਬ ਉਸ ਦੀ ਕਵਿਤਾ ਨੂੰ ਸਪਸ਼ਟਤਾ ਵੱਲ ਤੋਰਦੇ ਹਨ ਤੇ ਬਾਵਾ ਬਲਵੰਤ ਦੀ ਕਵਿਤਾ ਇਕ ਧੁੰਦ ਤੇ ਅਸਪਸ਼ਟਦਾ ਵੱਲ ਵਧਦੀ ਹੈ, ਜਿਸ ਨੂੰ ਉਹ ਪੁਸਤਕ ਦੇ ਅੰਤ ਤੇ ਨੋਟ ਦੇ ਕੇ ਸਪਸ਼ਟ ਕਰਦਾ ਹੈ, ਇਉਂ ਉਸ ਦੀ ਵਿਧੀ ਨਿਜੀ ਪ੍ਰਤੀਕਾਂ (Private Symbols) ਵਾਲੀ ਬਣ ਜਾਂਦੀ ਹੈ, ਇਸੇ ਲਈ 'ਜਹਾਜ਼ਰਾਨ' ਦਾ ਪ੍ਰਤੀਕ ਉਸ ਦੀ ਇਕ ਹੋਰ ਕਵਿਤਾ 'ਜਹਾਜ਼ਰਾਨ' ਵਿਚ ਭਿੰਨ ਅਰਥਾਂ ਵਿਚ ਆਉਂਦਾ ਹੈ। ਇਹ ਕਵਿਤਾ ਮਹਾਂ ਕਵੀ ਟੈਗੋਰ ਨੂੰ ਸ਼ਰਧਾਂਜਲੀ ਹੈ :—

"ਗਿਆ ਜਹਾਜ਼, ਤੁਰ ਗਿਆ—
ਮਹਾਂ ਅਡੰਬਰਾਂ 'ਚੋਂ ਜੋ,
ਅਕਾਲ-ਜੋਤ-ਵਿਸ਼ਵ ਦੇ ਅਲੋਕ ਅੰਬਰਾਂ'ਚੋਂ ਜੋ।" (ਬੰਦਰਗਾਹ,ਪੰਨਾ 46)

ਪਿੱਪਲ ਦੀਆਂ ਛਾਵਾਂ :

"ਸਈਓ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ !
ਆਵੇ ਕੌਲ ਕਰਾਰਾਂ ਵਾਲਾ
ਮੈਂ ਕੀ ਕੀ ਸਗਨ ਮਨਾਵਾਂ ?
ਸਈਓ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ !"

(ਅਮਰ ਗੀਤ, ਪੰਨਾ 17)

ਇਹ ਬਾਵਾ ਬਲਵੰਤ ਰਚਿਤ ਪ੍ਰਗੀਤ ਹੈ ਤੇ ਉਸ ਦੇ ਇਸ ਪੱਖ ਬਾਰੇ ਬਹੁਤ ਘੱਟ ਵਿਚਾਰਿਆ ਗਿਆ ਹੈ। ਬਾਵਾ ਬਲਵੰਤ ਦੀ ਕਿਤਾਬ 'ਅਮਰ ਗੀਤ' ਉਸ ਦੀ ਪ੍ਰਗੀਤ ਵਿਧੀ ਨੂੰ ਹੀ ਸਾਹਮਣੇ ਲਿਆਉਂਦੀ ਹੈ। 'ਸੁਗੰਧ ਸਮੀਰ' ਦਾ ਇਕ ਹਿੱਸਾ ਵੀ ਪ੍ਰਗੀਤਾਂ ਨਾਲ ਸੰਬੰਧਿਤ ਹੈ। ਪ੍ਰਗੀਤ ਬਾਰੇ ਆਲੋਚਕਾਂ ਦਾ ਕਹਿਣਾ ਹੈ ਕਿ ਪ੍ਰਗੀਤ ਹੀ ਕਵੀ ਦੇ ਅੰਤਰਜਗਤ ਦੇ ਨਾਨਾ ਪ੍ਰਕਾਰ ਦੇ ਵਿਚਾਰਾਂ ਨੂੰ ਬਾਹਰ ਪ੍ਰਗਟ ਕਰਨ ਦਾ ਮਾਧਿਅਮ ਹੈ। ਪ੍ਰਗੀਤ ਵਿਚ ਕਵੀ ਦਾ ਆਤਮ ਪ੍ਰਕਾਸ਼ਨ ਤਾਂ ਹੁੰਦਾ ਹੀ ਹੈ ਪਰ ਉਸ ਦੀ ਸ਼ੈਲੀ ਵੀ ਬੜੀ ਵਿਅਕਤੀਗਤ ਹੁੰਦੀ ਹੈ।[18]

ਅੰਗ੍ਰੇਜ਼ੀ ਵਿਚ ਪ੍ਰਗੀਤ ਨੂੰ ਲਿਰਿਕ (Lyric) ਕਿਹਾ ਜਾਂਦਾ ਹੈ ਅਤੇ ਇਸ ਸ਼ਬਦ ਦੀ ਉਤਪੱਤੀ ਲਾਯਰ (Lyre) ਨਾਂ ਦੇ ਸੰਗੀਤ ਬਜਾਉਣ ਵਾਲੇ ਯੰਤਰ ਤੋਂ ਹੋਈ ਅਤੇ ਇਸ ਯੰਤਰ ਨਾਲ ਜਿਹੜੇ ਗੀਤ ਗਾਏ ਉਸ ਨੂੰ ਲਿਰਿਕ (Lyric) ਕਿਹਾ ਗਿਆ। ਲਿਰਿਕ ਕਵਿਤਾ (Lyric Poetry) ਸੰਗੀਤ ਨਹੀਂ ਪਰੰਤੂ ਇਸ ਦੇ ਸ਼ਬਦਾਂ ਵਿਚੋਂ ਇਕ ਲੈਅ (rhyme) ਝਲਕਦੀ ਹੈ।[19] ਜੇਮਸ ਜੋਏਸ (James Joyce) ਅਨੁਸਾਰ ਪ੍ਰਗੀਤਕ ਕਵਿਤਾ ਵਿਚ ਕਵੀ ਆਪਣੇ ਅਨੁਭਵ ਵਿਚੋਂ ਬਿੰਬ ਪੇਸ਼ ਕਰਦਾ ਹੈ।[20] ਹਰਬਰਟ ਰੀਡ ਅਨੁਸਾਰ ਪ੍ਰਗੀਤਕ ਕਵਿਤਾ ਭਾਵੁਕ (emotional) ਨਹੀਂ ਹੁੰਦੀ, ਪਰੰਤੂ ਉਸ ਵਿਚ ਜਿਹੜੇ ਵਿਚਾਰ ਪੇਸ਼ ਹੁੰਦੇ ਹਨ ਕਲਪਨਾ ਦੁਆਰਾ ਉਹ ਭਾਵੁਕ ਹੁੰਦੇ ਹਨ।[21]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਨਾਨੀ ਵਿਦਵਾਨਾਂ ਨੇ ਜਦ ਕਾਵਿ ਦੀ ਵੰਡ ਕੀਤੀ ਤਾਂ ਇਕ ਤਰਫ਼ ਉਨ੍ਹਾਂ ਗੀਤਾਂ ਨੂੰ ਰਖਿਆ ਜਿਨ੍ਹਾਂ ਦਾ ਗਾਨ ਸਮੂਹ ਵਿਚ ਹੁੰਦਾ ਸੀ। ਇਨ੍ਹਾਂ ਨੂੰ ਉਹ ਕੋਰਿਕ (Ch ric) ਕਹਿੰਦੇ ਸਨ ਅਤੇ ਦੂਸਰੀ ਤਰਫ਼ ਲਾਯਰ ਨਾਂ ਦੇ ਸੰਗੀਤ ਯੰਤਰ ਨਾਲ ਇਕੱਲੇ ਗਾਈ ਜਾਣ ਵਾਲੀ ਕਵਿਤਾ ਰੱਖੀ ਗਈ ਜਿਸ ਨੂੰ ਲੂਰਾ (Lura) ਦੇ ਨਾਂ ਤੇ ਲੂਰਿਕੋਸ (Luricos) ਕਿਹਾ ਗਿਆ। ਅੰਗ੍ਰੇਜ਼ੀ ਵਿਚ ਆ ਕੇ ਇਹੀ ਲਿਰਿਕ ਹੋ ਗਿਆ,...ਲਿਰਿਕ ਦਾ ਗਾਨ ਕੇਵਲ ਇਕ ਹੀ ਕਵੀ ਦੁਆਰਾ ਹੁੰਦਾ ਹੈ।[22]

ਕੇਵਲ ਇਕ ਪ੍ਰਗੀਤ ਤੋਂ ਬਾਵਾ ਬਲਵੰਤ ਦੀ ਸਾਰੀ ਪ੍ਰਗੀਤ ਸ਼ੈਲੀ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ ਪਰ ਅਸੀਂ ਇਥੇ ਇਕ ਪ੍ਰਗੀਤ (ਪਿੱਪਲ ਦੀਆਂ ਛਾਵਾਂ) ਨੂੰ ਆਧਾਰ ਬਣਾ ਰਹੇ ਹਾਂ ਜਿਹੜਾ ਉਸ ਦੀ ਪ੍ਰਗੀਤ ਵਿਧੀ ਵੱਲ ਕਾਫ਼ੀ ਸੰਕੇਤ ਕਰਦਾ ਹੈ। ਬਾਵਾ ਬਲਵੰਤ ਦੇ ਇਸ ਪ੍ਰਗੀਤ ਦਾ ਮੁਹਾਂਦਰਾ ਸਾਡੇ ਲੋਕ ਗੀਤਾਂ ਨਾਲ ਕਾਫ਼ੀ ਮਿਲਦਾ ਜੁਲਦਾ ਹੈ ਖ਼ਾਸ ਕਰਕੇ ਇਸ ਦੇ ਪਹਿਲੇ ਦੋ ਬੰਦ :—

"ਸਈਓ ਨੀ! ਢਲ ਚਲੀਆਂ ਪਿੱਪਲ ਦੀਆਂ ਛਾਵਾਂ!
ਆਵੇ ਕੌਲ ਕਰਾਰਾਂ ਵਾਲਾ,
ਮੈਂ ਕੀ ਕੀ ਸਗਨ ਮਨਾਵਾਂ?
ਸਈਓ ਨੀ! ਢਲ ਚਲੀਆਂ ਪਿੱਪਲ ਦੀਆਂ ਛਾਵਾਂ!
ਪਲ ਵਿਚ ਦੇਸ ਪਰਾਇਆ ਹੋਸੀ
ਖੇਡ-ਖਿਲਾਰਾਂ ਵਾਲਾ;
ਨਾ ਖੇਡਾਂ, ਨਾ ਗਲੀਆਂ ਰਹਿਸਨ।
ਨਾ ਗੁੱਡੀਆਂ ਦੀਆਂ ਮਾਵਾਂ।" (ਅਮਰਗੀਤ, ਪੰਨਾ-17)

ਪੰਜਾਬੀ ਦਾ ਪ੍ਰਗੀਤ ਲੋਕ ਗੀਤ ਦੇ ਕਾਫ਼ੀ ਨੇੜੇ ਰਿਹਾ ਹੈ, ਲੋਕਯਾਨ ਦੇ ਮੋਟਿਫ਼ ਤੇ ਚਿਹਨਾਂ ਨੂੰ ਵਰਤਦਾ ਰਿਹਾ ਹੈ। ਇਸ ਪ੍ਰਗੀਤ ਵਿਚ ਵੀ ਸਖੀ, ਤ੍ਰਿੰਜਨ, ਗੁਡੀਆਂ, ਦੇਸ ਪਰਾਏ, ਸਗਨਾਂ ਦੀ ਗੱਲ ਇਹ ਸਾਰੇ ਲੋਕਯਾਨੀ ਚਿਹਨ ਹਨ ਜਿਨ੍ਹਾਂ ਨੂੰ ਪੰਜਾਬੀ ਲੋਕ ਗੀਤ ਆਪਣਾ ਆਧਾਰ ਬਣਾਉਂਦੇ ਹਨ ਪਰ ਬਾਵਾ ਬਲਵੰਤ ਦੇ ਲਗਪਗ ਹਰ ਪ੍ਰਗੀਤ ਵਿਚ ਜੋ ਵਿਧੀ ਹੈ, ਉਹ ਆਪਣਾ ਹਰ ਪ੍ਰਗੀਤ ਸ਼ੁਰੂ ਤਾਂ ਲੋਕ ਗੀਤ ਦੀ ਵਿਧੀ ਨਾਲ ਕਰਦਾ ਹੈ, ਜਿਵੇਂ ਪਹਿਲੇ ਦੋ ਬੰਦ ਪਰ ਅਖ਼ੀਰ ਦੇ ਬੰਦ ਫਿਰ ਉਸ ਦੀ ਬੌਧਿਕ ਵਿਧੀ ਵਿਚ ਪਲਾਇਣ ਕਰ ਜਾਂਦੇ ਹਨ :—

"ਲੁਕ ਜਾਏਗਾ ਟਿਮਕਦਾ ਦੀਵਾ
ਧੁੰਦ ਗੁਬਾਰਾਂ ਉਹਲੇ;
ਅਗਲੇ ਰਾਹ ਵਿਚ ਕੋਈ ਨਾ ਦਿਸਦਾ ਮੰਜ਼ਲ ਦਾ ਪਰਛਾਵਾਂ!
ਚਲੋ ਨੀ, ਢਲ ਚਲੀਆਂ ਪਿੱਪਲ ਦੀਆਂ ਛਾਂਵਾਂ
ਚੰਦ-ਕਰਮਾਂ ਦੀ ਨਜ਼ਰ ਨਾ ਆਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਰ ਕਿਤੇ ਰੁਸ਼ਨਾਈ;
ਅਪਣੀ ਖੇਡ ਨਾ ਬੰਦ ਕਰੇ ਕਿਉਂ
ਸਾਡੀ ਖੇਡ ਮੁਕਾਈ ?
ਬੁਝਦਾ ਦੇਖ ਕੇ ਆਲ ਦੁਆਲਾ
ਕੀ ਰੋਵਾਂ ? ਕੀ ਗਾਵਾਂ ?
ਆਵੋ ਨੀ ! ਢਲ ਚਲੀਆਂ ਪਿੱਪਲ ਦੀਆਂ ਛਾਵਾਂ ।''

(ਅਮਰਗੀਤ, ਪੰਨਾ-17)

ਉਸ ਦੀਆਂ ਹੋਰ ਕਵਿਤਾਵਾਂ ਵਾਲੀ ਨਵ-ਰਹੱਸਵਾਦੀ ਜਾਂ ਰਹੱਸਾਤਮਕ ਵਿਧੀ ਆ ਰਲੀ ਹੈ । ਬਾਵਾ ਬਲਵੰਤ ਦੀ ਸਾਰੀ ਪ੍ਰਗੀਤ ਕਲਾ ਲੋਕਯਾਨ ਦੇ ਮੋਟਿਫ਼ਾਂ ਲੋਕਗੀਤ ਅਤੇ ਬੌਧਿਕ ਕਵਿਤਾ ਦੀ ਵਿਧੀ ਦਾ ਰਲਾ ਮਿਲਾ ਹੈ । ਇਸੇ ਨੂੰ ਉਸ ਦੇ ਪ੍ਰਗੀਤ ਦੀ ਵਿਲੱਖਣਤਾ ਆਖਿਆ ਜਾ ਸਕਦਾ ਹੈ । ਇਸ ਨੂੰ ਹੋਰ ਵਿਸਥਾਰ ਵਿਚ ਸਿੱਧ ਕਰਨ ਲਈ ਅਸੀਂ ਉਸ ਦੇ ਬਾਅਦ ਦੇ ਇਕ ਹੋਰ ਪ੍ਰਗੀਤ 'ਤ੍ਰੈਠਾਂ ਵਾਲੇ' ਦੀ ਉਦਾਹਰਣ ਲੈ ਸਕਦੇ ਹਾਂ :—

''ਲੰਘ ਗਏ ਹਨ ਊਠਾਂ ਵਾਲੇ !
ਅਰਸ਼ਾਂ ਤਕ ਪਰਛਾਵੇਂ ਪਾ ਕੇ,
ਮਾਰੂਥਲ ਦੇ ਥੰਮ ਹਿਲਾ ਕੇ;
ਲੰਘੇ ਨਕਸ਼ ਸਦੀਵੀ ਦੇ ਕੇ,
ਤਰਦੇ ਰੇਤ 'ਚ ਬੇੜੀ ਖੇ ਕੇ;
ਇਸ ਸਾਗਰ, ਇਸ ਲਹਿਰ-ਨਗਰ 'ਚੋਂ
ਦਿੰਦੇ ਲੈਂਦੇ ਪੁਨਰ-ਉਛਾਲੇ
ਲੰਘ ਗਏ ਹਨ ਊਠਾਂ ਵਾਲੇ ।''

(ਬੰਦਰਗਾਹ, ਪੰਨਾ-55)

ਇਸ ਪ੍ਰਗੀਤ ਵਿਚ ਵੀ ਜਿਵੇਂ ਉਸ ਨੇ ਸੱਸੀ ਪੁੰਨੂੰ ਦੀ ਪ੍ਰੇਮ ਕਥਾ ਤੋਂ ਗੱਲ ਸ਼ੁਰੂ ਕੀਤੀ ਹੈ । ਉਸ ਦਾ ਸਰੋਕਾਰ ਲੋਕ ਸਾਹਿਤ ਨਾਲ ਹੈ, ਪਰੰਤੂ ਅਗਲੇ ਬੰਦਾਂ ਵਿਚ ਉਸ ਦੀ ਬੌਧਿਕ ਵਿਧੀ ਵਾਲੀ ਭਾਸ਼ਾ, ਭਾਵ, ਸਵੈ-ਨਿਰਾਸ਼ਾ ਨੂੰ ਉਹਨਾਂ ਚਿਹਨਾਂ ਨਾਲ ਇਕਸੁਰ ਕਰਨ ਦੀ ਵਿਧੀ ਵੱਧ ਜਾਂਦੀ ਹੈ :—

''ਹੇ ਛਾਇਆ ਦੇ ਪੂਜਕ ਨੈਣੋਂ !
ਆਕੀ ਹਾਂ ਇਹ ਹਾਸੇ ਸਹਿਣੋਂ
ਕੌਣ ਸਤਾਰੇ ਤੋੜ ਕੇ ਜਾਏ,
ਉਸ ਪੁੰਨੂੰ ਨੂੰ ਮੋੜ ਲਿਆਏ ?
ਨੀ ਕਿਰਨੋਂ ਕੁਝ ਤੇਜ਼ ਵਿਖਾਓ,
ਆਸ-ਨਿਰਾਸਾ ਫੂਕ ਮੁਕਾਓ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੱਸੀ-ਪ੍ਰੀਤ ਨਾ ਉਸ ਨੂੰ ਭਾਈ,
ਸੁੱਤੀ ਦੇਖ ਕੇ ਹੋ ਗਿਆ ਰਾਹੀ,
ਮਿੱਟ ਜਾ ਹੁਣ ਮਿੱਟੀ ਦੇ ਛਾਲੇ !
ਲੰਘ ਗਏ ਹਨ ਊਠਾਂ ਵਾਲੇ !" (ਬੰਦਰਗਾਹ, ਪੰਨਾ-56)

ਇਉਂ ਇਹ ਪ੍ਰਗੀਤ ਵੀ ਉਹੋ ਜਿਹੇ ਪਲਾਇਣ ਅਤੇ ਰਲਾ ਮਿਲਾ ਦੀ ਵਿਧੀ ਨੂੰ ਸਿੱਧ ਕਰਦਾ ਹੈ ।

ਰਥ—

"ਅਸੀਂ ਜੋ ਦੌੜ ਕੇ ਆਏ ਹਾਂ ਇਸ ਤਰ੍ਹਾਂ ਰਾਤੀਂ,
ਜ਼ਮੀਨ ਫੜ ਨਾ ਲਵੇ ਸਾਡਾ ਰਥ ਕਿਤੇ,ਰਾਣੀ ?"(ਅਮਰਗੀਤ,ਪੰਨਾ-61)

ਬਾਵਾ ਬਲਵੰਤ ਨੇ ਆਪਣੀਆਂ ਕਵਿਤਾਵਾਂ ਵਿਚ ਬਹੁਤ ਸਾਰੀਆਂ ਸੌਨਿਟਾਂ ਲਿਖੀਆਂ ਹਨ ਜਿਵੇਂ 'ਸਰੋਵਰ', 'ਰੌਸ਼ਨੀ ਲਈ', 'ਬੇੜੀ', 'ਬੱਚਾ ਤੇ ਚੰਦ' (ਅਮਰਗੀਤ) ਆਦਿ । ਹੋਰ ਵੀ ਕਈ ਕਵੀਆਂ ਨੇ ਸੌਨਿਟ ਲਿਖੀਆਂ ਹਨ ਪਰ ਸੌਨਿਟ ਦਾ ਰੂਪ ਬਾਵਾ ਬਲਵੰਤ ਤੋਂ ਪਿਛੋਂ ਬਹੁਤਾ ਪ੍ਰਚਲਿਤ ਨਹੀਂ ਹੋਇਆ ਸਗੋਂ ਗਜ਼ਲ ਵੱਲ ਪੰਜਾਬੀ ਕਵੀਆਂ ਦਾ ਧਿਆਨ ਵਧੇਰੇ ਗਿਆ । ਬਾਵਾ ਬਲਵੰਤ ਦੀ ਕਵਿਤਾ ਦਾ ਅਧਿਐਨ ਕਰਦਿਆਂ ਜ਼ਰੂਰੀ ਹੈ ਕਿ ਉਸ ਦੀਆਂ ਇਨ੍ਹਾਂ ਕਵਿਤਾਵਾਂ ਦਾ ਵੀ ਅਧਿਐਨ ਕੀਤਾ ਜਾਏ । ਉਸ ਦਾ ਕਾਰਣ ਇਹ ਹੈ ਕਿ ਸੌਨਿਟ ਸਾਡਾ ਆਪਣਾ ਕਾਵਿ ਰੂਪ ਨਹੀਂ । ਅੰਗ੍ਰੇਜ਼ੀ ਅਤੇ ਹੋਰ ਯੋਰਪੀ ਭਾਸ਼ਾਵਾਂ ਵਿਚ ਇਹ ਪ੍ਰਚਲਿਤ ਹੋਇਆ ਪਰ ਇਹ ਇਕ ਇਹੋ ਜਿਹਾ ਕਾਵਿ ਰੂਪ ਹੈ ਜਿਹੜਾ ਬਹੁਤ ਬੰਦਸ਼ਾਂ ਵਾਲਾ ਹੈ । ਸੌਨਿਟ ਦੇ ਤਿੰਨ ਪ੍ਰਮੁੱਖ ਰੂਪ ਹਨ ਪੈਟਰਾਰਕਿਨ (Petrarchan) ਸਪੈਨਸੇਰਿਅਨ (Spencerian) ਅਤੇ ਸ਼ੈਕਸਪੀਰੀਅਨ (Shakesperian) ।[23] ਪੈਟਰਾਰਕਿਨ ਸੌਨਿਟ ਦੋ ਹਿੱਸਿਆਂ ਵਿਚ ਹੁੰਦਾ ਹੈ । ਪਹਿਲੇ ਹਿੱਸੇ ਦੀਆਂ 8 ਸਤਰਾਂ ਹੁੰਦੀਆਂ ਜਿਸ ਨੂੰ (Octave) ਕਿਹਾ ਜਾਂਦਾ ਹੈ ਅਤੇ ਦੂਜੇ ਹਿੱਸੇ ਦੀਆਂ 6 ਸਤਰਾਂ ਹੁੰਦੀਆਂ ਹਨ ਜਿਸ ਨੂੰ (Sestet) ਕਿਹਾ ਜਾਂਦਾ ਹੈ । ਪਹਿਲੀਆਂ ਚਾਰ ਸਤਰਾਂ (Quatrains) ਵਿਚ ਭਾਵ ਪ੍ਰਗਟ ਹੁੰਦਾ ਹੈ ਦੂਸਰੀਆਂ ਚਾਰ ਸਤਰਾਂ ਵਿਚ ਉਹ ਹੋਰ ਸਪਸ਼ਟ ਹੁੰਦਾ ਹੈ ਅਤੇ ਫਿਰ ਉਹ ਭਾਵ ਤਿੰਨ ਸਤਰਾਂ ਵਿਚ (Tercet) ਨਵੇਂ ਰੂਪ ਵਿਚ ਪ੍ਰਗਟ ਹੋ ਕੇ ਅੰਤਲੀਆਂ ਤਿੰਨ ਸਤਰਾਂ ਵਿਚ ਹੋਰ ਸਪਸ਼ਟ ਹੁੰਦਾ ਹੈ । ਸਪਨਸੇਰਿਅਨ ਸੌਨਿਟ ਚਾਰ-ਚਾਰ ਸਤਰਾਂ (Quatrains) ਦੇ ਤਿੰਨ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ ਅਤੇ ਉਸ ਦਾ ਅੰਤ ਦੋ ਸਤਰਾਂ (Couplet) ਨਾਲ ਕੀਤਾ ਜਾਂਦਾ ਹੈ । ਤੀਸਰੇ ਪ੍ਰਕਾਰ ਦਾ ਸੌਨਿਟ ਸ਼ਕਸਪੀਅਰੀਅਨ ਦੇ ਨਾਂ ਨਾਲ ਪ੍ਰਸਿੱਧ ਹੋਇਆ । ਇਹ ਸੌਨਿਟ ਇਟਾਲਵੀ ਸੌਨਿਟ (ਪੈਟਰਾਰਕ) ਤੋਂ ਬਿਲਕੁਲ ਵੱਖਰਾ ਸੀ ਅਤੇ ਸਪੈਸੇਰਿਅਨ ਸੌਨਿਟ ਨਾਲ ਮਿਲਦਾ ਜੁਲਦਾ ਸੀ । ਇਹ ਸੌਨਿਟ ਪ੍ਰੇਮ ਭਾਵਨਾਵਾਂ ਨਾਲ ਸੰਬੰਧਿਤ ਸੀ । ਪਰ ਸਭ ਤੋਂ ਵਧੇਰੇ ਚਰਚਾ ਜਾਂ ਤਾਂ ਇਟਲੀ ਦੇ ਕਵੀ ਦਾਂਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ (Vita Nuove) ਦਾ ਹੋਇਆ ਜਿਸ ਨੂੰ ਉਸ ਨੇ ਸੌਨਿਟਾਂ ਦੇ ਰੂਪ ਵਿਚ ਲਿਖਿਆ ਅਤੇ ਜਾਂ ਫਿਰ ਪੈਟਰਾਰਕ (Petrarch) ਦੇ (Conzoniere) ਦਾ ਹੋਇਆ ਜਿਸ ਨੂੰ ਉਸ ਨੇ ਸੌਨਿਟਾਂ ਦੇ ਰੂਪ ਵਿਚ ਲਿਖਿਆ ਅਤੇ ਜਾਂ ਫਿਰ ਸ਼ੈਕਸਪੀਅਰ ਦੇ ਸੌਨਿਟ ਦਾ ਹੋਇਆ। ਸ਼ੈਕਸਪੀਅਰ ਦੇ ਸੌਨਿਟ ਵਧੇਰੇ ਪ੍ਰਭਾਵਸ਼ਾਲੀ ਸਨ। ਉਸਦੀ ਰਿਦਮ ਸਪੈਂਸਰ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਸੀ।

ਵਿਸ਼ਵ ਵਿਚ ਸੌਨਿਟ ਦੇ ਇਕੋ ਰੂਪ ਨੂੰ ਹੀ ਨਹੀਂ ਅਪਣਾਇਆ ਗਿਆ, ਸਗੋਂ ਬਹੁਤ ਸਾਰੇ ਰੂਪਾਂ ਨੂੰ ਅਪਣਾਇਆ ਗਿਆ ਅਤੇ ਉਸ ਵਿਚ ਵੀ ਕਈ ਮੀਟਰਾਂ ਅਤੇ ਕਈ ਵਿਸ਼ਿਆਂ ਨੂੰ ਅਪਣਾਇਆ ਗਿਆ। ਸੌਨਿਟਾਂ ਧਾਰਮਿਕ, ਰਾਜਨੀਤਿਕ, ਸਮਾਜਕ ਜਾਂ ਪ੍ਰਕਿਰਤੀ ਬਾਰੇ ਜਾਂ ਪਿਆਰ ਬਾਰੇ ਸਭ ਵਿਸ਼ਿਆਂ ਬਾਰੇ ਲਿਖੀਆਂ ਗਈਆਂ ਹਨ। ਸ਼ੈਕਸਪੀਅਰ ਦੀਆਂ ਵਧੇਰੇ ਸੌਨਿਟਾਂ ਪਿਆਰ ਬਾਰੇ ਹਨ ਆਪਣੀ ਪ੍ਰੇਮਿਕਾ ਨੂੰ ਸੰਬੋਧਿਤ ਹਨ। ਦਾਂਤੇ (Dante) ਦੀਆਂ ਸੌਨਿਟਾਂ ਵੀ ਆਪਣੀ ਪ੍ਰੇਮਿਕਾ ਨੂੰ ਸੰਬੋਧਿਤ ਸਨ ਅਤੇ ਪੰਜਾਬੀ ਵਿਚ ਕਿਉਂਕਿ ਸੌਨਿਟ ਅੰਗ੍ਰੇਜ਼ੀ ਸਾਹਿਤ ਰਾਹੀਂ ਆਈ ਇਸ ਲਈ ਸ਼ੈਕਸਪੀਅਰ ਦੀ ਰਚਨਾ ਨੇ ਵਧੇਰੇ ਪ੍ਰਭਾਵਿਤ ਕੀਤਾ। ਸ਼ੈਕਸਪੀਅਰ ਇਨ੍ਹਾਂ ਸੌਨਿਟਾਂ ਨੂੰ ਲਿਖਣ ਲਗਿਆਂ ਭਾਵੇਂ ਕਈ ਤੋਲਾਂ ਨੂੰ ਅਪਣਾਉਂਦਾ ਹੈ ਪਰ ਫਿਰ ਵੀ ਜਿਸ ਮੀਟਰ ਜਾਂ ਤੋਲ ਨੂੰ ਉਹ ਆਮ ਤੌਰ ਤੇ ਅਪਣਾਉਂਦਾ ਹੈ ਉਹ ਹੈ ੳ ਅ-ab ੳ ਅ-ab ੲ ਸ-cd ੲ ਸ-cd ਹ ਕ-ef ਹ ਕ-ef ਖ ਖ-gg। ਆਮ ਤੌਰ ਤੇ ਬਹੁਤੀਆਂ ਸੌਨਿਟਾਂ ਵਿਚ ਦੋ ਹਿੱਸੇ ਬਣਾਏ ਗਏ। ਪਹਿਲੇ ਹਿੱਸੇ ਨੂੰ (Octaye) ਅਤੇ ਦੂਸਰੇ ਹਿੱਸੇ ਨੂੰ (Sestet) ਕਿਹਾ ਗਿਆ। ਪਹਿਲੇ ਹਿੱਸੇ (Octave) ਵਿਚ ਵਿਚਾਰ ਬਹੁਤ ਸੰਕੇਤਕ ਅਤੇ ਗਠਿਤ ਹੁੰਦਾ ਸੀ ਦੂਸਰੇ ਹਿੱਸੇ ਵਿਚ ਥੋੜਾ ਜਿਹਾ ਵਿਸਤ੍ਰਿਤ ਹੁੰਦਾ ਸੀ। ਪਰ ਦੋਹਾਂ ਦਾ ਅੰਤਰ-ਸੰਬੰਧ ਹੁੰਦਾ ਸੀ ਅਤੇ ਆਮ ਤੌਰ ਤੇ ਪਹਿਲੇ ਹਿੱਸੇ ਦੀਆਂ 8 ਸਤਰਾਂ ਹੁੰਦੀਆਂ ਸਨ ਤੇ ਦੂਜੇ ਹਿੱਸੇ ਦੀਆਂ 6 ਸਤਰਾਂ। ਪਰ ਸਤਰਾਂ ਦੀ ਇਹ ਗਿਣਤੀ ਰੱਖ ਕੇ ਤੁਕਾਂਤ ਦੀ ਜਿਹੜੀ ਵਿਧੀ ਹੈ ਉਸ ਨੂੰ ਕਈ ਵਾਰ ਬਦਲ ਵੀ ਲਿਆ ਜਾਂਦਾ ਹੈ।

ਬਾਵਾ ਬਲਵੰਤ ਦੀ ਜਿਹੜੀ ਸੌਨਿਟ (ਰਬ) ਸਾਡੇ ਵਿਚਾਰ ਅਧੀਨ ਹੈ ਉਸ ਵਿਚ ਬਾਵਾ ਬਲਵੰਤ ਨੇ ਜਿਹੜਾ ਤੋਲ ਤੁਕਾਂਤ ਅਪਣਾਇਆ ਹੈ ਉਸ ਨੂੰ ਹੇਠ ਲਿਖੇ ਅਨੁਸਾਰ ਕਿਹਾ ਜਾ ਸਕਦਾ ਹੈ: ੳ ਅ-ab ਅ ਉ-ba ੲ ਸ-cd ਸ ੲ-dc, ਅ ਹ-be ਹ ਅ-eb ਕ ਕ-ff। ਇਸ ਸੌਨਿਟ (ਰਬ) ਦੇ ਵੀ ਉਸ ਨੇ ਦੋ ਹਿੱਸੇ ਬਣਾਏ ਹਨ, ਪਹਿਲੇ ਹਿੱਸੇ ਦੀਆਂ 8 ਸਤਰਾਂ ਹਨ ਅਤੇ ਦੂਜੇ ਹਿੱਸੇ ਦੀਆਂ 6 ਸਤਰਾਂ। ਬਾਵਾ ਬਲਵੰਤ ਦਾ ਇਹ ਸੌਨਿਟ ਦਾਂਤੇ ਅਤੇ ਸ਼ੈਕਸਪੀਅਰ ਵਾਂਗ ਆਪਣੀ ਪ੍ਰੇਮਿਕਾ ਨੂੰ ਸੰਬੋਧਿਤ ਹੈ :—

"ਅਸੀਂ ਜੋ ਦੌੜ ਕੇ ਆਏ ਹਾਂ ਇਸ ਤਰ੍ਹਾਂ ਰਾਤੀਂ,
ਜ਼ਮੀਨ ਫੜ ਨ ਲਵੇ ਸਾਡਾ ਰਥ ਕਿਤੇ, ਰਾਣੀ ?
ਗੁਆਚ ਜਾਏ ਨਾ ਜੀਵਨ ਦਾ ਪਥ ਕਿਤੇ, ਰਾਣੀ ?
ਮਿਲੇਗੀ ਕਿਸਤਰ੍ਹਾਂ ਆਸ਼ਾ ਕਰਮ-ਜਨਮਦਾਤੀ ?"(ਅਮਰਜੀਤ, ਪੰਨ-61)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ ਇਹ ਸਾਨਿਟ ਦੇ ਆਰੰਭ ਤੋਂ ਹੀ ਇਕ ਬਿੰਬ ਸਿਰਜਦਾ ਹੈ ਉਹ ਇਉਂ ਸੋਚਦਾ ਹੈ ਜਿਵੇਂ ਉਹ ਆਪਣੀ ਪ੍ਰੇਮਿਕਾ ਕੋਲੋਂ ਦੌੜ ਕੇ ਆਇਆ ਹੋਵੇ ਜਿਵੇਂ ਕੋਈ ਤੇਜ਼ ਰਥ ਦੌੜ ਰਿਹਾ ਹੋਵੇ ਅਤੇ ਉਸ ਨੂੰ ਜੀਵਨ ਦਾ ਰਾਹ ਗੁਆਚ ਜਾਣ ਦਾ ਡਰ ਹੋਵੇ, ਕਿਤੇ ਉਹ ਫ਼ਰੇਬ ਦੇ ਜੰਗਲਾਂ ਵਿਚ ਨਾ ਫ਼ਸ ਜਾਏ। ਉਸ ਸਾਹਮਣੇ ਇਹ ਸੁਆਲ ਹੈ ਕਿ ਉਸ ਤੇਜ਼ ਦੌੜਦੇ ਰਥ ਨੂੰ ਉਹ ਕਿਸ ਤਰ੍ਹਾਂ ਰੋਕੇ। ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਦੁਬਾਰਾ ਆਪਣੀ ਪ੍ਰੇਮਿਕਾ ਦੀਆਂ ਖ਼ੁਸ਼ੀਆਂ ਦੇ ਸ਼ਹਿਰ 'ਚ ਨਹੀਂ ਜਾ ਸਕਦਾ, ਉਹ ਤਾਂ ਫਿਰ ਦੁਖਾਂ ਦੇ ਵਾਤਾਵਰਣ ਵਿਚ ਘਿਰਦਾ ਜਾਏਗਾ। ਉਹ ਇਹ ਸੋਚਦਾ ਹੈ ਕਿ ਉਹ ਸਾਹਮਣੇ ਆਏ ਦੁਖਾਂ ਤੋਂ ਵੀ ਕਿਉਂ ਭੱਜੇ। ਉਹ ਇਹ ਨਿਰਣਾ ਕਰਦਾ ਹੈ ਕਿ ਉਹ ਆਪਣੇ ਨਿਸ਼ਾਨੇ ਨੂੰ ਨਹੀਂ ਬਦਲੇਗਾ।

ਇਉਂ ਅਸੀਂ ਦੇਖਦੇ ਹਾਂ ਕਿ ਇਹ ਸੌਨਿਟ ਮੁਹੱਬਤ ਬਾਰੇ ਹੈ, ਪ੍ਰੇਮਿਕਾ ਦੇ ਵਿਛੋੜੇ ਬਾਰੇ ਹੈ। ਇਸ ਵਿਚ ਬਾਵਾ ਬਲਵੰਤ ਨੇ ਭਾਵਾਤਮਕ ਤੌਰ ਤੇ ਵੀ ਦਾਂਤੇ ਜਾਂ ਵਧੇਰੇ ਸ਼ੈਕਸਪੀਅਰੀ ਸੌਨਿਟ ਦੀ ਵਿਧੀ ਨੂੰ ਅਪਣਾਉਣ ਦਾ ਯਤਨ ਕੀਤਾ ਹੈ।

ਕੋਈ ਵੀ ਲੇਖਕ ਜਾਂ ਕਵੀ ਭਾਵੇਂ ਹੋਰ ਸਾਹਿਤ ਤੋਂ ਪ੍ਰਭਾਵਿਤ ਹੋਵੇ ਰੂਪ ਭਾਵੇਂ ਬਾਹਰ ਦਾ ਹੋਵੇ, ਪਰ ਆਪਣੀ ਮੂਲ ਵਿਧੀ ਤੋਂ ਉਹ ਬਹੁਤਾ ਦੂਰ ਨਹੀਂ ਜਾ ਸਕਦਾ। ਬਾਵਾ ਬਲਵੰਤ ਦੀ ਮੂਲ ਵਿਧੀ ਬਿੰਬ ਸਿਰਜਣ ਦੀ ਹੈ ਤੇ ਇਸ ਸੌਨਿਟ ਵਿਚ ਵੀ ਉਸ ਦੀ ਮੂਲ ਵਿਧੀ ਉਹੀ ਹੈ। ਦੌੜਦਾ ਰਥ, ਫ਼ਰੇਬ ਜੰਗਲ, ਰਾਹ ਦੀ ਦਲਦਲ, ਰਥ ਦਾ ਬੇਤਹਾਸ਼ਾ ਦੌੜਨਾ, ਬੰਦੀਖਾਨੇ ਆਦਿ ਇਹ ਸਾਰੀਆਂ ਗੱਲਾਂ ਰੱਲ ਕੇ ਇਕ ਬਿੰਬ ਨੂੰ ਸੰਪੂਰਨ ਕਰਦੀਆਂ ਹਨ। ਇਹ ਬਿੰਬ ਸਿਰਜਣ ਦੀ ਵਿਧੀ ਉਸ ਦੇ ਹਰ ਸੌਨਿਟ ਵਿਚ ਵੇਖੀ ਜਾ ਸਕਦੀ ਹੈ। ਇਹੀ ਵਿਧੀ ਇਹ ਸਿੱਧ ਕਰਦੀ ਹੈ ਕਿ ਬਾਵਾ ਬਲਵੰਤ ਇਸ ਕਵਿਤਾ ਦੀ ਰੂਪ ਤਾਂ ਪੱਛਮੀ ਸਾਹਿਤ ਤੋਂ ਲੈਂਦਾ ਹੈ, ਪਰ ਉਸ ਦੀ ਅੰਤਰੀਵ ਕਲਾ ਜਾਂ ਵਿਧੀ ਉਹ ਉਸ ਦੀ ਮੂਲ ਕਵਿਤਾ ਵਾਲੀ ਹੈ।

ਨੋਟ ਤੇ ਹਵਾਲੇ

1. Frye Northrop, Anotomy of Criticism, P-164
2. ਸੰਹਾਰ ਔਰ ਨਿਰਮਾਣ ਦੋਨੋਂ ਹੀ ਕ੍ਰਿਆ ਕੇ ਸਮਯ ਵ ਪਾਨ ਸੇ ਪ੍ਰਮਤ੍ਰ ਹੀ ਤਾਂਡਵ ਕਰਤਾ ਹੈ......।
   ਉਪਾਧਯਾਯ ਭਗਵਤ ਸ਼ਰਣ, ਭਾਰਤੀਯ ਵਯਕਿਤ ਕੋਸ਼, ਪ੍ਰਸ਼ਠ-228.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. W. B. Yeats, The Poems of W.B. Yeats, (Ed.) Peter Allt and Russell K. Alspach. P-5?8.

4. ਸ਼ਰਮਾ ਕਿਸ਼ਨ ਲਾਲ, 'ਪੰਜਾਬੀ ਲੋਕਯਾਨ ਦਾ ਪੂਰਾ ਕਥਾਤਮਕ ਪਿਛੋਕੜ', 'ਲੋਕਯਾਨ ਅਧਿਅਨ' ਸੰ: ਕਰਨੈਲ ਸਿੰਘ ਥਿੰਦ, ਪੰਨਾ-79

5. "ਫੇਰ ਪਾਰੋ ਨੇ ਕਿਹਾ ਦੀ ਨੀਂਹ ਇਕ ਮਿਥਿਹਾਸਕ ਘਟਨਾ ਤੇ ਹੈ। ਸ਼ਿਵ ਦਾ ਵਿਆਹ ਪਾਰਬਤੀ ਨਾਲ ਹੋਇਆ ਸੀ ਤੇ ਇਸੇ ਗੱਲ ਨੂੰ ਕਾਲੀ ਦਾਸ ਨੇ ਆਪਣੇ ਮਹਾਂਕਾਵਿ 'ਕੁਮਾਰ ਸੰਭਵ' ਵਿਚ ਲਿਖਿਆ ਹੈ। ਪਰ ਇਸ ਕਵਿਤਾ ਵਿਚ ਉਸ ਕਹਾਣੀ ਦਾ ਝਲਕਾਰਾ ਮਾਤਰ ਹੀ ਹੈ।...ਬਾਵਾ ਜੀ ਨੇ ਸ਼ਿਵ ਨੂੰ ਜੰਗ ਲਈ ਤਿਆਰ ਹੁੰਦਿਆਂ ਦਿਖਾ ਕੇ ਸਿਆਣੀ ਜਨਤਾ ਦੀ ਸ਼ਕਤੀ ਨੂੰ ਪ੍ਰਗਟਾਇਆ ਹੈ। ਕੇਵਲ ਜਾਗ ਜਾਂ (Consciousness) ਦੀ ਹੀ ਲੋੜ ਹੁੰਦੀ ਹੈ। 'ਸ਼ਿਵ' ਸਦਾ ਕਾਇਮ ਰਹਿਣ ਵਾਲੇ ਜਾਂ ਕਲਿਆਣਕਾਰੀ ਦਾ ਅਰਥ ਦਿੰਦਾ ਹੈ। ਸ਼ਿਵ ਪੁਰਾਣੇ ਦੀ ਮੌਤ ਤੇ ਟੇਢੇ ਢੰਗ ਨਾਲ ਨਵੇਂ ਦੀ ਜਿੱਤ ਦਾ ਸੂਚਕ ਹੈ।...ਦੂਜੇ ਪਾਸੇ ਪਹਾੜਨ ਪਾਰਬਤੀ ਬੜੀ ਉਦਮਣ ਹੈ। ਉਹ ਰਾਗ ਅਤੇ ਸਾਹਿਤ ਦੀ ਦੇਵੀ ਹੈ। ਜਿਥੇ ਉਸ ਦਾ ਪਤੀ ਕੰਮ ਨਹੀਂ ਕਰ ਸਕਦਾ ਉਥੇ ਉਹ ਕਾਲੀ, ਕਾਲਕਾ ਤੇ ਦੁਰਗਾ ਦੇ ਰੂਪ ਵਿਚ ਆਪ ਵੀ ਲੜਦੀ ਹੈ ਤੇ ਸ਼ਿਵ ਨੂੰ ਨਵਾਂ ਜੋਸ਼ ਦੇ ਕੇ ਮਨੁੱਖਤਾ ਦੇ ਭਲੇ ਦੇ ਅਮਲ ਲਈ ਪ੍ਰੇਰਦੀ ਹੈ। ਜਨਤਾ ਇਥੇ ਸ਼ਿਵ ਹੈ ਤੇ ਪਾਰੋ ਜਾਂ ਪਾਰਬਤੀ ਅਮਲ ਤੋਂ ਉਪਜੀ ਚੇਤਨਤਾ ਦਾ ਪ੍ਰਕਾਸ਼ ਜਾਂ ਸਾਹਿਤ।"
(ਬੰਦਰਗਾਹ—ਪੰਨਾ 170-171.)

6. ਖਰੇ ਗਣੇਸ਼ ਡਾ:, ਆਧੁਨਿਕ ਕਾਵਯ ਪ੍ਰਵ੍ਰਿਤਿਤਯਾਂ : ਇਕ ਪੁਨ੍ਹ ਮੂਲਯਾਂਕਨ, ਪੰਨਾ-89.

7. ਜੁਆਲਾਮੁਖੀ, ਪੰਨਾ-23.

8. Encylopaedia Britannica, Ed. Tuylor Utah, Volume 18, 1978, 5th Edition, P-720.

9. ਖਰੇ ਗਣੇਸ਼ ਡਾ:, ਆਧੁਨਿਕ ਕਾਵਯ ਪ੍ਰਵ੍ਰਿਤਿਤਯਾਂ : ਇਕ ਪੁਨਮੂਲਯਾਂਕਨ, ਪ੍ਰਸ਼ਠ 94-95

10. Quoted from : ਤ੍ਰਿਵੇਦੀ ਰਾਮ ਪ੍ਰਸਾਦ, ਪ੍ਰਗਤਿਵਾਦੀ ਸਮੀਕਸ਼ਾ, ਪ੍ਰਸ਼ਠ-22

11. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ; ਪੰਨਾ 99-100

12. ਕਰਮਜੀਤ ਸਿੰਘ,ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ; ਪੰਨਾ-100.

13."Although certain trailes are common to all forms of nationalism each form is conditioned by the social structure

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

the intellectual traditions, cultural history and the geographic location of the society in which nationalism asserts itself."

International Encyclopaedia of the Social Sciences, (Ed.) David L. Sills. Vol-II, P-64.

14. ਕਰਮਜੀਤ ਸਿੰਘ,ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ, ਪੰਨਾ-102

15. W. B. Yeats. The Poems of W.B. Yeats, (Ed.) Peter Allt and Russell K. Alspach, P-407-408.

16. "The term (Symbol) given to visible object representing to the mind the resemblance of something which is not shown but realised by association with it".

Encyclopaedia Britanica, Ed. Tuylor Utah, Vol. 21. Page-700.

17. "Thus the good poet aims at wholeness of experience by means of the poetic imagination or mythic consciousness. Whereby he sees facts in terms of values and continually invents fresh metaphors (myths in little) and symbols.

Princeton Encyclopedia of poetry and Poetics, ed. Alex Preminger Frank J. Warnke and O.B. Hardison, P-366.

18. ਦੁਬੇ ਸ਼ਕੁੰਤਲਾ ਡਾ:, ਕਾਵਯ ਰੂਪੋਂ ਕੇ ਮੂਲ ਸਰੋਤ ਔਰ ਉਨਕਾ ਵਿਕਾਸ, ਪ੍ਰਸ਼ਠ-277

19. "Poetry is not music, it is representational of music in its sound patterns, basing its meter and rhyme on the regular lisear measure of the song".

Princeton Encyclopeadia of Poetry & Poetics, P-462.

20. "Lyrical Poetry is the form wherein the artist presents his image in immediate relation to himself" James Joyce, Idid, P-462.

21. "Hence in Lyrical Poetry what is conveyed is not mere emotion but the imaginative presentation of emotional states..."

Herbert Read, Ibid, P-462.

22. ਡਾ: ਸ਼ਕੁੰਤਲਾ ਦੁਬੇ, 'ਗੀਤ ਕਾਵਿ ਕਾ ਸਰੂਪ' ਪੰਨਾ-279.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

23. "The three most widely recoginzed forms of the S. with their traditional rhytheme schemes are the Petrarchan (octave : abbaabba; S-stet : cadecde or edcdcd or a similar combination that avoids the closing couplet), the Spenseria (abab bcdc cdcd ee) and the Eng. or Shakesperarean (abab cdcd ef ef gg)".
Princepton Encyclopeadia of Poetry and Poetics (Ed). Preminger Warnke Hardison M.), P-781.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ—ਤੀਸਰਾ

ਬਾਵਾ ਬਲਵੰਤ ਦੀ ਕਵਿਤਾ ਅਤੇ ਪ੍ਰਗਤੀਵਾਦ

ਬਾਵਾ ਬਲਵੰਤ ਦੀ ਕਵਿਤਾ ਨੂੰ ਪ੍ਰਗਤੀਵਾਦੀ ਸੰਦਰਭ ਵਿੱਚ ਹੁਣ ਤਕ ਕਾਫ਼ੀ ਵਿਚਾਰਿਆ ਗਿਆ ਹੈ ਤੇ ਉਹ ਸਥਾਪਿਤ ਪ੍ਰਗਤੀਵਾਦੀ ਕਵੀ ਹੈ, ਪਰ ਸਾਨੂੰ ਜਾਪਦਾ ਹੈ ਕਿ ਬਾਵਾ ਬਲਵੰਤ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਦਾ ਪੂਰਨ ਵਿਸ਼ਲੇਸ਼ਣ ਅਜੇ ਨਹੀਂ ਹੋਇਆ ਇਸੇ ਕਰਕੇ ਬਹੁਤੇ ਆਲੋਚਕ ਜਾਂ ਅਧਿਐਨਕਰਤਾ ਬਾਵਾ ਬਲਵੰਤ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਬਾਰੇ ਲਗਭਗ ਇਕੋ ਜਿਹੀਆਂ ਗੱਲਾਂ ਕਹਿੰਦੇ ਹਨ। ਅਸੀਂ ਬਾਵਾ ਬਲਵੰਤ ਦੇ ਕਾਵਿ-ਸਿਧਾਂਤ ਦਾ ਚਰਚਾ ਕਰਦਿਆਂ ਵੀ ਉਸ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਬਾਰੇ ਕੁਝ ਗੱਲਾਂ ਕੀਤੀਆਂ ਹਨ ਜਾਂ ਕਵਿਤਾਵਾਂ ਦੀ ਸਮੀਖਿਆ ਕਰਦਿਆਂ ਵੀ ਕੁਝ ਪੱਖਾਂ ਵੱਲ ਸੰਕੇਤ ਕੀਤਾ ਹੈ। ਪਰ ਇਸ ਅਧਿਆਇ ਵਿੱਚ ਉਸ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਦੀ ਵਿਲੱਖਣਤਾ ਬਾਰੇ ਨਿਰਣਾ ਕਰਨਾ ਚਾਹੁੰਦੇ ਹਾਂ। ਕੁਝ ਗੱਲਾਂ ਕਰਕੇ ਉਹ ਪੰਜਾਬੀ ਦੇ ਬਾਕੀ ਪ੍ਰਗਤੀਵਾਦੀ ਕਵੀਆਂ ਨਾਲੋਂ ਬਿਲਕੁਲ ਵੱਖਰਾ ਹੈ।

ਪ੍ਰਗਤੀਵਾਦ ਦਾ ਆਰੰਭ ਭਾਰਤ ਵਿੱਚ ਜਿਨ੍ਹਾਂ ਸਥਿਤੀਆਂ ਵਿਚ ਹੋਇਆ ਉਸ ਬਾਰੇ ਡਾ: ਨਾਮਵਰ ਸਿੰਘ ਨੇ ਬਹੁਤ ਢੁਕਵੇਂ ਸ਼ਬਦਾਂ ਵਿਚ ਚਰਚਾ ਕੀਤਾ।

1. "ਛਾਇਆਵਾਦ ਦੇ ਗਰਭ 'ਚੋਂ ਸੰਨ 30 ਦੇ ਲਾਗੇ ਨਵੀਂ ਸਮਾਜਕ ਚੇਤਨਾ ਤੋਂ ਭਰਪੂਰ ਜਿਸ ਸਾਹਿਤ ਧਾਰਾ ਦਾ ਜਨਮ ਹੋਇਆ ਉਸ ਨੂੰ ਸੰਨ 36 ਵਿੱਚ ਪ੍ਰਗਤੀਸ਼ੀਲ ਸਾਹਿਤ ਅਤੇ ਪ੍ਰਗਤੀਵਾਦ ਦਾ ਨਾਮ ਦਿੱਤਾ ਗਿਆ। ਉਸ ਸਮੇਂ ਤੋਂ ਹੀ ਇਸ ਨਾਮ ਨੂੰ ਲੈ ਕੇ ਕਾਫ਼ੀ-ਵਾਦ-ਵਿਵਾਦ ਹੋਣ ਦੇ ਬਾਵਜੂਦ ਵੀ ਛਾਇਆਵਾਦ ਤੋਂ ਬਾਦ ਦੀ ਪ੍ਰਧਾਨ ਸਾਹਿਤਿਕ ਧਾਰਾ ਨੂੰ ਪ੍ਰਗਤੀਵਾਦ ਦੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਹੈ।"[1]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. "ਪ੍ਰਗਤੀਵਾਦ ਦਾ ਆਰੰਭ ਸਾਹਿਤ ਵਿੱਚ ਆਰਥਿਕ ਅਤੇ ਰਾਜਨੀਤਿਕ ਅੰਦੋਲਨ ਦੇ ਰੂਪ ਵਿਚ ਹੋਇਆ। ਹਿੰਦੁਸਤਾਨ ਦੀ ਆਜ਼ਾਦੀ ਉਸ ਸਮੇਂ ਲੇਖਕਾਂ ਦੀ ਪ੍ਰਮੁੱਖ ਸਮਸਿਆ ਸੀ ਅਤੇ ਇਸ ਦੇ ਨਾਲ ਹੀ ਉਹ ਕਿਸਾਨਾਂ, ਮਜ਼ਦੂਰਾਂ ਦੀ ਸੁੱਖ ਸੁਵਿਧਾ ਦੇ ਲਈ ਵੀ ਚਿੰਤਿਤ ਸੀ।"[2]

ਪ੍ਰਗਤੀਵਾਦ ਦਾ ਭਾਰਤ ਵਿਚ ਆਰੰਭ ਭਾਵੇਂ ਉਪਰੋਕਤ ਸਥਿਤੀਆਂ ਵਿਚ ਹੋਇਆ ਪਰ ਪ੍ਰਗਤੀਵਾਦ ਦਾ ਮੂਲ ਸੰਬੰਧ ਜੀਵਨ ਬਾਰੇ ਵਿਗਿਆਨਕ ਅਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਹੈ। ਇਸ ਲਈ ਪ੍ਰਗਤੀਵਾਦੀ ਲੇਖਕ ਸਮਾਜ ਦੇ ਸ਼੍ਰੇਣੀ ਸੰਘਰਸ਼ ਬਾਰੇ ਪੂੰਜੀਵਾਦ ਅਤੇ ਸਮਾਜਵਾਦ ਦੇ ਤਣਾਓ ਬਾਰੇ ਹਮੇਸ਼ਾ ਚੇਤੰਨ ਰਿਹਾ ਹੈ। ਇਸ ਲਈ ਪ੍ਰਗਤੀਵਾਦੀ ਕਵਿਤਾ ਮੂਲ ਤੌਰ ਤੇ ਰਾਜਨੀਤਿਕ ਹੁੰਦੀ ਹੈ। "ਜਿਸ ਤਰ੍ਹਾਂ ਸਾਮਵਾਦ ਸਮੂਹ ਦੇ ਹਿਤਾਂ ਦੀ ਚਿੰਤਾ ਅਤੇ ਰੱਖਿਆ ਕਰਦਾ ਹੈ ਅਰਥਾਤ ਵਿਅਕਤੀ ਦੀ ਨਹੀਂ ਉਸੀ ਤਰ੍ਹਾਂ ਪ੍ਰਗਤੀਵਾਦੀ ਸਾਹਿਤ ਸਮਾਜ ਦੇ ਸੁੱਖ ਦੁੱਖ ਦੀ ਅਭਿਵਿਅਕਤੀ ਨੂੰ ਹੀ ਮਹੱਤਵ ਦਿੰਦਾ ਹੈ ਵਿਅਕਤੀ ਦੇ ਸੁੱਖ ਦੁੱਖ ਦੀ ਅਭਿਵਿਅਕਤੀ ਨੂੰ ਨਹੀਂ। ਅਰਥਾਤ ਪ੍ਰਗਤੀਵਾਦੀ ਲੇਖਕ ਦੀ ਭਾਵਨਾ ਸਮਾਜਕ ਭਾਵਨਾ ਹੈ ਵਿਅਕਤੀਗਤ ਨਹੀਂ।"[3]

ਪ੍ਰਗਤੀਵਾਦ ਨਾਲ ਮਾਰਕਸਵਾਦ ਦਾ ਸੰਬੰਧ ਸਥਾਪਿਤ ਹੋਣ ਕਰਕੇ ਪ੍ਰਗਤੀਵਾਦੀ ਲੇਖਕਾਂ ਨੇ ਸਿਧਾਂਤਕ ਸੋਝੀ ਮਾਰਕਸਵਾਦ ਤੋਂ ਪ੍ਰਾਪਤ ਕੀਤੀ। ਬਾਵਾ ਬਲਵੰਤ ਨੇ ਵੀ ਸਮਾਜਕ-ਦ੍ਰਿਸ਼ਟੀ ਮਾਰਕਸਵਾਦੀ-ਚੇਤਨਾ ਤੋਂ ਗ੍ਰਹਿਣ ਕੀਤੀ ਹੈ, ਪਰ ਉਸ ਦੀ ਵਿਲੱਖਣਤਾ ਅਤੇ ਬਾਕੀ ਪ੍ਰਗਤੀਵਾਦੀ ਕਵੀਆਂ ਨਾਲੋਂ ਵੱਖਰਤਾ ਦਾ ਅਹਿਸਾਸ ਹੁੰਦਾ ਹੈ। ਪ੍ਰੋ: ਮੋਹਨ ਸਿੰਘ ਤੇ ਹੋਰ ਪ੍ਰਗਤੀਵਾਦੀ ਕਵੀਆਂ ਨਾਲੋਂ ਬਾਵਾ ਬਲਵੰਤ ਸਿਧਾਂਤਕ ਤੌਰ ਤੇ ਵੱਖਰਾ ਹੈ। ਇਸ ਵੱਖਰਤਾ ਨੂੰ ਸਮਝਣ ਲਈ ਸਾਨੂੰ ਉਸ ਵਾਦ-ਵਿਵਾਦ ਵੱਲ ਪਰਤਣਾ ਪੈਂਦਾ ਹੈ ਜਿਹੜਾ ਮਾਰਕਸਵਾਦੀ ਖੇਤਰ ਵਿਚ ਸਾਹਮਣੇ ਆਇਆ ਸੀ। 1917 ਦੇ ਰੂਸੀ ਇਨਕਲਾਬ ਤੋਂ ਪਿਛੋਂ ਰੂਸ ਵਿਚ ਜੋ ਕੁਝ ਵਾਪਰ ਰਿਹਾ ਸੀ ਜਾਂ ਮਾਰਕਸਵਾਦੀ ਚਿੰਤਕਾਂ ਵਿਚ ਜੋ ਵਾਦ-ਵਿਵਾਦ ਪੈਦਾ ਹੋਇਆ ਸੀ ਉਸ ਨੇ ਪ੍ਰਗਤੀਵਾਦ ਉਤੇ ਖ਼ਾਸ ਪ੍ਰਭਾਵ ਪਾਇਆ। ਰੂਸ ਵਿਚ ਲੈਨਿਨ ਤੋਂ ਪਿਛੋਂ ਸਟਾਲਿਨ ਅਤੇ ਜੋ ਹੋਰ ਨੇਤਾ ਅਤੇ ਚਿੰਤਕ ਸਾਹਮਣੇ ਆਏ ਉਨ੍ਹਾਂ ਨੇ ਇਕ ਹੋਰ ਪ੍ਰਸਿੱਧ ਮਾਰਕਸਵਾਦੀ ਚਿੰਤਕ ਟ੍ਰਾਟਸਕੀ ਦਾ ਵਿਰੋਧ ਕੀਤਾ। ਭਾਵੇਂ ਪ੍ਰਗਤੀਵਾਦੀ ਵਿਚਾਰਧਾਰਾ ਉਤੇ ਜੋ ਵਧੇਰੇ ਪ੍ਰਭਾਵ ਪਿਆ ਉਸ ਵਿਚ ਟ੍ਰਾਟਸਕੀ ਦਾ ਚਰਚਾ ਘਟ ਹੋਇਆ ਅਤੇ ਬਾਕੀ ਮਾਰਕਸਵਾਦੀ ਚਿੰਤਕਾਂ ਦਾ ਵਧੇਰੇ। ਫਿਰ ਵੀ ਕਈ ਖੇਤਰਾਂ ਵਿਚ ਮਾਰਕਸਵਾਦੀ ਚਿੰਤਕ ਦੋ ਧੜਿਆਂ ਵਿਚ ਵੰਡੇ ਗਏ। ਕਈਆਂ ਨੇ ਟ੍ਰਾਟਸਕੀ ਨੂੰ ਸਵੀਕਾਰ ਕੀਤਾ ਅਤੇ ਕਈਆਂ ਨੇ ਉਸ ਦਾ ਵਿਰੋਧ ਕਰਕੇ ਰੂਸ ਦੇ ਨੇਤਾਵਾਂ ਦੀ ਹਿਮਾਇਤ ਕੀਤੀ। ਬਾਵਾ ਬਲਵੰਤ ਦੀ ਕਵਿਤਾ ਨੂੰ ਜਦੋਂ ਅਸੀਂ ਧਿਆਨ ਨਾਲ ਪੜ੍ਹਦੇ ਹਾਂ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਬਾਵਾ ਬਲਵੰਤ ਸੁਚੇਤ ਤੌਰ ਤੇ ਟ੍ਰਾਟਸਕੀ ਤੋਂ ਪ੍ਰਭਾਵਿਤ ਹੈ। ਇਉਂ ਉਹ ਮਾਰਕਸਵਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਟ੍ਰਾਟਸਕੀਵਾਦ ਦੀ ਲਾਈਨ ਨੂੰ ਅਪਣਾਉਂਦਾ ਹੈ ਇਹੀ ਉਸ ਦੀ ਵਿਲੱਖਣਤਾ ਹੈ ਜਿਸ ਵੱਲ ਪੰਜਾਬੀ ਆਲੋਚਕਾਂ ਨੇ ਧਿਆਨ ਨਹੀਂ ਦਿੱਤਾ। ਇਸ ਬਾਰੇ ਅਸੀਂ ਬਾਵਾ ਬਲਵੰਤ ਦੀ ਕਵਿਤਾ 'ਟ੍ਰਾਟਸਕੀ' ਬਾਰੇ ਚਰਚਾ ਕਰਦਿਆਂ ਵੀ ਸੰਕੇਤ ਕਰ ਚੁੱਕੇ ਹਾਂ। ਉਸ ਕਵਿਤਾ ਵਿਚ ਉਸ ਨੇ ਟ੍ਰਾਟਸਕੀ ਬਾਰੇ ਕਿਹਾ ਸੀ :—

"ਤੂੰ ਬੇਦਾਰ ਜੀਵਨ, ਤੂੰ ਪੂਰਨ ਆਜ਼ਾਦੀ,
ਤੂੰ ਖ਼ੁੱਦ-ਦਾਰ, ਤੂੰ ਬੇਧੜਕ ਆਸ਼ਾਵਾਦੀ।
ਤੂੰ ਜੰਗਾਂ ਦੀ ਇਕ ਮੌਤ ਹੈਂ ਮੌਤ ਖਾ ਕੇ,
ਤੂੰ ਹੋ ਕਾਸ਼ ਪੈਦਾ ਮੇਰੇ ਦੇਸ ਆ ਕੇ!
ਤੁਸੀਂ ਹੋਣ ਵਾਲਾ ਹੈਂ 'ਮਹਿਦੀ ਪੈਗ਼ੰਬਰ,
ਤੇਰੀ ਪੈਰਵਾਈ ਨੂੰ ਝੁਕਿਆ ਹੈ ਅੰਬਰ।
ਤੂੰ ਸਭ ਨੂੰ ਉਠਾਇਆ, ਤੂੰ ਸਭ ਨੂੰ ਜਗਾਇਆ,
ਨਹੀਂ ਦੋਸ਼ ਤੇਰਾ ਜੋ ਦੁਨੀਆਂ ਨਾ ਜਾਗੀ।
ਤੂੰ ਬਾਗ਼ੀ, ਤੇਰੇ ਪੈਰ ਦੇ ਚਿੰਨ੍ਹ ਬਾਗ਼ੀ।"[4] (ਟ੍ਰਾਟਸਕੀ)

ਬਾਵਾ ਬਲਵੰਤ ਨੇ ਕੇਵਲ ਇਸ ਕਵਿਤਾ ਵਿਚ ਹੀ ਟ੍ਰਾਟਸਕੀ ਨੂੰ ਸ਼ਰਧਾਂਜਲੀ ਪੇਸ਼ ਨਹੀਂ ਕੀਤੀ ਸਗੋਂ ਵਿਚਾਰਧਾਰਾ ਦੇ ਤੌਰ ਤੇ ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਟ੍ਰਾਟਸਕੀਵਾਦੀ ਦ੍ਰਿਸ਼ਟੀ ਹੈ। ਉਨ੍ਹਾਂ ਕਵਿਤਾਵਾਂ ਵੱਲ ਸੰਕੇਤ ਕਰਨ ਤੋਂ ਪਹਿਲਾਂ ਅਸੀਂ ਸੰਖੇਪ ਵਿਚ ਟ੍ਰਾਟਸਕੀ ਦੀ ਵਿਚਾਰਧਾਰਾ ਬਾਰੇ ਸੰਕੇਤ ਕਰਨਾ ਚਾਹੁੰਦੇ ਹਾਂ। ਟ੍ਰਾਟਸਕੀ ਨੇ ਸਦੀਵੀ ਇਨਕਲਾਬ (Permanent Revolution) ਦਾ ਸਿਧਾਂਤ ਦਿੱਤਾ ਜਿਸ ਵਿਚ ਉਸ ਨੇ ਸਮਾਜਵਾਦੀ ਇਨਕਲਾਬ ਲਈ ਵੱਖ-ਵੱਖ ਦੇਸ਼ਾਂ ਵਿਚ ਨਾਲੋਂ ਨਾਲ ਸੰਘਰਸ਼ ਦਾ ਵਿਚਾਰ ਪੇਸ਼ ਕੀਤਾ। ਉਸ ਨੇ ਸਹਿਹੋਂਦ (Co-Existence) ਦੀ ਨੀਤੀ ਦਾ ਵਿਰੋਧ ਕੀਤਾ ਕਿਉਂਕਿ ਇਸ ਦਾ ਸਦੀਵੀ ਇਨਕਲਾਬ ਨਾਲ ਵਿਰੋਧ ਹੈ। ਉਸ ਨੇ ਇਨਕਲਾਬ ਦੀ ਸਾਰੀ ਜ਼ਿੰਮੇਵਾਰੀ ਉਦਯੋਗਿਕ ਕਿਰਤੀਆਂ ਦੇ ਮੋਢਿਆਂ ਤੇ ਰਖੀ। ਨਾ ਹੀ ਉਸ ਨੇ ਕਿਸਾਨੀ ਨੂੰ ਵਧੇਰੇ ਥਾਂ ਦਿੱਤਾ ਅਤੇ ਨਾ ਹੀ ਮੱਧ ਸ਼੍ਰੇਣੀ ਨੂੰ। ਉਸ ਦਾ ਵਿਚਾਰ ਸੀ ਕਿ ਕ੍ਰਾਂਤੀ ਲਗਾਤਾਰ ਹੋਣੀ ਚਾਹੀਦੀ ਹੈ ਅਤੇ ਇਸ ਨਾਲ ਪੂੰਜੀਵਾਦੀ ਕੀਮਤਾਂ ਤੇ ਸੰਸਥਾਵਾਂ ਨੂੰ ਢਹਿ ਢੇਰੀ ਕਰਨਾ ਚਾਹੀਦਾ ਹੈ। ਉਸ ਨੇ ਰਾਸ਼ਟਰਵਾਦੀ ਅਤੇ ਦੇਸ਼ ਭਗਤੀ ਦਾ ਵਿਰੋਧ ਕੀਤਾ ਅਤੇ ਇਸ ਦੀ ਥਾਂ ਤੇ ਸਮਾਜਵਾਦੀ ਅੰਤਰਰਾਸ਼ਟਰਵਾਦ ਦੀ ਹਿਮਾਇਤ ਕੀਤੀ।[5]

ਬਾਵਾ ਬਲਵੰਤ ਟ੍ਰਾਟਸਕੀ ਨੂੰ ਇਸ ਲਈ ਵੀ ਸ਼ਰਧਾ ਪੇਸ਼ ਕਰਦਾ ਹੈ ਕਿਉਂਕਿ ਟ੍ਰਾਟਸਕੀ ਕੇਵਲ ਕ੍ਰਾਂਤੀ ਅਤੇ ਸਮਾਜਕ ਇਨਕਲਾਬ ਬਾਰੇ ਹੀ ਆਪਣਾ ਸਿਧਾਂਤ ਪੇਸ਼ ਨਹੀਂ ਕਰਦਾ ਸਗੋਂ ਉਸ ਨੇ ਆਪਣੇ ਸਮੇਂ ਵਿਚ ਮਾਰਕਸਵਾਦੀ ਸੁਹਜ ਸ਼ਾਸਤਰ ਜਾਂ ਕਲਾ ਸ਼ਾਸਤਰ ਦੀ ਵੀ ਸਿਰਜਣਾ ਕੀਤੀ ਹੈ ਅਤੇ ਇਹ ਕਰਦਿਆਂ ਉਸ ਨੇ ਕਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਸਾਹਿਤ ਵਿਚ ਰੂਪ ਦੇ ਮਹੱਤਵ ਨੂੰ ਸਵੀਕਾਰ ਕਰਦਿਆਂ ਵੀ ਰੂਪਵਾਦੀਆਂ ਦਾ ਵਿਰੋਧ ਕੀਤਾ ਹੈ। ਅਤੇ ਇਹ ਕਿਹਾ ਹੈ ਕਿ ਸਾਹਿਤ ਜਾਂ ਕਲਾ ਨੂੰ ਉਸ ਦੇ ਇਤਿਹਾਸਕ ਸੰਦਰਭ ਵਿਚ ਸਮਝਿਆ ਜਾਣਾ ਚਾਹੀਦਾ ਹੈ। ਸਾਹਿਤ ਦੇ ਰੂਪ ਦਾ ਵੀ ਆਪਣਾ ਇਕ ਵਿਕਾਸ ਹੁੰਦਾ ਹੈ, ਰੂਪ ਦੇ ਇਸ ਵਿਕਾਸ ਨੂੰ ਵੀ ਧਿਆਨ ਵਿਚ ਰਖਣਾ ਜ਼ਰੂਰੀ ਹੈ। ਟ੍ਰਾਟਸਕੀ ਨੇ ਨਿਰੋਲ ਨਿਸ਼ਚਤਤਾਵਾਦ ਦਾ ਵਿਰੋਧ ਕੀਤਾ ਅਤੇ ਕਲਾ ਵਿਚ ਭਵਿੱਖਵਾਦ ਨੂੰ ਬਹੁਤ ਮਹੱਤਵ ਦਿੱਤਾ ਹੈ। ਇਉਂ ਟ੍ਰਾਟਸਕੀ ਆਪਣੇ ਚਿੰਤਨ ਵਿਚ ਉਨ੍ਹਾਂ ਚਿੰਤਕਾਂ ਤੋਂ ਵਖਰਾ ਰਿਹਾ ਜੋ ਮਾਰਕਸਵਾਦ ਨੂੰ ਨਿਸ਼ਚਤਤਾਵਾਦੀ ਦ੍ਰਿਸ਼ਟੀ ਨਾਲ ਦੇਖ ਰਹੇ ਸਨ। ਉਸ ਦਾ ਕਈ ਵਿਸ਼ੇਸ਼ ਮਾਰਕਸਵਾਦੀ ਚਿੰਤਕਾਂ ਨਾਲ ਇਸੇ ਗੱਲ ਤੋਂ ਵਿਰੋਧ ਵੀ ਪੈਦਾ ਹੋਇਆ।[6]

ਬਾਵਾ ਬਲਵੰਤ ਨੇ ਪ੍ਰਗਤੀਵਾਦੀ ਕਵਿਤਾ ਉਦੋਂ ਲਿਖਣੀ ਸ਼ੁਰੂ ਕੀਤੀ ਜਦੋਂ ਭਾਰਤ ਵਿਚ ਆਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ ਅਤੇ ਪ੍ਰਗਤੀਵਾਦ ਭਾਰਤ ਵਿਚ ਵਿਕਸਿਤ ਵੀ ਇਸੇ ਕਾਰਣ ਹੋਣਾ ਸ਼ੁਰੂ ਹੋਇਆ, ਕਿਉਂਕਿ ਅਸੀਂ ਪੂੰਜੀਵਾਦ ਅਤੇ ਸਮਾਜਵਾਦ ਦੇ ਖਿਲਾਫ਼ ਇਕ ਸੰਘਰਸ਼ 'ਚੋਂ ਲੰਘ ਰਹੇ ਸੀ। ਬਹੁਤ ਸਾਰੇ ਕਵੀ ਅਜਿਹੀ ਰਾਸ਼ਟਰਵਾਦੀ ਅਤੇ ਦੇਸ਼-ਭਗਤੀ ਦੀ ਕਵਿਤਾ ਲਿਖ ਰਹੇ ਸਨ, ਜਿਵੇਂ ਮੁਣਸ਼ਾ ਸਿੰਘ ਦੁਖੀ, ਗਿਆਨੀ ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਿਰ, ਫ਼ੀਰੋਜ਼ਦੀਨ ਸ਼ਰਫ਼ ਆਦਿ। ਲਗਭਗ ਜਿੰਨੀਆਂ ਵੀ ਲਹਿਰਾਂ ਸਾਹਮਣੇ ਆਈਆਂ ਉਨ੍ਹਾਂ ਦਾ ਮੂਲ ਸੰਬੰਧ ਰਾਸ਼ਟਰਵਾਦ ਨਾਲ ਸੀ। ਇਸ ਲਈ ਬਾਵਾ ਬਲਵੰਤ ਦੀ ਕਵਿਤਾ ਦਾ ਅਧਿਅਨ ਕਰਦਿਆਂ ਇਹ ਗੱਲ ਮਹੱਤਵਯੋਗ ਬਣਦੀ ਹੈ ਕਿ ਉਸ ਦਾ ਰਾਸ਼ਟਰਵਾਦ (Nationalism) ਜਾਂ ਦੇਸ਼ ਭਗਤੀ ਪ੍ਰਤੀ ਕੀ ਰਵਈਆ ਹੈ? ਇਥੇ ਹੀ ਉਹ ਟ੍ਰਾਟਸਕੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਜਾਪਦਾ ਹੈ।

ਬਾਬਾ ਬਲਵੰਤ ਆਜ਼ਾਦੀ ਦੇ ਸੰਘਰਸ਼ ਵਲੋਂ ਚੇਤੰਨ ਹੈ। 1930 ਵਿਚ ਉਸ ਦੀ ਉਰਦੂ ਦੀ ਕਿਤਾਬ 'ਸ਼ੇਰ ਹਿੰਦ' ਇਸੇ ਤਰ੍ਹਾਂ ਦੀਆਂ ਕਵਿਤਾਵਾਂ ਕਾਰਨ ਜ਼ਬਤ ਵੀ ਕੀਤੀ ਗਈ। ਉਹ ਆਪਣੇ ਪਹਿਲੇ 'ਕਾਵਿ ਸੰਗ੍ਰਹਿ' 'ਮਹਾਂ ਨਾਚ' ਵਿੱਚ ਜਦੋਂ ਆਪਣੀ ਬਗ਼ਾਵਰ ਬਾਰੇ ਬਿਆਨ ਦਿੰਦਾ ਹੈ ਤਾਂ ਸਪਸ਼ਟ ਤੌਰ ਤੇ ਉਹ ਆਜ਼ਾਦੀ ਲਈ ਬੋਲਦਾ ਨਜ਼ਰ ਆਉਂਦਾ ਹੈ :—

> "ਗੁਲਾਮੀ ਦੀ ਹਰ ਤਾਰ, ਹਰ ਸਾਜ਼ ਮੁਰਦਾ;
> ਗੁਲਾਮੀ ਦਾ ਹਰ ਤਖ਼ਤ, ਹਰ ਤਾਜ ਮੁਰਦਾ।
> ਇਹ ਖ਼ੁਦਗਰਜ਼ ਮੰਦਰ, ਇਹ ਲੋਭੀ ਦਿਓਤੇ;
> ਇਹ ਦੌਲਤ ਦੇ ਪੂਜਕ, ਇਹ ਕਾਰੂ ਦੇ ਪੋਤੇ।
> ... ...
> ਮੈਂ ਇਨ੍ਹਾਂ ਦੀ ਦੁਨੀਆਂ 'ਚ ਪਾਵਾਂਗਾ ਹਲਚਲ।
> ... ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਹਰ ਥਾਂ ਨਵਾਂ ਯੁਗ ਵਰਤਾ ਦਿਆਂਗਾ ।

ਮੈਂ ਇੱਟ ਨਾਲ ਇੱਟ 'ਹੁਣ' ਦੀ ਖੜਕਾ ਦਿਆਂਗਾ ।''[7] (ਬਾਗ਼ੀ)

ਬਾਵਾ ਬਲਵੰਤ ਗ਼ੁਲਾਮੀ ਦਾ ਵਿਰੋਧ ਕਰਦਿਆਂ ਦੇਸ ਲਈ ਆਜ਼ਾਦੀ ਦੀ ਹਿਮਾਇਤ ਕਰਨ ਦੇ ਨਾਲ ਨਾਲ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੇ ਸੀਮਿਤ ਦ੍ਰਿਸ਼ਟੀਕੋਣ ਨੂੰ ਨਿੰਦਦਾ ਹੈ । ਰਾਸ਼ਟਰਵਾਦ ਦੇ ਮੁਕਾਬਲੇ ਤੇ ਉਹ ਉਸੇ ਤਰ੍ਹਾਂ ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦੀ ਅੰਤਰਰਾਸ਼ਟਰਵਾਦ ਦੀ ਹਿਮਾਇਤ ਕਰਦਾ ਹੈ ਜਿਸ ਤਰ੍ਹਾਂ ਟ੍ਰਾਟਸਕੀ ਨੇ ਕੀਤੀ ਸੀ :—

''ਦੇਸ਼ ਭਗਤੀ ਕੀ ਜੇ ਕਲ ਆਪ ਵੀ ਹੋਣਾ ਹੈ ਗ਼ੁਲਾਮ,
ਦੂਸਰੇ ਵੀ ਤਾਂ ਉਲਟ ਸਕਦੇ ਨੇ ਦੁਨੀਆਂ ਦਾ ਨਜ਼ਾਮ ।
ਦੇਸ਼ ਦੀ ਸੇਵਾ ਸਿਰਫ਼ ਪੌੜੀ ਸੀ, ਮੰਜ਼ਲ ਤਾਂ ਨਹੀਂ;
ਇਹ ਮਨੁੱਖਤਾ ਦੀ ਕੋਈ ਆਖ਼ਰੀ ਮਹਿਫ਼ਲ ਤਾਂ ਨਹੀਂ ।
ਆਪਣੇ ਕੁੰਬੇ ਲਈ ਦੁਨੀਆਂ ਤੇ ਹੈ ਕਬਜ਼ਾ, ਲਾਹਨਤ !
ਆਪਣੀ ਬੇੜੀ ਲਈ ਸਾਗਰ ਤੇ ਹੈ ਘੇਰਾ, ਤੌਬਾ !
ਦੇਸ਼-ਭਗਤੀ 'ਚ ਜ਼ਰੂਰਤ ਹੈ ਪਰੀਵਰਤਨ ਦੀ,
ਏਸ ਪਿੰਜਰ ਨੂੰ ਜ਼ਰੂਰਤ ਹੈ ਨਵੇਂ ਜੀਵਨ ਦੀ ।
ਦੇਸ਼ ਦੇ ਨਾਂ ਤੇ ਮਨੁੱਖਤਾ ਨੂੰ ਕਦੇ ਚੂਰ ਨਾ ਕਰ,
ਤੂੰ ਕਦੀ ਆਪਣੀ ਹਕੂਮਤ ਨੂੰ ਵੀ ਮਨਜ਼ੂਰ ਨਾ ਕਰ,
ਆਪਣੀ ਸ਼ਾਹੀ 'ਚ ਵੀ ਮੁਰਦਾ ਹੀ ਰਹੇ ਹਾਂ ਜੀ ਕੇ,
ਇਹ ਸਦਾ ਖ਼ੁਸ਼ਕ ਰਹੀ ਖ਼ੂਨ ਦੇ ਦਰਿਆ ਪੀ ਕੇ ।
ਦੇਸ਼-ਭਗਤੀ ਦਾ ਹੀ ਦੁਨੀਆਂ 'ਚ ਨਸ਼ਾ ਹੈ ਜਦ ਤੱਕ,
ਖ਼ੂਬ ਹੋਵੇਗੀ ਗ਼ਰੀਬਾਂ ਦੀ ਤਬਾਹੀ ਤਦ ਤੱਕ ।''[8] (ਦੇਸ਼ ਭਗਤੀ)

ਬਾਵਾ ਬਲਵੰਤ ਦੇ ਸਮਕਾਲੀ ਸਮੇਂ ਵਿਚ ਭਾਰਤ ਦੇ ਮਾਰਕਸਵਾਦੀ ਚਿੰਤਕਾਂ ਵਿੱਚ ਇਕ ਹੋਰ ਸੰਕਟ ਵੀ ਪੈਦਾ ਹੋਇਆ ਜਿਸ ਦਾ ਬਾਵਾ ਬਲਵੰਤ ਦੀ ਕਵਿਤਾ ਤੇ ਪ੍ਰਭਾਵ ਜਾਪਦਾ ਹੈ । ਇਕ ਪਾਸੇ ਪ੍ਰਗਤੀਵਾਦੀ ਧਾਰਾ ਦੇ ਉਹ ਲੇਖਕ ਤੇ ਚਿੰਤਕ ਸਨ ਜੋ ਸਿੱਧੇ ਤੌਰ ਤੇ ਮਾਰਕਸਵਾਦ ਤੋਂ ਪ੍ਰਭਾਵਿਤ ਸਨ । ਦੂਜੇ ਪਾਸੇ ਪ੍ਰਗਤੀਵਾਦੀ ਧਾਰਾ ਦੇ ਕੁਝ ਕਵੀ ਉਹ ਸਨ ਜੋ ਭਾਰਤੀ ਪਰੰਪਰਾ ਦੇ ਪੁਨਰ ਅਰਥ ਕਰਕੇ ਉਸ ਵੱਲ ਵੀ ਰੁਚਿਤ ਹੋ ਰਹੇ ਸਨ ਅਤੇ ਰੂਸੀ ਇਨਕਲਾਬ ਤੋਂ ਪਿਛੋਂ ਮਾਰਕਸਵਾਦ ਵਿਚ ਆ ਰਹੀ ਖੜੋਤ ਬਾਰੇ ਵੀ ਚੇਤੰਨ ਹੋ ਰਹੇ ਸਨ। ਭਾਰਤੀ ਚਿੰਤਕਾਂ ਵਿਚ (M.N. Roy) ਅਜਿਹਾ ਚਿੰਤਕ ਸੀ ਜਿਸ ਨੇ ਆਪਣੀ ਯਾਤਰਾ ਤਾਂ ਮਾਰਕਸਵਾਦ ਤੋਂ ਸ਼ੁਰੂ ਕੀਤੀ ਪਰ ਸਿਧਾਂਤਕ ਵਾਦ-ਵਿਵਾਦ ਵਿਚ ਟ੍ਰਾਟਸਕੀ ਦੀ ਤਾਰੀਫ਼ ਕੀਤੀ ਪਰ ਬਾਦ ਵਿਚ ਉਸ ਦੇ ਸਾਹਮਣੇ ਇਕ ਪ੍ਰਸ਼ਨ ਪੈਦਾ ਹੋਇਆ ਕਿ ਕੀ ਕਮਿਊਨਿਸਟ ਸਮਾਜ ਇਕ ਬੰਦ ਸਮਾਜ (Closed Society) ਤਾਂ ਨਹੀਂ ਬਣਦਾ ਜਾ ਰਿਹਾ ਇਸ ਲਈ ਉਸ ਨੇ ਉਸ ਬੰਦ-ਸਮਾਜ ਦੇ ਸੰਕਲਪ ਤੋਂ ਵਿਦਰੋਹ ਕੀਤਾ ਅਤੇ ਨਵ-ਮਾਨਵਵਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(New Humanism) ਦਾ ਸਿਧਾਂਤ ਪੇਸ਼ ਕੀਤਾ ।

"A cosmopolitan commonwealth of free men and women is a possibility. It will be a spiritual community not limited by the boundaries of National States—Capitlist, Fascist, Communist, or any other kind which will gradually disappear under the impact of cosmopolitan hummanism. That is the radical perspective of the future of man kind,"[9]

ਬਾਵਾ ਬਲਵੰਤ ਕੇਵਲ ਵਤਨ ਦੀ ਪੂਜਾ ਨੂੰ ਇਕ ਦੀਵਾਰ ਗਿਣਦਾ ਹੈ ਅਤੇ ਉਹ ਵਤਨ ਦੀ ਪੂਜਾ ਦੀ ਥਾਂ ਤੇ ਵਿਸ਼ਵ ਪੂਜਾ ਦਾ ਸਿਧਾਂਤ ਪੇਸ਼ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਉਹੀ ਦ੍ਰਿਸ਼ਟੀਕੋਣ ਹੈ ਜਿਸ ਨੂੰ ਅਸੀਂ ਸਮੁੱਚੇ ਮਾਰਕਸਵਾਦੀ ਸੰਦਰਭ ਵਿਚ ਉਪਰ ਅੰਤਰਰਾਸ਼ਟਰਵਾਦ ਦਾ ਨਾਂ ਦਿੱਤਾ ਹੈ :

"ਦਿਲ ਨੂੰ ਹੈ ਕੋਈ ਕਹਿ ਰਿਹਾ', ਪੂਜਾ-ਵਿਸ਼ਵ ਤਿਆਗ ਕੇ
ਪੂਜਾ ਵਤਨ ਦੀ ਜ਼ਾਲਮੋ ! ਬੰਨ੍ਹੀ ਗਈ ਦੀਵਾਰ ਕਿਉਂ ?"[10]
(ਆਜ਼ਾਦ ਨਜ਼ਮ)

ਰਾਸ਼ਟਰਵਾਦ ਅਤੇ ਅੰਤਰਰਾਸ਼ਟਰਵਾਦ ਬਾਰੇ ਚਰਚਾ ਬਾਵਾ ਬਲਵੰਤ ਦੀ ਪ੍ਰਗਤੀਵਾਦੀ ਕਵਿਤਾ ਦਾ ਕੇਵਲ ਇਕ ਪੱਖ ਹੈ। ਉਸਦੀ ਪ੍ਰਗਤੀਵਾਦੀ ਕਵਿਤਾ ਦੇ ਹੋਰ ਪੱਖਾਂ ਵਿੱਚ ਇਹ ਗੱਲ ਵੀ ਮਹੱਤਵਯੋਗ ਹੈ ਕਿ ਵਿਚਾਰ ਦੀ ਪੱਧਰ ਤੇ ਕੇਵਲ ਉਹ ਟ੍ਰਾਟਸਕੀ ਤੋਂ ਹੀ ਪ੍ਰਭਾਵਿਤ ਨਹੀਂ ਸਗੋਂ ਉਸ ਦੀ ਕਵਿਤਾ ਵਿਚ ਕਈ ਹੋਰ ਵਿਚਾਰਾਂ ਦਾ ਵੀ ਮਿਸ਼ਰਣ ਹੈ। 'ਮਹਾਂਨਾਚ' ਦੀ ਕਵਿਤਾ 'ਬਾਗ਼ੀ' ਵਿਚ ਉਸ ਨੇ ਇਸ ਵਿਚਾਰਧਾਰਕ ਮਿਸ਼ਰਣ ਨੂੰ ਇਸ ਰੂਪ ਵਿਚ ਪੇਸ਼ ਕੀਤਾ :—

"ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ,
ਮੈਂ ਹਾਂ ਮਾਰਕਸ ਦੀ ਖ਼ੁਦਾਈ ਦੀ ਦੌਲਤ।
ਮੇਰੇ ਨਾਂ ਤੋਂ ਕੰਬਣ ਪੈਗ਼ੰਬਰ ਤਿਆਗੀ;
ਮੈਂ ਆਕੀ, ਮੈਂ ਆਕੀ, ਮੈਂ ਬਾਗ਼ੀ, ਮੈਂ ਬਾਗ਼ੀ।"[11] (ਬਾਗ਼ੀ)

ਇਥੇ ਉਸ ਨੇ ਗੌਤਮ (ਮਹਾਤਮਾ ਬੁੱਧ), ਰੂਸੋ, ਲੈਨਿਨ ਤੇ ਮਾਰਕਸ ਨੂੰ ਜਿਸ ਰੂਪ ਵਿਚ ਇਕੱਠਾ ਕੀਤਾ ਹੈ ਇਥੋਂ ਉਸ ਦੇ ਮੁਢਲੇ ਆਦਰਸ਼ਵਾਦੀ ਬਿੰਦੂ ਦਾ ਗਿਆਨ ਹੁੰਦਾ ਹੈ। ਅਤੇ ਅਸੀਂ ਇਹ ਦੇਖਣਾ ਚਾਹੁੰਦੇ ਹਾਂ ਕਿ ਬਾਵਾ ਬਲਵੰਤ ਦੀ ਕਵਿਤਾ ਵਿਚ ਇਹ ਵਿਚਾਰਧਾਰਕ ਮਿਸ਼ਰਣ ਕੀ ਅਖ਼ੀਰ ਤਕ ਕਾਇਮ ਰਹਿੰਦਾ ਹੈ ਜਾਂ ਉਹ ਨਿਰੋਲ ਮਾਰਕਸਵਾਦੀ ਚਿੰਤਨ ਵੱਲ ਰੁਚਿਤ ਹੁੰਦਾ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਉਸ ਦੀਆਂ ਦੋ ਕਵਿਤਾਵਾਂ ਵਿਸ਼ੇਸ਼ ਧਿਆਨਯੋਗ ਹਨ। 'ਜੁਆਲਾਮੁਖੀ' ਵਿਚ ਉਸਦੀ ਕਵਿਤਾ 'ਰੂਸ' ਜਿਸ ਵਿਚ ਉਸ ਨੇ ਮਾਰਕਸ ਲੈਨਿਨ ਅਤੇ ਰੂਸ ਬਾਰੇ ਇਹ ਬਿਆਨ ਦਿਤਾ:—

"ਸੀ ਯੁਗਾਂ ਤੋਂ ਕਲਪਨਾ ਇਨਸਾਨ ਦੀ,
ਐਸਾ ਇਕ ਹੋਵੇ ਬਹਿਸ਼ਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ 'ਚ ਹੋਵੇ ਆਦਮੀ ਹਰ ਆਦਮੀ,
ਕੁਹਜ ਨਾ ਆਏ ਨਜ਼ਰ,
ਭੁੱਖ ਨਾ ਆਏ ਨਜ਼ਰ,
ਰੂਹ ਨਾ ਪਿਆਸੀ ਰਹੇ ।
ਆਤਮਾ ਨਾ ਲੋੜ ਤੋਂ ਹੋਵੇ ਉਦਾਸ ।
ਆਏ ਕੋਈ ਆਸ ਨਾ ਮਰਦੀ ਨਜ਼ਰ ।
ਨਾ ਕੋਈ ਵੇਚੇ ਜ਼ਮੀਰ ।
ਨਜ਼ਰ ਨਾ ਆਏ ਕਿਤੇ ਕੋਈ ਫ਼ਕੀਰ ।[13] (ਰੂਸ)

ਅਤੇ ਇਸੇ ਤਰ੍ਹਾਂ 'ਬੰਦਰਗਾਹ' ਦੀ ਕਵਿਤਾ 'ਸਮਾਜਵਾਦ' ਵਿਚ ਉਸ ਨੇ ਸਿੱਧੇ ਤੌਰ ਤੇ ਦੁਨੀਆਂ ਵਿਚ ਸਮਾਜਵਾਦ ਦੀ ਜਿੱਤ ਅਤੇ ਉਸ ਤੋਂ ਪਿਛੋਂ ਇਸ ਤੋਂ ਵੀ ਚੰਗੇਰੇ ਨਿਜ਼ਾਮ ਦੀ ਆਵੰਦ ਬਾਰੇ ਆਪਣੇ ਵਿਸ਼ਵਾਸ ਨੂੰ ਹੇਠ ਲਿਖੀਆਂ ਸਤਰਾਂ ਰਾਹੀਂ ਪ੍ਰਗਟ ਕੀਤਾ:—

''ਮੇਰੇ ਪਿਛੇ ਹੋਰ ਹੈ ਇਕ ਮਿਹਰ ਦੀ ਬਾਰਸ਼ ਅਜੇ,
ਉਸ ਤੋਂ ਪਿਛੋਂ ਹੋਰ ਹੋ ਸਕਦਾ ਏ ਰਹਿਮਤ ਦਾ ਨਿਜ਼ਾਮ ।
ਸੂਝ ਇਨਸਾਨੀ ਕਿਸੇ ਦੀ ਰਹਿ ਨਹੀਂ ਸਕਦੀ ਗੁਲਾਮ,
ਜ਼ਿੰਦਗਾਨੀ ਨੂੰ ਸਦੀਵੀ ਬੇੜੀਆਂ ਕੋਈ ਨਹੀਂ ।
ਜ਼ਿੰਦਗੀ ਦੇ ਸੁਪਨਿਆਂ ਦੀ ਮੈਂ ਹਾਂ ਇਕ ਤਸਵੀਰ ਹੀ ।
ਦੱਬ ਗਏ ਉਠੇ ਸੀ ਜੋ ਮੇਰੇ ਦਬਾਵਣ ਦੇ ਲਈ;
ਮਿੱਟਣਗੇ ਉਠੇ ਨੇ ਜੋ ਮੇਰੇ ਮਿਟਾਵਣ ਦੇ ਲਈ ।''[14] (ਸਮਾਜਵਾਦ)

ਬਾਵਾ ਬਲਵੰਤ ਇਨ੍ਹਾਂ ਕਵਿਤਾਵਾਂ ਵਿਚ ਮਾਰਕਸਵਾਦ ਨਾਲ ਸੰਬੰਧਿਤ ਸਿਧਾਂਤਾਂ ਉਦਾਹਰਣ ਦੇ ਤੌਰ ਤੇ ਦਵੰਦਾਤਮਕਤਾ (Dialectics) ਵੱਲ ਬਾਰ ਬਾਰ ਸੰਕੇਤ ਕਰਦਾ ਹੈ । ਇਸੇ ਲਈ ਉਹ ਪਰਿਵਰਤਨ ਦੀ ਬਾਰ ਬਾਰ ਗੱਲ ਕਰਦਾ ਹੈ । ਉਸ ਪਰਿਵਰਤਨ, ਵਿਕਾਸ ਅਤੇ ਗਤੀਸ਼ੀਲਤਾ ਵਿਚੋਂ ਹੀ ਉਹ ਸਦੀਵੀ ਸਮਾਜਵਾਦੀ ਕ੍ਰਾਂਤੀ ਨੂੰ ਜਨਮ ਦਿੰਦਾ ਹੈ । ਮਾਰਕਸਵਾਦੀ ਵਿਚਾਰਾਂ ਦੇ ਪ੍ਰਭਾਵ ਨਾਲ ਹੀ ਉਹ ਆਪਣੀ ਕਵਿਤਾ ਵਿਚ ਥਾਂ ਥਾਂ ਤੇ ਪੂੰਜੀਵਾਦ ਦਾ ਵਿਰੋਧ ਕਰਦਾ ਹੈ ਅਤੇ ਸਿੱਧੇ ਤੌਰ ਤੇ ਅਜਿਹੀ ਭਾਸ਼ਾ ਵਿਚ ਬੋਲਦਾ ਨਜ਼ਰ ਆਉਂਦਾ ਹੈ :—

''ਉਠੋ, ਮੇਰੀ ਦੁਨੀਆਂ ਦੇ ਗਰੀਬਾਂ ਨੂੰ ਜਗਾਓ;
ਧਨੀਆਂ ਦਿਆਂ ਮਹਿਲਾਂ ਦੇ ਬੂਹੇ, ਕੰਧਾਂ ਹਿਲਾਓ ।
ਗਰਮਾ ਦਿਓ ਦਾਸਾਂ ਦਾ ਲਹੂ ਸੋਜ਼-ਸਿਦਕ ਨਾਲ
ਸੰਗ ਬਾਜ਼ਾਂ ਦੇ ਬੇਤਾਣੀਆਂ ਚਿੜੀਆਂ ਨੂੰ ਲੜਾਓ ।
ਖਲਕਤ ਦੀ ਹਕੂਮਤ ਦਾ ਸਮਾਂ ਆਇਆ ਏ ਨੇੜੇ
ਜੋ ਚਿੰਨ੍ਹ ਪੁਰਾਣਾ ਨਜ਼ਰ ਆਉਂਦਾ ਏ ਮਿਟਾਓ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਖੇਤ 'ਚੋਂ ਲੱਭੇ ਨਾ ਕਿਸਾਨਾਂ ਨੂੰ ਹੀ ਰੋਟੀ
ਉਸ ਖੇਤ ਦੇ ਹਰ ਕਣਕ ਦੇ ਸਿੱਟੇ ਨੂੰ ਜਲਾਓ ।
ਕਿਉਂ ਰੱਬ ਤੇ ਲੋਕਾਂ 'ਚ ਰਹੇ ਪਰਦਾ ਹੀ ਤਣਿਆ ?
ਹੁਣ ਗਿਰਜੇ 'ਚੋਂ ਗਿਰਜੇ ਦੇ ਮਹੰਤਾਂ ਨੂੰ ਉਠਾਓ ।''[15] (ਰੱਬ ਦਾ ਹੁਕਮ)

ਅਜਿਹੀ ਕਵਿਤਾ ਉਸ ਸਮੇਂ ਉਰਦੂ ਵਿਚ ਵੀ ਲਿਖੀ ਜਾ ਰਹੀ ਸੀ । ਬਾਵਾ ਬਲਵੰਤ ਉਸ ਕਵਿਤਾ ਤੋਂ ਵੀ ਪ੍ਰਭਾਵਿਤ ਜਾਪਦਾ ਹੈ ਸਰਦਾਰ ਜ਼ਾਫਰੀ ਅਤੇ ਫ਼ੈਜ਼ ਅਹਿਮਦ ਫ਼ੈਜ਼ ਤੋਂ ਬਿਨਾਂ ਇਕਬਾਲ ਵੀ ਅਜਿਹੇ ਭਾਵਾਂ ਨੂੰ ਪ੍ਰਗਟਾ ਰਿਹਾ ਸੀ । ਸਮਾਜਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਉਪਰੋਕਤ ਉਦਾਹਰਣਾਂ ਤੋਂ ਇਹ ਸਪਸ਼ਟ ਹੋਇਆ ਹੈ ਕਿ ਉਹ ਆਪਣੀ ਕਵਿਤਾ ਦੇ ਅੰਤ ਤਕ ਸਮੁੱਚੀ ਮਾਰਕਸਵਾਦੀ ਵਿਚਾਰਧਾਰਾ ਵੱਲ ਰੁਚਿਤ ਰਹਿੰਦਾ ਹੈ । 'ਬੰਦਰਗਾਹ' ਦੀਆਂ ਕਈ ਕਵਿਤਾਵਾਂ ਵਿਚ ਉਹ ਸਿੱਧੀ ਮਾਰਕਸਵਾਦੀ ਸ਼ਬਦਾਵਲੀ ਵਿਚ ਬੋਲਦਾ ਨਜ਼ਰ ਆਉਂਦਾ ਹੈ । ਆਪਣੀ ਵਾਰਤਕ ਦੀ ਪੁਸਤਕ 'ਕਿਸ ਕਿਸ ਤਰ੍ਹਾਂ ਦੇ ਨਾਚ' ਵਿਚ ਉਸ ਨੇ ਆਪਣੀ ਵਿਚਾਰਧਾਰਾ ਬਾਰੇ ਦ੍ਰਿੜ੍ਹਤਾ ਨਾਲ ਆਖਿਆ :—

> ''...ਏਸੇ ਤਰ੍ਹਾਂ ਸਮਾਜਵਾਦ ਤੇ ਸਾਮਵਾਦ ਦੀ ਵੀ ਖੂਬ ਮੁਖ਼ਾਲਫ਼ਤ ਹੋਈ ਤੇ ਸਾਰੀ ਦੁਨੀਆਂ ਦੀਆਂ ਮਾਇਆਧਾਰੀ ਤਾਕਤਾਂ ਨੇ ਜਾਨ ਤੋੜ ਕੇ ਵਿਰੋਧਤਾ ਕੀਤੀ । ਹਾਲਾਂਕਿ ਜ਼ਿੰਦਗੀ ਲਈ ਤੇ ਮਨੁੱਖ-ਮਾਤਰ ਲਈ ਇਸ ਤੋਂ ਚੰਗਾ ਕੋਈ ਨਜ਼ਾਮ ਨਹੀਂ । ਪਰ ਅੱਜ ਤੁਸਾਂ ਦੇਖ ਲਿਆ ਹੈ ਕਿ ਕੋਈ ਮੁਖਾਲਫ਼ਤ, ਪ੍ਰਤੱਖ ਸਚਾਈ ਤੇ ਹਕੀਕਤ ਦਾ ਕੁਝ ਨਹੀਂ ਵਿਗਾੜ ਸਕੀ । ਇਸ ਰਾਜ ਬਣਤਰ ਤੇ ਇਸ ਨਵੇਂ ਸਮਾਜ ਦੇ ਸੰਬੰਧ ਵਿਚ ਜੋ ਵਿਰੋਧਤਾ ਬਾਕੀ ਹੈ ਉਹ ਵੀ ਖ਼ਤਮ ਹੋ ਰਹੀ ਹੈ।''[16]

ਸਮਾਜਵਾਦ ਦੇ ਪ੍ਰਸੰਗ ਵਿਚ ਰਾਸ਼ਟਰਵਾਦ ਅਤੇ ਅੰਤਰਰਾਸ਼ਟਰਵਾਦ ਬਾਰੇ ਬਹਿਸ ਲਗਭਗ ਸਾਰੇ ਮਾਰਕਸਵਾਦੀ ਚਿੰਤਕਾਂ ਦੇ ਸਾਹਮਣੇ ਰਹੀ । ਦ੍ਰਿਸ਼ਟੀਕੋਣ ਇਹ ਸੀ ਕਿ ਨਿਰੋਲ ਰਾਸ਼ਟਰਵਾਦ ਵਿਚੋਂ ਫ਼ਾਸ਼ੀਵਾਦ (Fascism) ਨੇ ਜਨਮ ਲਿਆ ਹੈ । ਪਰ ਦੂਜੇ ਸੰਸਾਰ ਯੁਧ ਵਿਚ ਜਦੋਂ ਰੂਸ ਉਤੇ ਜਰਮਨ ਫ਼ੌਜਾਂ ਨੇ ਹਮਲਾ ਕੀਤਾ ਤਾਂ ਰੂਸੀ ਚਿੰਤਕਾਂ ਨੇ ਇਹ ਸਵੀਕਾਰ ਕੀਤਾ ਕਿ ਰਾਸ਼ਟਰਵਾਦ ਨੂੰ ਬਿਲਕੁਲ ਨਕਾਰਿਆ ਨਹੀਂ ਜਾ ਸਕਦਾ ਤੇ ਰਾਸ਼ਟਰਵਾਦੀ ਭਾਵਨਾ ਨੂੰ ਰੂਸੀ ਨੇਤਾਵਾਂ ਨੇ ਆਪਣੇ ਲੋਕਾਂ ਨੂੰ ਜਾਗ੍ਰਤ ਕਰਨ ਲਈ ਵਰਤਿਆ । ਸਾਡਾ ਕਹਿਣ ਦਾ ਭਾਵ ਇਹ ਹੈ ਕਿ ਰਾਸ਼ਟਰਵਾਦ ਤੇ ਅੰਤਰਰਾਸ਼ਟਰਵਾਦ ਬਾਰੇ ਜੋ ਬਹਿਸ ਮਾਰਕਸਵਾਦ ਦੇ ਸਾਹਮਣੇ ਰਹੀ ਹੈ ਉਸ ਤੋਂ ਬਾਵਾ ਬਲਵੰਤ ਡੂੰਘੀ ਤਰ੍ਹਾਂ ਪ੍ਰਭਾਵਤ ਰਿਹਾ ਹੈ । ਉਹ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਅਤੇ ਰਾਸ਼ਟਰਵਾਦ ਅਤੇ ਅੰਤਰਰਾਸ਼ਟਰਵਾਦ ਦੇ ਸਿਧਾਂਤਕ ਮਸਲਿਆਂ ਨੂੰ ਆਪਣੀ ਕਵਿਤਾ ਵਿਚ ਉਸੇ ਪ੍ਰਸੰਗ ਵਿਚ ਵਿਚਾਰਦਾ ਹੈ । ਉਸ ਦੇ ਸਾਹਮਣੇ ਟ੍ਰਾਟਸਕੀ ਦੀ ਵਿਚਾਰਧਾਰਾ ਵੀ ਹੈ M. N. Roy ਦੀ ਵੀ ਅਤੇ ਹੋਰ ਪ੍ਰਗਤੀਵਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੰਤਕਾਂ ਦੀ ਵੀ। ਪਰ ਜਿਸ ਤਰ੍ਹਾਂ ਰੂਸੀ ਸਮਾਜ ਜਾਂ ਮਾਰਕਸਵਾਦੀ ਚਿੰਤਕ ਅੰਤਰਰਾਸ਼ਟਰਵਾਦ ਦੇ ਨਾਲ ਨਾਲ ਬਾਦ ਵਿਚ ਰਾਸ਼ਟਰਵਾਦ ਵੱਲ ਮੁੜੇ ਬਾਵਾ ਬਲਵੰਤ ਵੀ ਆਪਣੀਆਂ ਬਾਦ ਦੀਆਂ ਕਵਿਤਾਵਾਂ ਵਿਚ ਇਕ ਵੱਖਰੇ ਰੂਪ ਵਿਚ ਰਾਸ਼ਟਰਵਾਦ ਵੱਲ ਪਰਤਦਾ ਨਜ਼ਰ ਆਉਂਦਾ ਹੈ। ਰਾਸ਼ਟਰ ਦੇ ਇਤਿਹਾਸਕ ਪ੍ਰਤੀਕਾਂ ਅਤੇ ਭਾਰਤੀ ਪੌਰਾਣ ਦੇ ਗੌਰਵ ਨੂੰ ਉਹ ਇਸੇ ਕਾਰਣ ਵਧੇਰੇ ਅਪਣਾਉਂਦਾ ਜਾਂਦਾ ਹੈ।

ਅਸੀਂ ਬਾਵਾ ਬਲਵੰਤ ਬਾਰੇ ਉਪਰ ਇਹ ਜ਼ਿਕਰ ਕੀਤਾ ਹੈ ਕਿ ਉਹ ਸਮਾਜਵਾਦ ਨੂੰ ਇਕ ਬੰਦ ਸਮਾਜ ਦੇ ਤੌਰ ਤੇ ਨਹੀਂ ਅਪਣਾਉਂਦਾ ਸਗੋਂ ਇਕ ਖੁਲ੍ਹੇ ਸਮਾਜ ਦੇ ਤੌਰ ਤੇ ਅਪਨਾਉਣਾ ਚਾਹੁੰਦਾ ਹੈ, ਜਿਸ ਵੱਲ ਉਪਰ M. N. Roy ਦੀਆਂ ਸਤਰਾਂ ਵਿਚ ਵੀ ਸੰਕੇਤ ਕੀਤਾ ਗਿਆ ਹੈ। ਇਸ ਲਈ ਬਾਵਾ ਬਲਵੰਤ ਵੱਖ-ਵੱਖ ਤਰ੍ਹਾਂ ਦੇ ਮਾਰਕਸਵਾਦੀ ਚਿੰਤਕਾਂ ਤੋਂ ਪ੍ਰਭਾਵਤ ਤਾਂ ਹੁੰਦਾ ਹੈ ਪਰ ਉਹ ਕਿਸੇ ਇਕ ਨੂੰ ਆਪਣਾ ਆਧਾਰ ਨਹੀਂ ਬਣਾਉਂਦਾ, ਇਸੇ ਲਈ ਉਹ ਕੁਝ ਗੱਲਾਂ ਵਿਚ ਟ੍ਰਾਟਸਕੀ ਤੋਂ ਵੱਖ ਵੀ ਹੁੰਦਾ ਹੈ, ਉਦਾਹਰਣ ਦੇ ਤੌਰ ਤੇ ਟ੍ਰਾਟਸਕੀ ਨੇ ਕਿਹਾ ਸੀ ਕਿ ਫ਼ਿਊਡਲ ਅਤੇ ਪੂੰਜੀਵਾਦੀ ਪ੍ਰਬੰਧ ਦੀਆਂ ਉਨ੍ਹਾਂ ਸੰਸਥਾਵਾਂ ਜਾਂ ਉਨ੍ਹਾਂ ਗੱਲਾਂ ਨੂੰ ਬਿਲਕੁਲ ਤੋੜ ਦੇਣਾ ਚਾਹੀਦਾ ਹੈ ਜਿਨ੍ਹਾਂ ਦਾ ਸੰਬੰਧ ਸਮਾਜਵਾਦ ਦੇ ਨਾਲ ਨਹੀਂ ਬਣਦਾ। M. N. Roy ਨੇ ਬਾਦ ਵਿਚ ਭਾਰਤੀ ਇਤਿਹਾਸ ਤੇ ਮਿਥਿਹਾਸ ਦੀਆਂ ਸਾਂਭਣਯੋਗ ਗੱਲਾਂ ਨੂੰ ਪ੍ਰਗਤੀਵਾਦੀ ਰੂਪ ਵਿਚ ਰੂਪਾਂਤਰਿਤ ਕਰਨ ਤੇ ਜ਼ੋਰ ਦਿਤਾ। ਬਾਵਾ ਬਲਵੰਤ ਵੀ ਇਸੇ ਰੂਪ ਵਿਚ ਭਾਰਤੀ ਮਿਥਾਂ ਨੂੰ ਪ੍ਰਤੀਕਮਈ ਵਿਆਖਿਆ ਦੇ ਅਧੀਨ ਲਿਆਉਂਦਾ ਹੈ ਉਨ੍ਹਾਂ ਦੇ ਮਾਰਕਸਵਾਦੀ ਅਰਥ ਕਰਨ ਦਾ ਯਤਨ ਕਰਦਾ ਹੈ। "ਮਾਰਕਸਵਾਦੀ ਦ੍ਰਿਸ਼ਟੀ ਤੋਂ ਪੁਰਾ ਕਥਾ ਇਤਿਹਾਸਕ ਚੇਤਨਤਾ ਦਾ ਸੁਪਨਮਈ ਪੱਖ ਪੂਰਦੀ ਹੈ। ਅਤੇ ਇਤਿਹਾਸਕ ਚੇਤਨਾ ਦੇ ਵਿਕਸਿਤ ਹੋ ਜਾਣ ਉਪਰੰਤ ਵੀ ਲੋਕ ਮਨਾਂ ਅਤੇ ਅਨੁਭਵਾਂ ਨੂੰ ਟੁੰਬਦੀ ਰਹਿੰਦੀ ਹੈ। ਇਹ ਇਤਿਹਾਸਕ ਗਤੀ ਜਾਂ ਤਣਾਓ ਦੀ ਸੂਚਕ ਹੈ...।"[15] ਇਹ ਦ੍ਰਿਸ਼ਟੀ ਬਾਵਾ ਬਲਵੰਤ ਦੀ ਰਾਸ਼ਟਰਵਾਦੀ-ਚੇਤਨਾ ਨੂੰ ਪੇਸ਼ ਕਰਦੀ ਹੈ।

ਬਾਵਾ ਬਲਵੰਤ ਦੇ ਜਿਸ ਖੁਲ੍ਹੇ ਸਮਾਜ ਦੇ ਸੰਕਲਪ ਵੱਲ ਅਸੀਂ ਸੰਕੇਤ ਕੀਤਾ ਹੈ ਜਾਂ ਜਿਸ ਨੂੰ ਵਿਚਾਰਾਂ ਦਾ ਮਿਸ਼ਰਣ ਆਖਿਆ ਹੈ ਉਸ ਵਿਚ ਉਸ ਦਾ ਉਹ ਕਥਨ ਧਿਆਨਯੋਗ ਹੈ ਜਿਸ ਵਿਚ ਉਸ ਨੇ ਆਪਣੀ ਬਗਾਵਤ ਦੇ ਸਰੋਤਾਂ ਵਿਚ ਫਰਾਂਸੀਸੀ ਕ੍ਰਾਂਤੀ ਨੇ ਪ੍ਰਭਾਵਤ ਕਰਨ ਵਾਲੇ ਤੇ ਰੁਮਾਂਟਿਕ ਵਿਚਾਰਾਂ ਨੂੰ ਜਨਮ ਦੇਣ ਵਾਲੇ ਚਿੰਤਕ ਰੂਸੋ[16] ਨੂੰ ਵੀ ਰਖਿਆ ਸੀ। ਰੂਸੋ ਨੇ ਵਿਸ਼ੇਸ਼ ਤੌਰ ਤੇ ਪ੍ਰਕਿਰਤੀ ਦੇ ਜਗਤ ਨੂੰ ਕੇਵਲ ਆਪਣਾ ਪ੍ਰੇਰਣਾ ਸਰੋਤ ਹੀ ਨਹੀਂ ਸੀ ਬਣਾਇਆ ਸਗੋਂ ਪ੍ਰਕਿਰਤੀ ਦੇ ਜਗਤ ਨੂੰ ਉਹ ਆਪਣੇ ਸਮਾਜਕ ਵਿਚਾਰਾਂ ਦਾ ਆਧਾਰ ਬਣਾਉਂਦਾ ਹੈ ਅਤੇ ਜੀਵਨ ਵਿਚ ਉਸੇ ਤਰ੍ਹਾਂ ਦੀ ਖੁਲ੍ਹ ਚਾਹੁੰਦਾ ਹੈ। ਜਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਪ੍ਰਕਿਰਤੀ ਰੂਸੋ ਵਾਸਤੇ ਜੀਵਨ ਦੀ ਆਜ਼ਾਦੀ ਦਾ ਇਕ ਮਾਡਲ ਹੈ। ਬਾਵਾ ਬਲਵੰਤ ਨੇ ਆਪਣੀ ਕਵਿਤਾ ਵਿਚ ਬਹੁਤ ਥਾਂ ਤੇ ਇਸ ਕਿਸਮ ਦੀ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. "ਸਾਗਰੀ ਦੁਨੀਆਂ ਹੈ ਇਕ ਪਾਤਾਲ ਦੇਸ਼,
ਤਾਰਿਆਂ ਦਾ ਦੇਸ਼ ਇਕ ਬੇਕਾਲ ਦੇਸ਼ ।
ਇਕ ਖ਼ਿਆਲਾਂ ਦਾ ਮੁਲਕ ਆਬਾਦ ਦੇਖ,
ਉਸ ਦੇ ਵਾਸੀ ਕੈਦ ਦੇਖ, ਆਜ਼ਾਦ ਦੇਖ ।"[17] (ਉੱਲੂ)

2. "ਮੇਰੀ ਕਲਮ ਨੂੰ, ਹੇ ਉਸ਼ੇ, ਕੋਈ ਨਵੀਂ ਸਵੇਰ ਦੇ !
ਮੇਰੇ ਖ਼ਿਆਲ ਜ਼ੱਰੇ ਜ਼ੱਰੇ ਤੇ ਕਦੀ ਖਲੇਰ ਦੇ !
ਹੇ ਵਿਸ਼ਵ ਜੋਤ ਦੇ ਪਿਆਰ,
ਮੇਟ ਮੇਰੇ ਅੰਧਕਾਰ ।
ਹੇ ਉਸ਼ਾ, ਹੇ ਇਨਕਲਾਬ-ਕਾਰ ਬਦਲੀਆਂ ਦੀ ਮਾਂ,
ਮੈਂ ਫੇਰ ਦੇਵਤਾ ਬਣਾ !"[18] (ਉਸ਼ਾ)

3. "ਕਿਉਂ ਖ਼ਿਆਲਾਂ ਦੇ ਲਈ ਹਨ ਬੇੜੀਆਂ;
ਜੋ ਹਵਾ ਨੂੰ, ਵਕਤ ਨੂੰ ਬੰਧਨ ਨਹੀਂ ?
ਇਕ ਜ਼ਖ਼ਮ, ਕੋਈ ਉਮੰਗ, ਇੱਕ ਢੂੰਡ-ਭਾਲ;
ਤੜਪ ਤੋਂ ਬਿਨ੍ਹਾਂ ਮੌਤ ਹੈ, ਜੀਵਨ ਨਹੀਂ ।"[19] (ਨਵੀਨ ਗ਼ਜ਼ਲ)

4. "ਕਰੀ ਜਾ ਸੁੰਦਰਤਾ ਦੀ ਭਾਲ,
ਲੜੀ ਜਾ ਕੁਹਜ ਕਰੂਪਾਂ ਨਾਲ ।
ਲਭਣ ਵਾਲੇ 'ਤੇ ਹੋ ਜਾਏ,
ਕੁਦਰਤ ਆਪ ਦਿਆਲ ।
ਕਰੀ ਜਾ ਸੁੰਦਰਤਾ ਦੀ ਭਾਲ,
ਵਧੀ ਜਾ ਵਿਸ਼ਵ-ਵਿਕਾਸ ਦੇ ਨਾਲ ।"[20] (ਸੁੰਦਰਤਾ ਦੀ ਭਾਲ)

5. "ਵਿਕਾਸ ਕੀ ਹੈ ਤੇ ਆਸ ਕੀ ਹੈ
ਜੇ ਸੁਖ ਨਾ ਹੋਵਣ ਦੁੱਖਾਂ ਦੇ ਬਦਲੇ ?
ਜਿਵੇਂ ਹੈ ਸਰਦੀ 'ਚ ਧੁੱਪ ਸਾਨੂੰ,
ਤਿਵੇਂ ਹੈ ਛਾਂ ਗਰਮੀਆਂ 'ਚ ਰੁੱਖ ਦੀ,
ਹੈ ਜ਼ਿੰਦਗੀ ਨੂੰ ਤਲਾਸ਼ ਸੁਖ ਦੀ ।"[21] (ਜ਼ਿੰਦਗੀ ਤੇ ਸੁੱਖ)

ਬਾਵਾ ਬਲਵੰਤ ਇਨ੍ਹਾਂ ਕਵਿਤਾਵਾਂ ਵਿਚ ਕੇਵਲ ਪ੍ਰਕਿਰਤੀ ਨੂੰ ਰੂਸੋ ਵਾਂਗ ਆਪਣੇ ਸਮਾਜਕ ਵਿਚਾਰਾਂ ਦਾ ਆਧਾਰ ਨਹੀਂ ਬਣਾਉਂਦਾ ਸਗੋਂ ਜੇ ਧਿਆਨ ਨਾਲ ਦੇਖਿਆ ਜਾਏ ਤਾਂ ਉਹ ਕਈ ਹੋਰ ਸਿਧਾਂਤਕ ਗੱਲਾਂ ਨੂੰ ਵੀ ਇਸੇ ਖੇਤਰ ਵਿਚੋਂ ਛੋਂਹਦਾ ਹੈ । ਉਦਾਹਰਣ ਦੇ ਤੌਰ ਤੇ ਉਹ ਵਿਕਾਸ ਦੀ ਪਛਾਣ ਵੀ ਪ੍ਰਕਿਰਤੀ ਦੀ ਦਵੰਦਾਤਮਕਤਾ (Dialectics of Nature) ਦੇ ਆਧਾਰ ਤੇ ਕਰਦਾ ਹੈ । ਪ੍ਰਕਿਰਤੀ ਦੇ ਵਿਸ਼ਾਲ ਜਗਤ ਚੋਂ ਹੀ ਉਹ ਸੁੰਦਰਤਾ (Aesthetics) ਦੀ ਪਛਾਣ ਕਰਦਾ ਹੈ । ਇਸੇ ਵਿਚਾਰ ਵਿਧੀ ਚੋਂ ਉਸ ਦੀਆਂ ਹੋਰ ਬਹੁਤ ਸਾਰੀਆਂ ਉਹ ਕਵਿਤਾਵਾਂ ਪੈਦਾ ਹੁੰਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਜਿਨ੍ਹਾਂ ਵਿਚੋਂ ਉਸ ਦੇ ਉਹ ਮਹੱਤਵਯੋਗ ਵਿਚਾਰ ਦੇਖੇ ਜਾ ਸਕਦੇ ਹਨ ਜੋ ਉਸ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਨੂੰ ਹੋਰ ਸਪਸ਼ਟ ਕਰਦੇ ਹਨ ਜਿਵੇਂ ਉਸ ਦੀ ਕਵਿਤਾ 'ਫੁੱਲ ਜੋ ਮੁਰਝਾ ਗਏ' ਦੀਆਂ ਅਜਿਹੀਆਂ ਸਤਰਾਂ :

''ਮੁੱਦਤਾਂ ਦੇ ਫੁੱਲ ਕੁਮਲਾਏ ਹੋਏ,
ਹੁਣ ਨਵੀਂ ਮਹਿਫਲ ਸਜਾ ਸਕਦੇ ਨਹੀਂ ।
ਸੈਂਕੜੇ ਸਦੀਆਂ ਪੁਰਾਣਾ ਫ਼ਲਸਫ਼ਾ,
ਆਦਮੀ ਦੇ ਵਹਿਮ ਦੀ ਸਰਹੱਦ 'ਖ਼ੁਦਾ'
ਧਾਤ ਦੇ, ਪੱਥਰ ਦੇ ਵੇਲੇ ਦੇ ਕਿਆਸ,
ਕੁਝ ਡਰਾਉਣੇ ਕੁਝ ਹਸਾਉਣੇ ਦੇਵਤੇ,
ਭੋਜ ਪੱਤਰਾਂ ਦੇ ਸਮੇਂ ਵਾਲਾ ਧਰਮ,
ਆਰੀਆ, ਅਨ-ਆਰੀਆਵਾਦੀ ਵਰਨ,
ਇਹ ਕੰਵਲ, ਇਹ ਪੁਸ਼ਪ, ਇਹ ਬਿਲਪੱਤਰੀ,
ਸੈਂਕੜੇ ਸਦੀਆਂ ਪੁਰਾਣੇ ਇਹ ਗੁਲਾਬ,
ਇਹ ਯਾਸਮਨ,
ਮੁਰਝਾ ਗਏ,
ਮੌਤ ਦਾ ਪੈਗ਼ਾਮ ਦੇਂਦੇ ਨੇ ਪਏ;
ਹੁਣ ਨਾ ਬਾਕੀ ਤਾਜ਼ਗੀ, ਨ ਜ਼ਿੰਦਗੀ—
ਇਹ ਨਵੀਂ ਮਹਿਫ਼ਲ ਸਜਾ ਸਕਦੇ ਨਹੀਂ ।''[22]

ਇਹ ਸਤਰਾਂ ਬਾਵਾ ਬਲਵੰਤ ਦੇ ਉਸ ਪੱਖ ਬਾਰੇ ਵੀ ਨਿਰਣਾ ਦੇਂਦੀਆਂ ਹਨ ਜਿਸ ਬਾਰੇ ਅਸੀਂ ਇਹ ਕਿਹਾ ਸੀ ਕਿ ਬਾਦ ਵਿਚ ਉਸ ਦੀ ਕਵਿਤਾ ਇਤਿਹਾਸਕ ਰਾਸ਼ਟਰੀ ਪ੍ਰਤੀਕਾਂ ਵੱਲ ਰੁਚਿਤ ਹੁੰਦੀ ਹੈ ਉਨ੍ਹਾਂ ਨੂੰ ਇਕ ਗੌਰਵ ਦੇ ਤੌਰ ਤੇ ਪੇਸ਼ ਕਰਦੀ ਹੈ । ਜਿਵੇਂ ਉਸ ਦੀਆ ਕਵਿਤਾਵਾਂ 'ਇਲੋਰਾ', 'ਜੰਤਰ-ਮੰਤਰ', 'ਲਾਲ ਕਿਲ੍ਹਾ', 'ਕਮਾਲ ਦੀ ਖ਼ਾਤਰ', 'ਸਰਮੱਦ ਦੇ ਮਕਬਰੇ ਤੇ' (ਸੁਗੰਧ ਸਮੀਰ) । ਬਾਵਾ ਬਲਵੰਤ ਇਸ ਗੌਰਵ ਨੂੰ ਜਾਂ ਇਤਿਹਾਸ ਦੇ ਇਨ੍ਹਾਂ ਪ੍ਰਤੀਕਾਂ ਨੂੰ ਸਵੀਕਾਰ ਕਰਦਾ ਹੈ ਪਰ ਉਨ੍ਹਾਂ ਨੂੰ ਕੇਵਲ ਇਤਿਹਾਸ ਦੇ ਤੌਰ ਤੇ ਸਵੀਕਾਰ ਕਰਦਾ ਹੈ । ਉਹ ਪੁਰਾਣੇ ਧਰਮ ਜਾਂ ਆਰੀਆ ਅਨਾਰੀਆਂ ਜਾਂ ਵਰਨ ਸਮਾਜ ਜਾਂ ਹੋਰ ਪੁਰਾਤਨਤਾ ਨੂੰ ਪੁਨਰ ਜੀਵਤ ਕਰਨ ਦੇ ਹੱਕ ਵਿਚ ਨਹੀਂ ।

ਬਾਵਾ ਬਲਵੰਤ ਦੀ ਕਵਿਤਾ ਵਿਚਲੇ ਮਿਸ਼ਰਣ ਦਾ ਗਿਆਨ ਕਈ ਹੋਰ ਪੱਖਾਂ ਕਰਕੇ ਵੀ ਸਾਹਮਣੇ ਆਉਂਦਾ ਹੈ । ਅਤੇ ਉਸ ਨੂੰ ਸਪਸ਼ਟ ਕਰਨ ਲਈ ਅਸੀਂ ਇਸ ਅਧਿਆਇ ਦੇ ਮੁੱਢਲੇ ਡਾ. ਨਾਮਵਰ ਸਿੰਘ ਦੇ ਕਥਨ ਵੱਲ ਪਰਤਦੇ ਹਾਂ । ਡਾ. ਨਾਮਵਰ ਸਿੰਘ ਨੇ ਇਸ ਗੱਲ ਨੂੰ ਸਪਸ਼ਟ ਕੀਤਾ ਸੀ ਕਿ ਪ੍ਰਗਤੀਵਾਦੀ ਕਵਿਤਾ ਦਾ ਆਰੰਭ ਛਾਇਆਵਾਦ ਦੇ ਗਰਭ ਚੋਂ ਹੋਇਆ । ਬਾਵਾ ਬਲਵੰਤ ਦੀ ਕਵਿਤਾ ਤੇ ਵਿਚਾਰ ਕਰਦਿਆਂ ਇਹ ਗੱਲ ਬਹੁਤ ਮਹੱਤਵਯੋਗ ਹੈ ਕਿ ਉਸ ਨੇ ਛਾਇਆਵਾਦੀ ਪ੍ਰਵਿਰਤੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਲੋਂ ਤਿਆਗਿਆ ਨਹੀਂ। ਉਸ ਨੇ ਨਿਰੋਲ ਪ੍ਰਗਤੀਵਾਦੀ ਕਵਿਤਾ ਦੀ ਰਚਨਾ ਨਹੀਂ ਕੀਤੀ ਸਗੋਂ ਉਹ ਅੰਤ ਤਕ ਛਾਇਆਵਾਦੀ-ਪ੍ਰਗਤੀਵਾਦੀ ਰਹਿੰਦਾ ਹੈ। ਬਾਵਾ ਬਲਵੰਤ ਆਪ ਵੀ ਇਕ ਲੇਖ ਵਿਚ ਛਾਇਆਵਾਦੀ ਕਵੀਆਂ ਬਾਰੇ ਵਿਚਾਰ ਪ੍ਰਗਟਾਉਂਦਾ ਹੈ :—

> "ਛਾਇਆਵਾਦੀ ਕਵੀਆਂ ਨੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਚਾਹੇ ਸਿੱਧਾ ਭਾਗ ਨਹੀਂ ਲਿਆ, ਪਰ ਉਨ੍ਹਾਂ ਦੀ ਦੇਸ਼ ਭਗਤੀ, ਸਾਹਿੱਤਕ ਸਤਰ ਦੇ ਇਕ ਦੂਸਰੇ ਹੀ ਰੂਪ ਵਿਚ ਉਭਰੀ ਹੈ।"[23]

ਉਸ ਸਮੇਂ ਪੰਜਾਬੀ ਦੇ ਹੋਰ ਪ੍ਰਗਤੀਵਾਦੀ ਕਵੀਆਂ ਨਾਲੋਂ ਬਾਵਾ ਬਲਵੰਤ ਦੀ ਵਿਲੱਖਣਤਾ ਹੈ। ਆਮ ਤੌਰ ਤੇ ਮੋਹਨ ਸਿੰਘ ਦੀ ਕਵਿਤਾ ਬਾਰੇ ਰੋਮਾਂਸਵਾਦੀ ਪ੍ਰਗਤੀਵਾਦੀ ਸ਼ਬਦ ਵਰਤਿਆ ਜਾਂਦਾ ਰਿਹਾ ਹੈ ਪਰ ਬਾਵਾ ਬਲਵੰਤ ਦੀ ਕਵਿਤਾ ਬਾਰੇ ਅਸੀਂ ਰੋਮਾਂਸਵਾਦੀ ਪ੍ਰਗਤੀਵਾਦੀ ਦੀ ਥਾਂ ਤੇ ਛਾਇਆਵਾਦੀ-ਪ੍ਰਗਤੀਵਾਦੀ ਸ਼ਬਦ ਜ਼ਿਆਦਾ ਯੋਗ ਸਮਝਿਆ ਹੈ। ਇਉਂ ਉਸ ਦੀ ਕਵਿਤਾ ਛਾਇਆਵਾਦ ਅਤੇ ਪ੍ਰਗਤੀਵਾਦ ਦਾ ਮਿਸ਼ਰਣ ਬਣ ਜਾਂਦੀ ਹੈ।

ਡਾ. ਨਗੇਂਦ੍ਰ ਅਨੁਸਾਰ "ਛਾਇਆਵਾਦੀ ਕਾਵਿ ਦੇ ਪ੍ਰਮੁੱਖ ਆਲੰਬਨ ਪ੍ਰਕਿਰਤੀ, ਨਾਰੀ, ਪਰੋਕਸ਼ ਸੱਤਾ, ਅਤੇ ਰਾਸ਼ਟਰ ਹੈ। ਪ੍ਰਕਿਰਤੀ ਚਿਤਰਣ ਦੀ ਦ੍ਰਿਸ਼ਟੀ ਤੋਂ ਛਾਇਆਵਾਦੀ ਕਾਵਿ ਸੰਸਕ੍ਰਿਤ ਦੇ ਪ੍ਰਾਚੀਨ ਅਤੇ ਅੰਗ੍ਰੇਜ਼ੀ ਦੇ ਸਵਛੰਦਤਾਵਾਦੀ ਕਾਵਿ ਦੇ ਸਮਾਨੰਤਰ ਹੈ। ਇਸ ਕਾਵਿ ਦੀ ਪ੍ਰਕਿਰਤੀ ਜੜ੍ਹ ਨਾ ਹੋ ਕੇ ਚੇਤੰਨ ਹੈ ਅਤੇ ਉਦੀਪਨ ਨਾ ਹੋ ਕੇ ਰਾਗਾਤਮਕ ਹੈ। ਰਾਸ਼ਟਰੀ ਕਵਿਤਾਵਾਂ ਵਿਚ ਦੇਸ਼ ਦੇ ਪ੍ਰਕਿਰਤਕ ਸੌਂਦਰਯ ਅਤੇ ਅਤੀਤ ਦੇ ਸਾਂਸਕ੍ਰਿਤਕ ਗੌਰਵ ਦੇ ਕੋਮਲ ਉਦਾਤ ਚਿਤ੍ਰ ਅੰਕਿਤ ਕੀਤੇ ਗਏ ਹਨ।"[24] ਛਾਇਆਵਾਦੀ ਕਵਿਤਾ ਬਾਰੇ ਡਾ. ਨਾਮਵਰ ਸਿੰਘ ਨੇ ਇਹ ਕਿਹਾ ਸੀ ਕਿ ਇਸ ਵਿਚ ਪ੍ਰੇਮ ਭਾਵਨਾ ਦੀ ਪ੍ਰਧਾਨਤਾ ਰਹਿੰਦੀ ਹੈ।[25] ਬਾਵਾ ਬਲਵੰਤ ਇਸ ਪ੍ਰੇਮ ਭਾਵਨਾ ਨੂੰ ਆਪਣੀ ਕਵਿਤਾ ਵਿਚ ਬਹੁਤ ਥਾਂ ਤੇ ਪ੍ਰਗਟ ਕਰਦਾ ਹੈ। ਇਥੋਂ ਤਕ ਕਿ ਉਸ ਨੇ ਆਪਣੀ ਬਗਾਵਤ ਬਾਰੇ ਵੀ ਇਸ ਪ੍ਰੇਮ ਭਾਵਨਾ ਤੋਂ ਹੀ ਗੱਲ ਸ਼ੁਰੂ ਕੀਤੀ :—

"ਤੇਰੀ ਕਲਮ ਦੀ ਇਹ ਟੇਢੀ ਲਕੀਰ ਹੈ ਹਸਤੀ,
ਤੇਰੀ ਹੀ ਕਿਰਨ ਦਾ ਹੈ ਨਾਚ-ਘਰ ਭਵਨ ਮੇਰਾ।
ਖ਼ਿਆਲ ਹੀ ਨਹੀਂ ਕਾਫ਼ੀ, ਹੇ ਬੇੜੀਆਂ ਦੇ ਮਲਾਹ,
ਕਲਮ ਦਾ ਜੋਸ਼ ਬਣਾ ਦੇ ਜਗਣ ਬੁਝਣ ਮੇਰਾ।
ਕਦੇ ਤਾਂ ਹੋ ਕੇ ਤੂੰ ਪਰਕਾਸ਼ ਮੁਕਤ ਦਿਲ ਤਕ ਆ;
ਆਜ਼ਾਦ ਤਨ ਹੈ ਨਾ ਮੇਰਾ ਆਜ਼ਾਦ ਮਨ ਮੇਰਾ।"[26] (ਮੇਰਾ ਤਰਾਨਾ)

ਇਹ ਪ੍ਰੇਮ ਭਾਵਨਾ ਛਾਇਆਵਾਦ ਨੂੰ ਰੋਮਾਂਸਵਾਦ ਨਾਲ ਵੀ ਜੋੜ ਸਕਦੀ ਹੈ। ਇਸੇ ਲਈ ਅਸੀਂ ਬਾਵਾ ਬਲਵੰਤ ਦੀ ਛਾਇਆਵਾਦੀ ਕਵਿਤਾ ਨੂੰ ਕਈ ਹੋਰ ਪੱਖਾਂ ਤੋਂ ਵੀ ਦੇਖਣਾ ਚਾਹੁੰਦੇ ਹਾਂ। ਬਾਵਾ ਬਲਵੰਤ ਦੀ ਸਾਰੀ ਕਵਿਤਾ ਭਾਰਤੀ ਪੌਰਾਣ ਦੇ ਪ੍ਰਤੀਕਾਂ ਤੇ ਸੰਕੇਤਾਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਉਸ ਦੀਆਂ ਮਸ਼ਹੂਰ ਕਵਿਤਾਵਾਂ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. [illegible] (ਮਹਾਂ ਨਾਚ, ਪੰਨਾ 35)
2. ਸ਼ਿਵ ਨਾਚ (ਮਹਾਂ ਨਾਚ, ਪੰਨਾ 45)
3. ਜ਼ਿੰਦਗੀ ਹੀ ਜ਼ਿੰਦਗੀ (ਮਹਾਂ ਨਾਚ, ਪੰਨਾ 60)
4. ਔਰਤ (ਮਹਾਂ ਨਾਚ, ਪੰਨਾ 83)
5. ਕ੍ਰਿਸ਼ਨਾ ਦੇ ਆਉਣ ਤੇ (ਮਹਾਂ ਨਾਚ, ਪੰਨਾ 117)
6. ਗਿਆਨ ਕ੍ਰਿਸ਼ਨਾ (ਬੰਦਰਗਾਹ, ਪੰਨਾ 84)
7. ਅਸ਼ੋਕ ਲਾਠ (ਬੰਦਰਗਾਹ, ਪੰਨਾ 107)
8. ਫੇਰ ਪਾਰੋ ਨੇ ਕਿਹਾ (ਬੰਦਰਗਾਹ, ਪੰਨਾ 115)
9. ਗਊ ਮਾਤਾ (ਬੰਦਰਗਾਹ, ਪੰਨਾ 100)

ਆਦਿ ਵਿਚ ਭਾਰਤੀ ਪੌਰਾਣ ਨੂੰ ਵਰਤਿਆ ਗਿਆ ਹੈ ਕੇਵਲ ਵਰਤਿਆ ਹੀ ਨਹੀਂ ਗਿਆ ਸਗੋਂ ਭਾਰਤੀ ਪੌਰਾਣ ਜਾਂ ਮਿਥਾਂ ਦੇ ਆਧਾਰ ਤੇ ਉਹ ਪ੍ਰਗਤੀਵਾਦੀ ਵਿਚਾਰ ਨੂੰ ਪੇਸ਼ ਕਰਦਾ ਹੈ ਜਾਂ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਉਨ੍ਹਾਂ ਮਿਥਾਂ ਦਾ ਰੂਪਾਂਤਰਣ ਕਰਦਾ ਨਜ਼ਰ ਆਉਂਦਾ ਹੈ। ਇਹ ਸਾਰੀ ਦ੍ਰਿਸ਼ਟੀ ਉਸ ਦੀ ਛਾਇਆਵਾਦੀ-ਪ੍ਰਗਤੀਵਾਦੀ ਬਿਰਤੀ ਵਿਚੋਂ ਹੀ ਪੈਦਾ ਹੁੰਦੀ ਹੈ।

ਇਸ ਛਾਇਆਵਾਦੀ ਬਿਰਤੀ ਵਿਚੋਂ ਹੀ ਉਹ ਆਪਣੀਆਂ ਕਵਿਤਾਵਾਂ ਵਿਚ ਇਕ ਬੋਧਿਕਤਾ ਪੈਦਾ ਕਰਦਾ ਹੈ। ਉਹ ਇਕ ਅਜਿਹਾ ਕਾਲਪਨਿਕ ਜਾਂ ਫੈਂਤਾਂਸੀ ਦਾ ਜਗਤ ਪੈਦਾ ਕਰ ਲੈਂਦਾ ਹੈ ਜਿਸ ਦਾ ਯਥਾਰਥ ਨਾਲ ਸੰਬੰਧ ਨਹੀਂ ਹੁੰਦਾ ਜਿਵੇਂ ਉਸ ਦੀਆਂ ਕਵਿਤਾਵਾਂ 'ਸਦਰ ਦਰਵਾਜ਼ਾ', 'ਬੰਦਰਗਾਹ' (ਕਵਿਤਾ ਬੰਦਰਗਾਹ ਬਾਰੇ ਅਸੀਂ ਪਿਛੇ ਚਰਚਾ ਕਰ ਆਏ ਹਾਂ।) ਇਸ ਕਿਸਮ ਦੀਆਂ ਕਵਿਤਾਵਾਂ ਹਨ।

"ਮੌਨ ਸਦਰ ਦਰਵਾਜ਼ੇ ! ਆਪਣੀ ਛੇੜ ਆਲੋਕ-ਕਹਾਣੀ,
ਚੁਪ ਤੇਰੀ ਤੋਂ ਤੜਪ ਰਿਹਾ ਹੈ ਨਗਰੀ ਦਾ ਹਰ ਪ੍ਰਾਣੀ।
ਦੁੱਖ ਸੁਖ ਦੇ ਲੰਘੇ ਹਨ ਬੇਸ਼ਕ ਬੰਗਿਣ ਹਾਥੀ ਘੋੜੇ,
ਪਹਿਲਾਂ ਵਾਂਗ ਹੀ ਹੈਨ ਸਲਾਮਤ ਪਰ ਰਸਤੇ ਦੇ ਰੋੜੇ।
ਬੇਸ਼ਕ ਰੌਸ਼ਨ ਉਂਗਲਾ ਆ ਕੇ ਰਾਹ ਅਮੁਕ ਵਿਖਾਇਆ,
ਭੁੱਲ ਗਿਆ ਹਰ ਕਾਫ਼ਲਾ ਰਸਤਾ ਜਦ ਇਸ ਚੌਕ 'ਚ ਆਇਆ।
ਆਣ ਬਹਾਰਾਂ ਦਰ ਤੇਰੇ ਤੇ ਆਪਣੀ ਚਿਤਾ ਬਣਾਵਣ,
ਪਤਝੜ,ਰੰਗ,ਸੁਗੰਧ,ਤਿਰਿਆਂ ਰੋ ਰੋ ਕੇ ਲੰਘ ਜਾਵਣ।"੩੭(ਸਦਰ ਦਰਵਾਜ਼ਾ)

ਇਉਂ ਛਾਇਆਵਾਦੀ ਪ੍ਰਵਿਰਤੀ ਉਸ ਦੀ ਕਵਿਤਾ ਵਿਚ ਇਕ ਅਜਿਹੀ ਧੁੰਦ ਪੈਦਾ ਕਰ ਦਿੰਦੀ ਹੈ ਜਿਸ ਵਿਚ ਕਈ ਵਾਰ ਵਿਚਾਰ ਦਾ ਨਿਗਰ ਸੰਚਾਰ ਵੀ ਨਹੀਂ ਰਹਿੰਦਾ। ਕਈ ਵਾਰ ਇਹ ਛਾਇਆਵਾਦੀ ਅਤੇ ਪ੍ਰਗਤੀਵਾਦੀ ਕਵਿਤਾ ਉਸ ਦੀ ਰਚਨਾ ਵਿਚ ਸਮਾਂਨੰਤਰ ਵੀ ਤੁਰਦੀ ਹੈ। ਇਸੇ ਲਈ ਅਸੀਂ ਉਸਦੀ ਕਵਿਤਾ ਛਾਇਆਵਾਦੀ-ਪ੍ਰਗਤੀਵਾਦੀ ਕਵਿਤਾ ਜਾਂ ਸਮੁੱਚੇ ਰੂਪ ਵਿਚ ਦੋਹਾਂ ਦਾ ਮਿਸ਼ਰਣ ਆਖਿਆ ਹੈ।

ਇਉਂ ਬਾਵਾ ਬਲਵੰਤ ਦੀ ਕਵਿਤਾ ਦੇ ਪ੍ਰਗਤੀਵਾਦੀ ਪੱਖ ਬਾਰੇ ਅਸੀਂ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਟੇ ਤੇ ਪਹੁੰਚਦੇ ਹਾਂ ਕਿ ਉਸ ਨੂੰ ਨਾ ਹੀ ਪ੍ਰਚਲਿਤ ਸ਼ਬਦਾਵਲੀ ਵਿਚ ਨਿਰੋਲ ਪ੍ਰਗਤੀਵਾਦੀ ਆਖਿਆ ਜਾ ਸਕਦਾ ਹੈ ਅਤੇ ਨਾ ਹੀ ਮੋਹਨ ਸਿੰਘ ਜਾਂ ਉਸ ਪਰੰਪਰਾ ਦੇ ਹੋਰ ਕਵੀਆਂ ਵਾਂਗ ਰੋਮਾਂਸਵਾਦੀ-ਪ੍ਰਗਤੀਵਾਦੀ। ਸਗੋਂ ਉਸ ਨੂੰ ਇਕ ਅਜਿਹਾ ਛਾਇਆਵਾਦੀ ਪ੍ਰਗਤੀਵਾਦੀ ਕਵੀ, ਆਖਿਆ ਜਾ ਸਕਦਾ ਹੈ ਜੋ ਟ੍ਰਾਟਸਕੀਵਾਦ, ਮਾਰਕਸਵਾਦ ਅਤੇ ਮਿਸ਼ਰਿਤ ਵਿਚਾਰਾਂ 'ਚੋਂ ਲੰਘਦਾ ਅੰਤ ਤੇ ਵਿਸ਼ੇਸ਼ ਰੂਪ ਵਿਚ ਰਾਸ਼ਟਰਵਾਦ ਅਤੇ ਮਨੁੱਖਵਾਦ ਵੱਲ ਪਰਤਦਾ ਹੈ। ਇਸ ਵਿਕਾਸ ਵਿਚ ਉਹ ਉਨ੍ਹਾਂ ਵਾਦ ਵਿਵਾਦਾਂ ਵਿਚੋਂ ਲੰਘਦਾ ਹੈ ਜੋ ਮਾਰਕਸਵਾਦੀ ਵਿਚਾਰਧਾਰਾ ਵਿਚ ਪੈਦਾ ਹੋਏ। ਆਪਣੇ ਅੰਤਿਮ ਕਾਵਿ ਸੰਗ੍ਰਹਿ 'ਸੁਗੰਧ ਸਮੀਰ' ਵਿਚ ਪਹੁੰਚ ਕੇ ਉਹ ਮਾਰਕਸਵਾਦ ਦਾ ਉਸ ਰੂਪ ਵਿਚ ਸਿੱਧਾ ਜ਼ਿਕਰ ਨਹੀਂ ਕਰਦਾ ਜਿਸ ਦਾ ਚਰਚਾ 'ਬੰਦਰਗਾਹ' ਤਕ ਕਰਦਾ ਹੈ। ਸਗੋਂ ਜਿਸ ਆਜ਼ਾਦ ਤੇ ਖੁਲ੍ਹੇ ਸਮਾਜ ਦਾ ਸੰਕਲਪ ਉਸ ਦੇ ਸਾਹਮਣੇ ਹੈ ਉਸ ਨੂੰ ਉਹ ਮਾਨਵਵਾਦੀ-ਆਦਰਸ਼ ਦੇ ਰੂਪ ਵਿਚ ਹੇਠ ਲਿਖੀਆਂ ਸਤਰਾਂ ਵਿਚ ਪੇਸ਼ ਕਰਦਾ ਹੈ :—

"ਲੱਕਸ਼ ਦੇ ਵਲ ਜਾਣ ਦੀ ਕੋਸ਼ਿਸ਼ 'ਚ ਹਾਂ,
ਅਸਲਿਆਂ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।
ਹਰ ਪੁਰਾਣੇ ਵਹਿਮ ਤੋਂ ਹੋਵੇਗਾ ਸਾਫ਼,
ਮੈਂ ਨਵੇਂ ਇਨਸਾਨ ਦੀ ਕੋਸ਼ਿਸ਼ 'ਚ ਹਾਂ।
ਜ਼ਿੰਦਗੀ ਦੇ ਪਹਿਲੂਆਂ 'ਤੇ ਰੌਸ਼ਨੀ
ਰੁੱਖ ਨਵੇਂ ਤੋਂ ਪਾਣ ਦੀ ਕੋਸ਼ਿਸ਼ 'ਚ ਹਾਂ।
ਜਿਸ 'ਚ ਆ ਜਾਏ ਮਨੁੱਖਤਾ ਦਾ ਅਸਰ,
ਐਸੇ ਇਕ ਦੀਵਾਨ ਦੀ ਕੋਸ਼ਿਸ਼ 'ਚ ਹਾਂ।
ਇਸ ਲਈ ਖਾਂਦਾ ਹਾਂ ਦਰ-ਦਰ ਠੋਕਰਾਂ,
ਜ਼ਿੰਦਗੀ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।
ਜਾਣੇ ਕੀ ਨਫ਼ਰਤ ਕਿ ਮੈਂ ਕਿਸ ਦੇ ਲਈ,
ਹੋਰ ਵੀ ਨੁਕਸਾਨ ਦੀ ਕੋਸ਼ਿਸ਼ 'ਚ ਹਾਂ।
ਜਿਸ ਤੋਂ ਜੀਵਨ ਦੀ ਰਹੇ ਕੁਟੀਆ ਆਬਾਦ,
ਐਸੇ ਇਕ ਮਹਿਮਾਨ ਦੀ ਕੋਸ਼ਿਸ਼ 'ਚ ਹਾਂ।
ਹਰ ਸਮੇਂ ਦੇ ਨਾਲ ਵਧਦੀ ਜ਼ਿੰਦਗੀ
ਆਖੇ, "ਨਵ-ਸਾਮਾਨ ਦੀ ਕੋਸ਼ਿਸ਼ 'ਚ ਹਾਂ।"
ਹੁਨਰ ਤੇ ਮਿਹਨਤ ਦੇ ਪੁਤਲੇ ਆਦਮੀ !
ਤੇਰੇ ਸੋਹਲੇ ਗਾਣ ਦੀ ਕੋਸ਼ਿਸ਼ 'ਚ ਹਾਂ।"[28]

(ਕੋਸ਼ਿਸ਼ 'ਚ ਹਾਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੋਟ ਤੇ ਹਵਾਲੇ

1. ''ਛਾਯਾਵਾਦ ਕੇ ਗਰਭ ਸੇ ਸੰਨ 30 ਕੇ ਆਸ ਪਾਸ ਨਵੀਨ ਸਮਾਜਿਕ ਚੇਤਨਾ ਸੇ ਯੁਕਤ ਜਿਸ ਸਾਹਿਤਯ ਧਾਰਾ ਕਾ ਜਨਮ ਹੂਆ ਉਸੇ ਸੰਨ 36 ਮੇਂ ਪ੍ਰਗਤੀਸ਼ੀਲ ਸਾਹਿਤਯ ਅਥਵਾ ਪ੍ਰਗਤੀਵਾਦ ਕੀ ਸੰਗਿਆ ਦੀ ਗਈ ਔਰ ਤਬ ਸੇ ਇਸ ਨਾਮ ਕੇ ਔਚਿਤਯ ਅਨੌਚਿਤਯ ਕੋ ਲੇਕਰ ਕਾਫੀ ਵਾਦ-ਵਿਵਾਦ ਹੋਨੇ ਕੇ ਬਾਵਜੂਦ ਛਾਯਾਵਾਦ ਕੇ ਬਾਦ ਕੀ ਪ੍ਰਧਾਨ ਸਾਹਿਤਯ ਧਾਰਾ ਕੋ ਪ੍ਰਗਤੀਵਾਦ ਕੇ ਨਾਮ ਸੇ ਪੁਕਾਰਾ ਜਾਤਾ ਹੈ ।''
   ਨਾਮਵਰ ਸਿੰਘ ਡਾ., ''ਆਧੁਨਿਕ ਸਾਹਿਤਯ ਕੀ ਪ੍ਰਵਿਰਤੀਆਂ'', ਪ੍ਰਿਸ਼ਠ 77 ।
2. ''ਪ੍ਰਗਤੀਵਾਦ ਕਾ ਆਰੰਭ ਸਾਹਿਤਯ ਮੇਂ ਆਰਥਕ ਔਰ ਰਾਜਨੀਤਕ ਅੰਦੋਲਨ ਕੇ ਰੂਪ ਮੇਂ ਹੂਆ । ਹਿੰਦੁਸਤਾਨ ਕੀ ਆਜ਼ਾਦੀ ਉਸ ਸਮੇਂ ਲੇਖਕੋਂ ਕੀ ਪ੍ਰਮੁਖ ਸਮਸਿਆ ਥੀ, ਇਸ ਕੇ ਸਾਥ ਹੀ ਕਿਸਾਨੋਂ, ਮਜ਼ਦੂਰੋਂ ਕੀ ਸੁਖ ਸੁਵਿਧਾ ਕੇ ਲਿਏ ਭੀ ਚਿੰਤਿਤ ਥੇ ।''
   ਵਹੀ, ਪ੍ਰਿਸ਼ਠ 84 ।
3. ''ਜਿਸ ਪ੍ਰਕਾਰ ਸਾਮਯਵਾਦ ਸਮਸ਼ਿਟ ਯਾ ਸਮੂਹ ਕੇ ਹਿਤੋਂ ਕੀ ਚਿੰਤਾ ਵ ਰਖਸ਼ਾ ਕਰਤਾ ਹੈ ਅਰਥਾਤ ਵਿਅਕਤੀ ਕੀ ਨਹੀਂ, ਉਸੀ ਪ੍ਰਕਾਰ ਪ੍ਰਗਤੀਵਾਦੀ ਸਾਹਿਤਯ ਸਮਾਜ ਕੇ ਸੁਖ ਦੁਖ ਕੀ ਅਭਿਵਿਅਕਤੀ ਕੋ ਹੀ ਮਹੱਤਵ ਦੇਤਾ ਹੈ, ਵਿਅਕਤੀ ਕੇ ਸੁਖ ਦੁਖ ਕੀ ਅਭਿਵਿਅਕਤੀ ਕੋ ਨਹੀਂ, ਅਰਥਾਤ ਪ੍ਰਗਤੀਵਾਦੀ ਲੇਖਕ ਕੀ ਭਾਵਨਾ ਸਮਾਜਿਕ ਭਾਵਨਾ ਹੈ ਵਿਅਕਤੀਗਤ ਨਹੀਂ ।''
   ਨਗੇਂਦਰ ਡਾ., ''ਹਿੰਦੀ ਕਵਿਤਾ ਕੀ ਪ੍ਰਮੁਖ ਪ੍ਰਵਿਰਤੀਆਂ'', ਪ੍ਰਿਸ਼ਠ 107 ।
4. ''ਜੁਆਲਾਮੁਖੀ'', ਪੰਨਾ 26.
5. J. Wilczynski, "An Encyclopedic Dictionary of Marxism Socialism and Communism", 1981, P. 607.
6. ''ਮਹਾਂ ਨਾਚ'', ਪੰਨਾ 36-38.
7. ''ਮਹਾਂ ਨਾਚ'', ਪੰਨਾ 55.
8. M. N. Roy, "New Hummanism a Manifesto", P. 37.
9. ''ਮਹਾਂ ਨਾਚ'', ਪੰਨਾ 97.
10. ਉਹੀ; ਪੰਨਾ 38.
11. ''ਜੁਆਲਾਮੁਖੀ'', ਪੰਨਾ 100.
12. ''ਬੰਦਰਗਾਹ'', ਪੰਨਾ 124.
13. ''ਜੁਆਲਾ ਮੁਖੀ'', ਪੰਨਾ 92-93.
14. ''ਕਿਸ ਕਿਸ ਤਰ੍ਹਾਂ ਦੇ ਨਾਚ'', ਪੰਨਾ 35-36.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

15. ਸ਼ਰਮਾ ਕਿਸ਼ਨ ਲਾਲ, 'ਪੰਜਾਬੀ ਲੋਕਯਾਨ ਦਾ ਪੂਰਾ ਕਥਾਤਮਕ ਪਿਛੋਕੜ', "ਲੋਕਯਾਨ ਅਧਿਅਨ", (ਸੰਪਾਦਕ) ਕਰਨੈਲ ਸਿੰਘ ਥਿੰਦਾ, ਪੰਨਾ 82.
16. "Jean-Jacoues Rousseau was one of the greatest of the European thinkers of the 18th Century whose writings inspired the leaders of the French Revolution and influenced what became known as the romantic generation."
"The New Encyclopaedia of Britannica, Vol 15,
Page 1170.
17. "ਮਹਾਂ ਨਾਚ", ਪੰਨਾ 67.
18. "ਬੰਦਰਗਾਹ", ਪੰਨਾ 35.
19. ਉਹੀ; ਪੰਨਾ 81.
20. "ਸੁਗੰਧ ਸਮੀਰ", ਪੰਨਾ 50.
21. ਉਹੀ; ਪੰਨਾ 73.
22. "ਸੁਗੰਧ ਸਮੀਰ", ਪੰਨਾ 67-68.
23. ਸੀਤਲ, ਜੀਤ ਸਿੰਘ (ਡਾ.) (ਸੰਪਾ.) "ਜਨ ਸਾਹਿਤ", ਪੰਨਾ 33.
24. "ਛਾਇਆਵਾਦੀ ਕਾਵਿ ਕੇ ਪ੍ਰਮੁਖ ਆਲੰਬਨ ਪ੍ਰਕਿਰਤੀ, ਨਾਰੀ, ਪ੍ਰੇਕਸ਼-ਸੱਤਾ ਔਰ ਰਾਸ਼ਟਰ ਹੈ। ਪ੍ਰਕਿਰਤੀ ਚਿਤ੍ਰਣ ਕੀ ਦ੍ਰਿਸ਼ਟੀ ਸੇ ਛਾਇਆਵਾਦੀ ਕਾਵਿ ਸੰਸਕ੍ਰਿਤ ਕੇ ਪ੍ਰਾਚੀਨ ਔਰ ਅੰਗ੍ਰੇਜ਼ੀ ਕੇ ਸਵਛੰਦਤਾਵਾਦੀ ਕਾਵਿ ਕੇ ਸਮਕਖਸ਼ ਹੈ। ਇਸ ਕਾਵਿ ਕੀ ਪ੍ਰਕਿਰਤੀ ਜੜ੍ਹ ਨ ਹੋਕਰ ਚੇਤਨ ਹੈ ਔਰ ਮਾਤ੍ਰ ਉਦੀਪਨ ਨ ਹੋਕਰ ਰਾਗਾਤਮਕ ਵ੍ਰਿਤਤੀ ਕੀ ਆਲੰਬਨ ਹੈ। ਰਾਸ਼ਟਰੀ ਕਵਿਤਾਓਂ ਮੇਂ ਪ੍ਰਾਯ: ਦੇਸ਼ ਕੇ ਪ੍ਰਾਕਿਰਤਕ ਸੌਂਦਰਯ ਔਰ ਅਤੀਤ ਕੇ ਸੰਸਕ੍ਰਿਤੀ ਗੌਰਵ ਕੇ ਕੋਮਲ ਉਦਾਤ ਚਿਤ੍ਰ ਅੰਕਿਤ ਕੀਏ ਗਏ ਹੈਂ।"
ਨਗੇਂਦ੍ਰ ਡਾ. [ਸੰਪਾਦਕ], "ਭਾਰਤੀ ਸਾਹਿਤਯ ਕੋਸ਼", ਪ੍ਰਿਸ਼ਠ 419.
25. ਨਾਮਵਰ ਸਿੰਘ ਡਾ., "ਆਧੁਨਿਕ ਸਾਹਿਤਯ ਕੀ ਪ੍ਰਵਿਰਤੀਆਂ", ਪ੍ਰਿਸ਼ਠ 84.
26. "ਮਹਾਂ ਨਾਚ", ਪੰਨਾ 166.
27. "ਬੰਦਰਗਾਹ", ਪੰਨਾ 67.
28. "ਸੁਗੰਧ ਸਮੀਰ", ਪੰਨਾ 75.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਚੌਥਾ

ਬਾਵਾ ਬਲਵੰਤ ਦੀ ਕਾਵਿ-ਵਿਧੀ

ਬਾਵਾ ਬਲਵੰਤ ਦੀ ਕਾਵਿ-ਵਿਧੀ ਬਾਰੇ ਹੁਣ ਤਕ ਪੰਜਾਬੀ ਆਲੋਚਕਾਂ ਨੇ ਜੋ ਗੱਲਾਂ ਕੀਤੀਆਂ ਹਨ ਉਹ ਬਾਵਾ ਬਲਵੰਤ ਦੀ ਕਾਵਿ-ਵਿਧੀ ਦਾ ਪੂਰਾ ਅਨੁਮਾਨ ਨਹੀਂ ਦਿੰਦੀਆਂ। ਇਸ ਲਈ ਅਸੀਂ ਬਾਵਾ ਬਲਵੰਤ ਦੀ ਕਾਵਿ-ਵਿਧੀ ਨਾਲ ਸੰਬੰਧਿਤ ਕੁਝ ਉਨ੍ਹਾਂ ਮਹੱਤਵਯੋਗ ਗੱਲਾਂ ਨੂੰ ਤਲਾਸ਼ਣਾ ਚਾਹੁੰਦੇ ਹਾਂ ਜਿਨ੍ਹਾਂ ਨਾਲ ਉਸ ਦੀ ਕਵਿਤਾ ਦੀ ਵਿਧੀ ਦੇ ਵਿਸ਼ੇਸ਼ ਪੱਖਾਂ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਇਸ ਮੰਤਵ ਨੂੰ ਮੁੱਖ ਰਖਦਿਆਂ ਅਸੀਂ ਇਸ ਅਧਿਆਇ ਨੂੰ ਤਿੰਨ ਉਪ ਭਾਗਾਂ ਵਿਚ ਵੰਡ ਰਹੇ ਹਾਂ :

1. ਬਾਵਾ ਬਲਵੰਤ ਦੀ ਕਾਵਿ-ਵਿਧੀ ਦਾ ਨਿਸ਼ਚੇਵਾਦੀ ਪੱਖ।
2. ਬਾਵਾ ਬਲਵੰਤ ਦੀ ਕਵਿਤਾ ਦੀ ਬਿੰਬ-ਵਿਧੀ।
3. ਬਾਵਾ ਬਲਵੰਤ ਦੀ ਕਵਿਤਾ ਦਾ ਛੰਦ-ਵਿਧੀ।

1. ਬਾਵਾ ਬਲਵੰਤ ਦੀ ਕਾਵਿ-ਵਿਧੀ ਦਾ ਨਿਸ਼ਚੇਵਾਦੀ ਪੱਖ :

ਬਾਵਾ ਬਲਵੰਤ ਦੀ ਕਵਿਤਾ ਦਾ ਵਿਧੀ ਦੀ ਦ੍ਰਿਸ਼ਟੀ ਤੋਂ ਅਧਿਅਨ ਕਰਦਿਆਂ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਇਸ ਵਿਚ ਸਭ ਤੋਂ ਮਹੱਤਵਯੋਗ ਗੱਲ ਇਸ ਦਾ ਨਿਸ਼ਚੇਵਾਦੀ (determinist) ਪੱਖ ਹੈ। ਭਾਵ ਇਹ ਹੈ ਕਿ ਉਸ ਦੀਆਂ ਬਹੁਤੀਆਂ ਕਵਿਤਾਵਾਂ ਇਕੋ ਜਹੀ ਨਿਸ਼ਚਿਤ-ਵਿਧੀ ਨਾਲ ਸੰਬੰਧਿਤ ਹਨ। ਇਸ ਰੂਪ ਵਿਚ ਉਹ ਸਥਿਤ ਹਨ। ਉਹ ਆਪਣੀਆਂ ਵਧੇਰੇ ਕਵਿਤਾਵਾਂ ਵਿਚ ਇਸ ਨਿਸ਼ਚੇਵਾਦੀ ਵਿਧੀ ਨੂੰ ਇਉਂ ਅਪਣਾਉਂਦਾ ਹੈ :—

ਉਹ ਆਰੰਭ ਵਿਚ ਕਿਸੇ ਵਿਚਾਰ, ਪ੍ਰਤੀਕ ਜਾਂ ਮਿਥਿਕ ਸੰਕੇਤ ਤੋਂ ਗੱਲ ਸੁਰੂ ਕਰਦਾ ਹੈ। ਉਸ ਪਿਛੋਂ ਉਸ ਦਾ ਵਿਸਥਾਰ ਜਾਂ ਪ੍ਰਤੀਕਾਂਤਰਣ ਕਰਦਾ ਹੈ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਤੇ [illegible] ਵਿਚ ਇਕ ਸਿਧਾਂਤ ਜਾਂ ਆਦਰਸ਼ਵਾਦੀ ਪਰਿਭਾਸ਼ਾ ਬਣਾਉਣ ਦਾ ਯਤਨ ਕਰਦਾ ਹੈ, ਉਸ ਦੀ ਇਹ ਵਿਧੀ ਬਹੁਤ ਸਾਰੀਆਂ ਕਵਿਤਾਵਾਂ ਵਿਚ 'ਮਹਾਂ ਨਾਚ' ਤੋਂ ਲੈ ਕੇ 'ਸੁਗੰਧ ਸਮੀਰ' ਤਕ ਕਾਇਮ ਰਹਿੰਦੀ ਹੈ । ਅਸੀਂ 'ਮਹਾਂ ਨਾਚ' ਵਿਚੋਂ ਇਸ ਗੱਲ ਦਾ ਵਿਸ਼ਲੇਸ਼ਣ ਕਰਨ ਲਈ ਇਕ ਕਵਿਤਾ ਦੀ ਉਦਾਹਰਣ ਲੈਂਦੇ ਹਾਂ :—

"ਆਏ, ਆਏ ਵਿਕਣ ਫਲੂਸ !
ਕਾਗਜ਼ ਦੀ ਦੁਨੀਆਂ ਵਿਚ ਘੁੰਮੇ ਜੀਵਨ-ਰੰਗ-ਜਲੂਸ-
ਆਏ, ਆਏ ਵਿਕਣ ਫਲੂਸ !
ਗਿਰਦੇ ਜੋਤ ਦੇ ਗੇੜੇ ਲਾਂਦੇ,
ਰਾਜੇ, ਰਾਣੇ ਲੰਘਦੇ ਜਾਂਦੇ;
ਧੂੰਏਂ ਦੀਪ-ਹਰੀਰ 'ਚੋਂ ਨਿਕਲਣ;
ਲੱਖ ਦਿਲ ਇਕ ਸਰੀਰ 'ਚੋਂ ਨਿਕਲਣ;
ਜਿਉਂ ਸੁਪਨੇ ਨੂੰ ਸੁਪਨਾ ਆਏ,
ਅਸਮਾਨੀ ਖੂਹ ਗਿੜਦਾ ਜਾਏ;
ਲੱਖਾਂ ਹੀ ਪਰੀਆਂ ਜਹੇ ਸਾਏ
ਲੈ ਘੜੀਆਂ ਪਾਣੀ ਨੂੰ ਆਏ ।
ਤਲਵਾਰਾਂ, ਤੀਰਾਂ ਦੇ ਸਨਮੁਖ
ਸਾਂਘਾ ਲਈ ਖੜਾ ਹੈ ਕੋਈ
ਡਿੱਗੇ ਹਨ ਇਸ ਤੇ ਕਈ ਪਰਬਤ
ਪਰ ਗਰਦਨ ਨੀਵੀਂ ਨਹੀਂ ਹੋਈ ।
ਨੱਚਦੇ ਟੱਪਦੇ ਕਈ ਪ੍ਰਾਣੀ;
ਦੇਂਦੇ ਇਕ ਅਜੀਬ ਹੈਰਾਨੀ,
ਲੰਘਦੇ ਲੰਘਦੇ ਜਾਣ,
ਸੌ ਰਮਜ਼ਾਂ ਸਮਝਾਣ ।
ਕਾਰੀਗਰਾ, ਕਮਾਲ ਹੈ ਯਾਰਾ !
ਮੈਂ ਹਾਂ ਬੜਾ ਹੈਰਾਨ !
ਮਾਸੂਮੀ ਲਈ ਲੈ ਕੇ ਆਇਓਂ,
ਤੂੰ ਪਿਆਰੇ, ਜਿੰਦ-ਜਾਨ ।
ਬਾਪੂ ਦਾ ਹੱਥ ਛੱਡ ਅਞਾਣੇ
ਇਸ ਵੱਲ ਹੱਥ ਵਧਾਣ;
ਮਾਵਾਂ ਦੇ ਕੁਛੜਾਂ ਤੋਂ ਬੱਚੇ
ਦੇਖ ਕੇ ਉਤਰੀ ਜਾਣ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢੋਖੀ ਹੋਈ ਕਿਸੇ ਦੁਨੀਆਂ ਦੀ
ਮੁੜ ਮੁੜ ਕਰਨ ਪਛਾਣ ।
ਸਭ ਕੁਝ ਸਮਝਣ, ਖਿੜਖਿੜ ਹੱਸਣ,
ਕੀ ਸਾਨੂੰ ਸਮਝਾਣ ?
ਹੇ ਕਾਰੀਗਰ, ਖ਼ੂਬ ਬਣਾਈ
ਬ੍ਰਹਿਮੰਡ ਦੀ ਤਸਵੀਰ !
ਗਿੜਦੇ ਜਾਇ ਜੋਤ ਦੇ ਲਾਗੇ
ਹਰ ਸ਼ੈ ਦੀ ਤਕਦੀਰ ।
ਪਰ ਮਿਹਨਤ ਦਾ ਮੁੱਲ ਨਾ ਪਾਏ
ਇਹ ਦੁਨੀਆਂ ਕੰਜੂਸ ।
ਆਏ, ਆਏ ਵਿਕਣ ਫਲੂਸ !''[1]

ਉਪਰੋਕਤ ਕਵਿਤਾ ਵਿਚ ਕਵੀ ਨੇ ਗੱਲ ਵਿਕਣ ਆਏ ਫਲੂਸ ਤੋਂ ਸ਼ੁਰੂ ਕੀਤੀ ਹੈ ਪਰ ਕਵਿਤਾ ਜਿਉਂ ਜਿਉਂ ਅਗੇਰੇ ਵਧਦੀ ਹੈ ਕੇਵਲ ਉਸ ਫਲੂਸ ਬਾਰੇ ਹੀ ਨਹੀਂ ਰਹਿੰਦੀ—ਸਗੋਂ ਫਲੂਸ ਪ੍ਰਤੀਕ ਬਣ ਜਾਂਦਾ ਹੈ ਅਤੇ ਗੱਲ ਫਲੂਸ ਨੂੰ ਬਣਾਉਣ ਵਾਲੇ ਕੇਵਲ ਕਾਰੀਗਰ ਦੀ ਨਹੀਂ ਰਹਿ ਜਾਂਦੀ ਸਗੋਂ ਗੱਲ ਸਾਰੇ ਬ੍ਰਹਿਮੰਡ ਅਤੇ ਉਸ ਨੂੰ ਬਣਾਉਣ ਵਾਲੇ ਪਰਮਾਤਮਾ ਦੀ ਬਣ ਜਾਂਦੀ ਹੈ । ਕਵੀ ਅੰਤ ਤਕ ਪਹੁੰਚਦਿਆਂ ਯਥਾਰਥ ਅਤੇ ਸੁਪਨ [Reality and Illusion] ਬਾਰੇ ਪ੍ਰਸ਼ਨ ਪੈਦਾ ਕਰਦਾ ਹੈ । ਕਵਿਤਾ ਨੂੰ ਇਕ ਦਾਰਸ਼ਨਿਕ ਮੋੜ ਦਿੰਦਾ ਹੈ ਅਤੇ ਅੰਤ ਵਿਚ ਉਹ ਇਸ ਦੁਨੀਆਂ, ਸਮੁੱਚੇ ਬ੍ਰਹਿਮੰਡ ਦੀ ਹਰ ਸ਼ੈਅ ਦੀ ਤਕਦੀਰ ਬਾਰੇ, ਸੰਸਾਰ ਦੀ ਗਤੀ ਬਾਰੇ ਇਕ ਵਿਚਾਰਵਾਦੀ ਦ੍ਰਿਸ਼ਟੀ ਪੇਸ਼ ਕਰਦਾ ਹੈ ।

ਬਾਵਾ ਬਲਵੰਤ ਦੀਆਂ ਉਨ੍ਹਾਂ ਕਵਿਤਾਵਾਂ ਵਿਚ ਵੀ ਨਿਸ਼ਚੇਵਾਦੀ ਵਿਧੀ ਨੂੰ ਦੇਖਿਆ ਜਾ ਸਕਦਾ ਹੈ ਜਿਹੜੀਆਂ ਕਵਿਤਾਵਾਂ ਮਿਥ ਨਾਲ ਸੰਬੰਧਿਤ ਹਨ । ਅਸੀਂ ਉਸ ਦੀ ਕਵਿਤਾ 'ਸ਼ਿਵ ਨਾਚ' ਬਾਰੇ ਦੂਜੇ ਅਧਿਆਇ ਵਿਚ ਚਰਚਾ ਕਰ ਆਏ ਹਾਂ । ਇਸ ਕਵਿਤਾ ਵਿਚ ਵੀ ਉਹ ਗੱਲ ਸ਼ਿਵ ਦੇ ਨਾਚ ਤੋਂ ਸ਼ੁਰੂ ਕਰਦਾ ਹੈ ਪਰ ਉਸ ਦਾ ਮੰਤਵ ਕੇਵਲ ਸ਼ਿਵ ਦੇ ਨਾਚ ਦੀ ਮੁਦਰਾ ਨੂੰ ਪੇਸ਼ ਕਰਨਾ ਨਹੀਂ ਸਗੋਂ ਉਹ ਸ਼ਿਵ ਦੀ ਮਿਥ ਨੂੰ ਇਕ ਪ੍ਰਤੀਕ ਬਣਾ ਕੇ ਗੱਲ ਜ਼ਿੰਦਗੀ ਦੀ ਕਰਦਾ ਹੈ :—

''ਨਾਚ ਕਰੇ ਮਿੱਟੀ ਦੀ ਰੇਖਾ
ਜਗ-ਜੀਵਨ ਦੀ ਰੋਲ ਕੇ ਆਸ਼ਾ,
ਕੋਮਲ ਨ੍ਰਿਤ ਗਾਵਣ ਨਰਸਿੰਘੇ
ਅੰਗ ਅੰਗ ਕਰ ਸਿੱਧੇ ਵਿੰਗੇ,
ਲੋਚੇ ਏਸ ਤਪਸ਼ ਨੂੰ ਸਾਗਰ ।''[2]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਜਦੋਂ ਕਵਿਤਾ ਦੇ ਅੰਤ ਵੱਲ ਵਧਦਾ ਹੈ ਤਾਂ ਉਹ ਸ਼ਿਵ ਦੇ ਨਾਚ ਦੇ ਆਧਾਰ ਤੇ ਇਕ ਵਿਚਾਰ ਜਾਂ ਆਦਰਸ਼ ਬਣਾਉਂਦਾ ਹੈ ਅਤੇ ਉਸ ਨੂੰ ਪਰਿਭਾਸ਼ਿਤ ਕਰਦਾ ਹੈ :—

"ਨਾਚ ਹੈ ਅਮਲਾ, ਨਾਚ ਹੈ ਮਸਤੀ,
ਨਾਚ ਹੈ ਜੀਵਨ-ਸ਼ਾਲਾ-
ਨਾਚ ਹੈ ਸਰਵ-ਉਜਾਲਾ !"[3]

ਇਉਂ ਬਾਵਾ ਬਲਵੰਤ ਇਕ ਨਿਸ਼ਚਿਤ ਵਿਧੀ ਅਪਣਾਉਂਦਾ ਹੈ ਅਤੇ ਉਸ ਵਿਚੋਂ ਬਹੁਤੀਆਂ ਕਵਿਤਾਵਾਂ ਦੀ ਸਿਰਜਣਾ ਕਰਦਾ ਹੈ। ਇਹ ਨਿਸ਼ਚੇਵਾਦੀ-ਵਿਧੀ ਹੋਰ ਵੀ ਬਹੁਤ ਸਾਰੇ ਪੰਜਾਬੀ ਕਵੀਆਂ ਵਿਚ ਵੇਖੀ ਜਾ ਸਕਦੀ ਹੈ, ਜਿਵੇਂ ਭਾਈ ਵੀਰ ਸਿੰਘ [ਮਟਕ ਹੁਲਾਰੇ ਵਿਚ ਉਸ ਦੀਆਂ ਕਵਿਤਾਵਾਂ 'ਵੈਰੀ ਨਾਗ ਦਾ ਪਹਿਲਾ ਝਲਕਾ', 'ਟੁਕੜੀ ਜਗਤ ਤੋਂ ਨਿਆਰੀ' ਆਦਿ], ਜਾਂ ਇਹ ਵਿਧੀ ਮੋਹਨ ਸਿੰਘ ਦੀਆਂ ਵੀ ਕਈ ਕਵਿਤਾਵਾਂ ਵਿਚ ਦੇਖੀ ਜਾ ਸਕਦੀ ਹੈ [ਜਿਵੇਂ 'ਕਸੁੰਭੜਾ' ਵਿਚ ਉਸ ਦੀ ਕਵਿਤਾ 'ਤਾਜ ਮਹਲ' ਆਦਿ]। ਅਸਲ ਵਿਚ ਧਾਰਮਿਕ ਕਵਿਤਾ ਜਾਂ ਪ੍ਰਗਤੀਵਾਦੀ-ਕਵਿਤਾ ਵਿਚ ਸਿਧਾਂਤਕ ਸੰਚਾਰ ਇਸੇ ਨਿਸਚੇਵਾਦੀ ਵਿਧੀ ਨਾਲ ਹੀ ਹੁੰਦਾ ਰਿਹਾ ਹੈ। ਕਵੀ ਕਿਸੇ ਵਿਚਾਰ ਨੂੰ ਪ੍ਰਸਤੁਤ ਕਰਨ ਲਈ ਪ੍ਰਤੀਕ, ਮਿਥ, ਕਥਾ ਨੂੰ ਮਾਧਿਅਮ ਬਣਾਉਂਦੇ ਰਹੇ ਹਨ।

ਬਾਵਾ ਬਲਵੰਤ ਜਦੋਂ ਆਪਣੀ ਕਵਿਤਾ ਵਿਚ ਸਿੱਧਾ ਵਿਚਾਰ ਦਾ ਸੰਚਾਰ ਕਰਦਾ ਹੈ ਤਾਂ ਉਦੋਂ ਵੀ ਉਹ ਇਸੇ ਨਿਸ਼ਚੇਵਾਦੀ ਬਿਰਤੀ ਨਾਲ ਹੀ ਸੰਬੰਧਿਤ ਹੁੰਦਾ ਹੈ। ਉਸ ਦੀ ਪ੍ਰਸਿਧ ਕਵਿਤਾ 'ਸਮਾਜਵਾਦ' ਦੀ ਉਦਾਹਰਣ ਇਸ ਗੱਲ ਨੂੰ ਸਿੱਧ ਕਰਦੀ ਹੈ। ਉਸ ਦੀ ਕਵਿਤਾ ਵਿਚ ਇਸ ਵਿਧੀ ਨੂੰ ਅਪਣਾਉਂਦਿਆਂ ਇਕ ਅਜਿਹਾ ਜੋਸ਼ ਨਜ਼ਰ ਆਉਂਦਾ ਹੈ ਜਿਸ ਨਾਲ ਕਾਵਿ ਤੱਤਾਂ ਦੀ ਥਾਂ ਤੇ ਭਾਸ਼ਣੀ ਤੱਤ [Rhetoric] ਵਧ ਜਾਂਦੇ ਹਨ। ਕਵਿਤਾ ਦੀ ਸੁਰ ਉਚੀ ਹੋ ਜਾਂਦੀ ਹੈ। ਇਉਂ ਨਿਸ਼ਚਿਤ ਵਿਚਾਰ ਦਾ ਕਵਿਤਾ ਸਥਿਤ ਰੂਪ ਵਿਚ ਮਾਧਿਅਮ ਬਣ ਜਾਂਦੀ ਹੈ। ਨਵੀਂ ਪੰਜਾਬੀ ਆਲੋਚਨਾ ਵਿਚ ਡਾ. ਤਰਲੋਕ ਸਿੰਘ ਕੰਵਰ ਨੇ ਅਜਿਹੀ ਨਿਸ਼ਚੇਵਾਦੀ ਵਿਧੀ ਦੇ ਆਧਾਰ ਤੇ ਬਣਾਈ ਗਈ ਭਾਸ਼ਾ ਨੂੰ 'ਸਥਿਤੀਸ਼ੀਲ ਮੁਹਾਵਰੇ' ਦਾ ਨਾਂ ਦਿਤਾ ਹੈ।[4] ਇਸ ਨਿਸ਼ਚੇਵਾਦ ਵਿਧੀ ਨਾਲ ਉਸ ਦੀ ਕਵਿਤਾ ਇਕ ਬੰਦ ਸਿਸਟਮ [Closed system] ਨਾਲ ਸੰਬੰਧਿਤ ਹੋ ਜਾਂਦੀ ਹੈ। ਕਵਿਤਾ ਖੁਲ੍ਹੇ ਸਿਸਟਮ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ ਭਾਵ ਇਸ ਤਰ੍ਹਾਂ ਆਜ਼ਾਦ ਹੋਣੀ ਚਾਹੀਦੀ ਹੈ ਕਿ ਉਹ ਸਾਨੂੰ ਆਪਣੇ ਤਰਕ ਨਾਲ ਇਕ ਸੀਮਾਂ ਵਿਚ ਨਾ ਬੰਨ੍ਹੇ ਸਗੋਂ ਆਜ਼ਾਦ ਰੱਖੇ, ਕੇਵਲ ਆਪਣਾ ਤਰਕ ਦੇਣ ਦੀ ਥਾਂ ਕਵਿਤਾ ਸਾਨੂੰ ਇਕ ਅਜਿਹੀ ਗਤੀਸ਼ੀਲਤਾ ਨਾਲ ਸੰਬੰਧਿਤ ਕਰੇ ਜਿਸ ਨਾਲ ਅਸੀਂ ਆਪ ਕ੍ਰਿਆਸ਼ੀਲ ਹੋਣ ਲਈ ਪ੍ਰੇਰਿਤ ਹੋਈਏ। ਪੰਜਾਬੀ ਵਿਚ ਪੂਰਨ ਸਿੰਘ ਦੀ ਕਵਿਤਾ ਸਾਨੂੰ ਇਹੋ ਜਿਹੀ ਆਜ਼ਾਦੀ ਦਿੰਦੀ ਹੈ। ਬਾਵਾ ਬਲਵੰਤ ਅਜਿਹੀ ਕਾਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਧੀ ਵਾਲਾ ਸ਼ਾਇਰ ਨਹੀਂ, ਸਗੋਂ ਨਿਸ਼ਚੇਵਾਦੀ-ਵਿਧੀ ਵਾਲਾ ਸ਼ਾਇਰ ਹੈ ਅਤੇ ਇਸੇ ਲਈ ਜਿਉਂ ਜਿਉਂ ਅਸੀਂ ਉਸ ਦੀ ਕਵਿਤਾ ਦੇ ਪਾਠ ਵਿਚ ਅਗੇਰੇ ਵਧਦੇ ਹਾਂ ਤਿਉਂ ਤਿਉਂ ਸਾਨੂੰ ਇਕ ਦੁਹਰਾ ਦਾ ਅਹਿਸਾਸ ਹੋਣ ਲਗ ਜਾਂਦਾ ਹੈ। ਇਹ ਦੁਹਰਾ ਵਿਚਾਰਾਂ ਦਾ ਵੀ ਹੁੰਦਾ ਹੈ ਅਤੇ ਉਸ ਨਿਸ਼ਚੇਵਾਦੀ-ਵਿਧੀ ਦਾ ਵੀ।

2. ਬਾਵਾ ਬਲਵੰਤ ਦੀ ਕਵਿਤਾ ਦੀ ਬਿੰਬ-ਵਿਧੀ :

ਬਾਵਾ ਬਲਵੰਤ ਦੀ ਕਵਿਤਾ ਦੀ ਬਿੰਬ-ਵਿਧੀ ਸਭ ਤੋਂ ਵੱਧ ਚਰਚਾ ਦਾ ਕਾਰਣ ਬਣੀ ਹੈ। ਉਸ ਦੀ ਕਵਿਤਾ ਦੇ ਪ੍ਰਸ਼ੰਸਕਾਂ ਨੇ ਉਸ ਨੂੰ ਇਸ ਦ੍ਰਿਸ਼ਟੀ ਤੋਂ ਕਾਫ਼ੀ ਵਡਿਆਇਆ ਹੈ। ਅਸੀਂ ਉਸ ਦੇ ਬਿੰਬਾਂ ਦੀਆਂ ਕਿਸਮਾਂ ਦਾ ਵਿਸਥਾਰ ਨਹੀਂ ਕਰਨਾ ਚਾਹੁੰਦੇ। ਇਸ ਬਾਰੇ ਕੁਝ ਆਲੋਚਕਾਂ ਨੇ ਚਰਚਾ ਕੀਤਾ ਹੈ। ਅਸੀਂ ਕੇਵਲ ਉਸ ਦੀ ਬਿੰਬ-ਸਿਰਜਣ ਦੀ ਵਿਧੀ ਦਾ ਵਿਸ਼ਲੇਸ਼ਣ ਕਰਨਾ ਚਾਹੁੰਦੇ ਹਾਂ। ਉਸ ਦੀ ਬਿੰਬ ਸਿਰਜਣ ਦੀ ਵਿਧੀ ਦੇ ਆਧਾਰ ਤੇ ਉਸ ਦੀ ਕਵਿਤਾ ਦੀ ਸਮਰਥਾ ਦੀ ਪਛਾਣ ਕਰਨਾ ਚਾਹੁੰਦੇ ਹਾਂ।

ਬਾਵਾ ਬਲਵੰਤ ਦੀ ਕਵਿਤਾ ਵਿਚ ਬਿੰਬ-ਸਿਰਜਣ ਵਿਧੀ ਦੋ ਤਰ੍ਹਾਂ ਦੀ ਹੈ। ਇਕ ਅਜਿਹੀ ਹੈ ਜਿਸ ਵਿਚ ਉਹ ਪਹਿਲਾਂ ਪ੍ਰਕਿਰਤੀ ਦੇ ਬਿੰਬ ਨੂੰ ਸਿਰਜਦਾ ਹੈ ਬਿਲਕੁਲ ਇਉਂ ਜਿਸ ਤਰ੍ਹਾਂ ਉਹ ਇਕ ਚਿਤਰ ਬਣਾ ਰਿਹਾ ਹੋਵੇ ਅਤੇ ਫਿਰ ਉਸ ਬਿੰਬ ਦੇ ਅੰਤ ਤੇ ਉਹ ਆਪਣੇ ਆਦਰਸ਼ ਨੂੰ ਉਸ ਬਿੰਬ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ ਜਿਵੇਂ ਕਵਿਤਾ 'ਉਸ਼ਾ' ਦੀਆਂ ਹੇਠ ਲਿਖੀਆਂ ਸਤਰਾਂ :

> "ਬਿਨ ਕਲਮ ਹਿਮਾਲਿਆ ਤੇ ਹੋ ਗਏ ਅਨੇਕ ਰੰਗ;
> ਫੁੱਲ-ਪੱਤੀਆਂ ਦੀ ਰੂਹ 'ਚ ਵਜ ਰਹੇ ਨੇ ਜਲ-ਤਰੰਗ।
> ਨੂਰ ਪੀ ਕੇ ਚਮਕਦੇ ਨੇ ਨਵ-ਬਨਸਪਤੀ ਦੇ ਨੈਣ;
> ਉਡਦਾ ਏ ਪੰਛੀਆਂ ਦੇ ਦਮ-ਪਰਾਂ ਚੋਂ ਸੁੰਨ ਚੈਨ।
> ਝੂਮਦੀ ਹੈ ਮਸਤ ਹੋ ਕੇ ਸਾਗਰਾਂ ਦੀ ਲਹਿਰ ਲਹਿਰ।
> ਮੰਗਦਾ ਹਾਂ ਮੈਂ ਵੀ ਆਦਮੀ ਦੇ ਸਾਗਰਾਂ ਦੀ ਖ਼ੈਰ।
> ਹੇ ਉਸ਼ੇ, ਹੇ ਇਨਕਲਾਬ-ਕਾਰ, ਬਦਲੀਆਂ ਦੀ ਮਾਂ,
> ਮੈਂ ਫੇਰ ਦੇਵਤਾ ਬਣਾਂ।"[6]

ਬਿੰਬ ਸਿਰਜਣ ਦੀ ਇਹ ਵਿਧੀ ਉਸ ਦੀ ਸਾਰੀ ਕਵਿਤਾ ਵਿਚ ਨਹੀਂ। ਸਗੋਂ ਉਹ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਅਜਿਹੀ ਬਿੰਬ ਵਿਧੀ ਨੂੰ ਅਪਣਾਉਂਦਾ ਹੈ ਜਿਸ ਵਿਚ ਉਹ ਲਗਾਤਾਰ ਬਿੰਬਾਂ ਦੀ ਸਿਰਜਣਾ ਕਰਦਾ ਜਾਂਦਾ ਹੈ ਅਤੇ ਉਸ ਦੀ ਕਵਿਤਾ ਉਸ ਬਿੰਬ ਸਿਰਜਣ ਦੀ ਪ੍ਰਕਿਰਿਆ ਵਿਚ ਹੀ ਗੁਆਚਣੀ ਸ਼ੁਰੂ ਹੋ ਜਾਂਦੀ ਹੈ। ਜਾਂ ਉਹ ਕੇਵਲ ਬਿੰਬ ਸਿਰਜਣ ਤਕ ਸੀਮਿਤ ਹੋ ਕੇ ਰਹਿ ਜਾਂਦੀ ਹੈ। ਬਾਵਾ ਬਲਵੰਤ ਅਜਿਹੀ ਬਿੰਬ ਸਿਰਜਣ ਦੀ ਵਿਧੀ ਦਾ ਆਪਣੀ ਕਵਿਤਾ ਵਿਚ ਸ਼ੌਕੀਨ ਹੈ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਪਣਾ ਅਤੇ ਸੂਹਜ ਵਿਦਮਾਨ ਕਰਨ ਲਈ ਅਜਿਹੀ ਬਿੰਬ ਸਿਰਜਣਾ ਜ਼ਿਆਦਾ ਕਰਦਾ ਹੈ। ਉਦਾਹਰਣ ਦੇ ਤੌਰ ਤੇ ਉਸ ਦੀ ਕਵਿਤਾ 'ਕਲੀ' ਵਿਚ ਅਜਿਹੀ ਬਿੰਬ ਸਿਰਜਣ ਦੀ ਵਿਧੀ ਨੂੰ ਵੇਖਿਆ ਜਾ ਸਕਦਾ ਹੈ :—

''ਸੇਜ ਤੋਂ ਜਾਗੀ ਏ ਲੈਂਦੀ ਹੋਈ ਅੰਗੜਾਈ ਕਲੀ,
ਜਾਪਦਾ ਹੈ ਕਿ ਕਿਸੇ ਨੂਰ ਨੇ ਨਸ਼ਿਆਈ ਕਲੀ।
ਚੰਪਈ-ਕਰ ਨਵੀਂ ਮਹਿੰਦੀ ਤੋਂ ਸਵਾਰੇ ਹੋਏ,
ਪੂਰਬੋਂ ਚੜ੍ਹਦੀ ਉਸ਼ਾ ਦਾ ਨੇ ਸਹਾਰੇ ਹੋਏ।
ਅੰਗ ਨੂੰ ਛੋਂਹਦੀ ਹੋਈ ਪੌਣ ਨੂੰ, ਹੋਸ਼ ਆਈ ਏ,
ਖ਼ੈਰ ਤੋਂ ਝੋਲੀ ਭਰੀ ਹੋ ਗਈ ਸੌਦਾਈ ਏ।
ਕਿਰਨ ਦੀ ਚਮਕ ਨੂੰ ਇਕ ਐਸੀ ਅਦਾ ਯਾਦ ਆਈ,
ਰੰਗ ਅਧਰਾਂ 'ਤੇ ਛਿਣਕ, ਧਰਤ 'ਤੇ ਹੈ ਬਾਅਦ ਆਈ।''[6]

'ਕਲੀ', 'ਵੇਲ', 'ਫੁੱਲ', 'ਪੱਤੀਆਂ', 'ਬਾਗ਼' ਉਸ ਦੀ ਅਜਿਹੀ ਬਿੰਬ ਸਿਰਜਣਾ ਦਾ ਮੁੱਖ ਆਧਾਰ ਹਨ। ਉਸ ਦੀਆਂ ਕੁਝ ਸਤਰਾਂ 'ਸੁਗੰਧ ਸਮੀਰ' ਵਿਚੋਂ ਹੀ ਇਸ ਮੰਤਵ ਲਈ ਦੇਖੀਆਂ ਜਾ ਸਕਦੀਆਂ ਹਨ :—

1. ''ਹਲਕੀ ਹਵਾ 'ਚ ਵੇਲ ਦੇ ਪੱਤਾਂ ਦਾ ਲਰਜ਼ਣਾ,
ਹਿੱਲਦੇ ਪਏ ਨੇ ਸੁਪਨ'ਚ ਸਾਵੀ-ਪਰੀ ਦੇ ਬੁਲ੍ਹ।''[7] [ਇਸ਼ਕ ਪੇਚੇ ਦੀ ਵੇਲ]
2. ''ਬੁਲਾ ਰਹੀ ਏ ਕੋਈ ਅੱਧ-ਖਿੜੀ ਕਲੀ ਏਦਾਂ,
ਕਿ ਰੁੱਸ ਗਿਆ ਕੋਈ ਦਰਦੀ ਮਨਾਇਆ ਜਾਂਦਾ ਏ।''[8] [ਮੂਕ-ਸੱਦਾ]
3. ''ਬਾਗ਼ ਹੈ, ਫੁੱਲ ਨੇ, ਪੱਤੇ ਨੇ ਹਵਾ ਵਗਦੀ ਏ,
ਹਾਏ! ਮੈਨੂੰ ਤੇਰੇ ਪੱਲੇ ਦੀ ਪਵਨ ਯਾਦ ਆਏ।''[9]
[ਬਾਗ਼ ਦਾ ਇਕ ਪਲ...]
4. ''ਬਾਗ਼ 'ਚੋਂ ਲੰਘਦਾ ਰਹਾਂ ਪਰ ਕਲੀ ਮੁਰਝਾਏ ਨਾ,
ਸੋਗ-ਕੰਡਾ ਕਿ ਮੇਰੇ ਪੈਰ 'ਚ ਚੁਭ ਜਾਏ ਨਾ।''[10] [ਕਲੀ]
5. ''ਰਾਤ ਰਾਣੀ ਦੀ ਸੁਗੰਧ,
ਆ ਹੀ ਜਾਂਦੀ ਏ, ਚਾਹੇ ਹੁੰਦੇ ਨੇ ਮੇਰੇ ਦਰ ਬੰਦ।''[11] [ਰਾਤ ਰਾਣੀ ਦੀ ਸੁਗੰਧ]
6. ''ਕੋਮਲ ਜਹੀ ਲਗਰ ਤੇ ਕਿੰਨੇ ਹੀ ਫੁੱਲ ਖਿੜੇ ਨੇ,
ਆਵਾਜ਼ ਕਿਰਨ-ਮੈਅ ਤੋਂ, ਖਾਮੋਸ਼ ਬੁੱਲ੍ਹ ਖਿੜੇ ਨੇ।''[12]
[ਆਵਾਜ਼ ਨਿੱਤ ਆਉਂਦੀ ਰਹੇ]
7. ''ਚੰਬੇ ਦੀ ਇਕ ਕਲੀ ਨੇ ਸ਼ਾਇਰ ਨੂੰ ਮੋਹ ਲਿਆ ਏ,
ਕੋਮਲ, ਸੁਦੀਪ-ਚਾਨਣ, ਕਾਲਖ਼ ਨੂੰ ਖੋਹ ਲਿਆ ਏ।''[13]
[ਚੰਬੇ ਦੀ ਇਕ ਕਲੀ ਨੇ]

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ ਦੀ ਬਿੰਬ ਸਿਰਜਣ ਦੀ ਇਹ ਵਿਧੀ ਹਿੰਦੀ ਦੇ ਪ੍ਰਸਿਧ ਕਵੀ 'ਸੂਰਯਕਾਂਤ ਤ੍ਰਿਪਾਠੀ ਨਿਰਾਲਾ' ਨਾਲ ਕਾਫ਼ੀ ਮਿਲਦੀ ਹੈ। ਉਸ ਦੀਆਂ ਕਵਿਤਾਵਾਂ ਦੀਆਂ ਕੁਝ ਉਦਾਹਰਣਾਂ ਹਨ :—

1. "ਵਿਜਨ-ਬਨ-ਵੱਲਰੀ ਪਰ
ਸੋਤੀ ਥੀ ਸੁਹਾਗ-ਭਰੀ-ਸਨੇਹ-ਸਵਪਨ-ਮਗਨ-
ਅਮਲ-ਕੋਮਲ-ਤਨੁ-ਤਰੁਣੀ-ਜੁਹੀ ਕੀ ਕਲੀ।"[14] [ਜੂਹੀ ਕੀ ਕਲੀ]

2. "ਅਲਸਤਾ ਕੀ ਸੀ ਲਤਾ
ਕਿੰਤੂ ਕੋਮਲਤਾ ਕੀ ਵਹ ਕਲੀ,
ਸਖੀ ਨੀਰਵਤਾ ਕੇ ਕੰਧੇ ਪਰ ਡਾਲੇ ਬਾਂਹ,
ਛਾਂਹ ਸੀ ਅੰਬਰ-ਪੱਥ ਸੇ ਚਲੀ।"[15] [ਸੰਧਿਆ ਸੁੰਦਰੀ]

3. "ਛੁਟੀ ਲਟ ਇਧਰ-ਉਧਰ ਲਟਕੀ ਹੈ,
ਸ਼ਯਾਮ ਵਕਸ਼ ਪਰ ਖੇਲ ਰਹੀ ਹੈ,
ਸਵਰਣ-ਕਿਰਣ ਰੇਖਾਏਂ।
ਏਕ ਪਰ ਦ੍ਰਿਸ਼ਟੀ ਜਰਾ ਅਟਕੀ ਹੈ,
ਦੇਖਾ, ਏਕ ਕਲੀ ਚਟਕੀ ਹੈ।"[16] [ਧਾਰਾ]

4. "ਨਿਸ਼ਾ ਕੇ ਡਰ ਕੀ ਖੁਲੀ ਕਲੀ,
ਭੂਸ਼ਣ-ਵਸਨ ਸਜੇ ਗੋਰੇ ਤਨ,
ਪ੍ਰੀਤੀ-ਭੀਤੀ ਕਾਂਪੇ ਪਗ ਡਰ-ਮਨ,
ਬਾਜੇ ਨੂਪੂਰ ਰੁਨ-ਰਿਨ ਰੁਨ-ਝੁਨ,
ਲਾਜ-ਵਿਵਸ਼-ਸਿਹਰੀ।"[17] (ਗੀਤ)

5. "ਦੋਨੋ ਲਤਾਏਂ, ਆਪਕੇ ਬਾਜੂ-ਬਾਜੂ ਖਿਲੀ,
ਖੁਸ਼ਬੂ ਕੀ ਸੈਂਕੜੋਂ 'ਬਾਹੋਂ' ਗਲੇ-ਗਲੇ ਮਿਲੀ।
ਦਿਲ ਕੋ ਤਮਾਸ਼ਾਈ ਬਨਾਇਆ ਦੋਨੋਂ ਜਹਾਂ ਮੇਂ,
ਜਿਸ ਨੇ ਉਸੀ ਕੀ ਆਖੋਂ ਕੇ ਇਸ਼ਾਰੇ ਸੇ ਹਿਲੀ।"[18] (ਦੋਨੋਂ ਲਤਾਏ...)

'ਨਿਰਾਲਾ' ਦੀ ਕਵਿਤਾ ਦੀ ਉਦਾਹਰਣ ਅਸੀਂ ਇਸ ਲਈ ਵੀ ਲਈ ਹੈ ਕਿਉਂਕਿ ਬਾਵਾ ਬਲਵੰਤ ਦਾ ਕੇਵਲ ਪ੍ਰਕਿਰਤੀ ਦਾ ਇਹ ਵਿਸਥਾਰ ਜਾਂ ਬਿੰਬ-ਸਿਰਜਣ ਲਈ ਕੀਤੀ ਚੋਣ ਹੀ ਨਿਰਾਲਾ ਨਾਲ ਨਹੀਂ ਮਿਲਦੀ ਸਗੋਂ ਉਸ ਦਾ ਇਕ ਹੋਰ ਵਿਸ਼ੇਸ਼ ਪੱਖ ਵੀ ਨਿਰਾਲਾ ਦੀ ਕਵਿਤਾ ਨਾਲ ਮਿਲਦਾ ਹੈ ਅਤੇ ਉਹ ਹੈ ਉਸ ਦੇ ਸ਼ਬਦਾਂ ਦੀ ਸਮਾਸ-ਵਿਧੀ। ਨਿਰਾਲਾ ਵੀ ਵਧੇਰੇ ਬਿੰਬਾਂ ਦੀ ਸਿਰਜਣਾ ਸਮਾਸ-ਸ਼ਬਦਾਂ ਨਾਲ ਕਰਦਾ ਹੈ ਅਤੇ ਬਾਵਾ ਬਲਵੰਤ ਦੀ ਕਵਿਤਾ ਵਿਚ ਵੀ ਇਹ ਸ਼ਬਦ ਬਿੰਬ ਸਿਰਜਣ ਦੀ ਸ਼ਬਦਾਵਲੀ ਦਾ ਮੂਲ ਆਧਾਰ ਹੁੰਦੇ ਹਨ। ਉਸ ਦੇ ਕੁਝ ਸ਼ਬਦ ਹਨ ਜਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਲਹਿਰ-ਨਗਰ', 'ਸ਼ਕਤੀ-ਰਿਸ਼ਮਾਂ', 'ਮਦ-ਪਿਆਲੀ','ਮਹਾਂ-ਮਦਰਾ', 'ਸਰਵ-ਉਜਾਲਾ' 'ਉਮੀਦ-ਬੇੜੀ', 'ਅਨੂਪਮ-ਖ਼ਾਕ', 'ਬੇਦਾਰ-ਮਹਲ', 'ਛਾਇਆ-ਨਜ਼ਰ-ਮੰਜ਼ਲ', 'ਛਾਇਆ-ਸੁਪਨ', 'ਕੋਟ-ਜਨਮ-ਰਾਤਾਂ', 'ਆਸ਼ਾ-ਦੀਪਕ-ਨੈਣ', 'ਪਾਰਾ-ਖ਼ਿਆਲ-ਰੂਪ' 'ਜੀਵਨ-ਅਹਿਲਿਆ-ਸਿਲ', 'ਬੇਹੋਸ਼-ਦਿਲ-ਜੰਗਲ', 'ਨਾਮ-ਵਹੀਣ-ਅਨੰਦ-ਗੁਫਾ', 'ਮੰਜ਼ਲ-ਸ਼ੌਕ-ਹਵਾ', 'ਸੁਪਨ-ਸਿੰਧੂ', 'ਅਲੋਪ-ਹੁਨਰ', 'ਹਯਾਤ-ਪਾਣੀ', 'ਸੁਰੇਖ-ਪੈਰ', 'ਅਨੂਪ-ਛਾਇਆ', 'ਅਗਮ-ਦਰਗਾਹ', 'ਆਤਮ-ਵੇਗ', 'ਅਸਲੇ-ਖੋਜ-ਅਮਿਟ-ਕੋਸ਼ਸ਼', 'ਅਕਾਲ-ਜੋਤ-ਵਿਸ਼ਵ', 'ਅੱਖ-ਝਨਾ-ਪੱਤਣ', 'ਆਤਮ-ਰੂਪ', 'ਅੰਗ-ਵਹੀਨੀ-ਜੋਤ', 'ਮੁਲੰਮੇ-ਰੰਗੀ', 'ਨੂਰ-ਕਲਾ-ਸ਼ਕਤੀ', 'ਪੁਸ਼ਪ-ਕਾਇਆ', 'ਸੁਦੀਪ-ਚਾਨਣ' ਆਦਿ ।

ਬਾਵਾ ਬਲਵੰਤ ਦੀ ਕਵਿਤਾ ਵਿਚਲੇ ਉਪਰੋਕਤ ਅਜਿਹੇ ਸਮਾਸ-ਸ਼ਬਦ ਜੋ ਬਿੰਬ-ਸਿਰਜਣ ਨਾਲ ਸੰਬੰਧਿਤ ਹਨ, ਦਾ ਅਧਿਅਨ ਕੀਤਾ ਜਾਏ ਤਾਂ ਇਹ ਸਿੱਧ ਹੁੰਦਾ ਹੈ ਕਿ ਉਸ ਦੀ ਕਾਵਿ ਭਾਸ਼ਾ ਦੀ ਇਹ ਸ਼ਬਦ ਵਿਧੀ ਇਕ ਖ਼ਾਸਾ ਹੈ । ਉਹ ਕੇਵਲ ਉਨ੍ਹਾਂ ਸ਼ਬਦਾਂ ਨੂੰ ਹੀ ਸਮਾਸ ਬਣਾਉਣ ਲਗਿਆਂ ਨਹੀਂ ਵਰਤਦਾ ਜੋ ਕੇਵਲ ਸਮੂਰਤ (Concrete) ਕਿਸਮ ਦੇ ਸ਼ਬਦ ਹਨ ਭਾਵ ਜਿਨ੍ਹਾਂ ਵਿਚ ਇਕ ਚਿਤਰ ਵਾਂਗ ਵਰਤਮਾਨ ਹੋਣ ਦੀ ਸਮਰਥਾ ਹੋਵੇ ਸਗੋਂ ਉਹ ਇਨ੍ਹਾਂ ਸਮਾਸਾਂ ਵਿਚ ਕਈ ਅਮੂਰਤ (Abstract) ਸ਼ਬਦਾਂ ਨੂੰ ਵਰਤਦਾ ਹੈ ਜਾ ਸਿਰਜੇ ਗਏ ਸਮਾਸ ਦੀ ਇਕ ਧਿਰ ਅਮੂਰਤ ਹੁੰਦੀ ਹੈ ਅਤੇ ਦੂਜੀ ਸਮੂਰਤ । ਇਕ ਅਨੁਭਵ ਨਾਲ ਸੰਬੰਧਿਤ ਹੁੰਦੀ ਹੈ ਅਤੇ ਦੂਜੀ ਪ੍ਰਗਟਾ ਨਾਲ । ਉਦਾਹਰਣ ਦੇ ਤੌਰ ਤੇ ਉਸ ਦੇ ਸਮਾਸ 'ਆਤਮ-ਰੂਪ' ਅਤੇ 'ਮਹਾਂ-ਅਨੰਦ-ਮਦਰਾ' ਆਦਿ । ਇਉਂ ਬਾਵਾ ਬਲਵੰਤ ਬਿੰਬ-ਸਿਰਜਣ ਦੀ ਵਿਧੀ ਨੂੰ ਮੁਖ ਰਖਦਿਆਂ ਜਟਿਲ ਕਿਸਮ ਦੀ ਸਮਾਸ-ਵਿਧੀ ਵਰਤਦਾ ਹੈ । ਇਸ ਵਿਧੀ ਨਾਲ ਉਹ ਭਾਸ਼ਾ ਵਿਚ ਉਹੋ ਜਿਹੀ ਸੰਜਮਤਾ ਪੈਦਾ ਕਰਦਾ ਹੈ ਜੋ ਸੰਜਮਤਾ ਹਿੰਦੀ ਕਵੀ ਨਿਰਾਲਾ ਦੀ ਕਵਿਤਾ ਵਿਚ ਹੈ । ਅਜਿਹੀ ਬਿੰਬ ਵਿਧੀ ਉਸ ਦੇ ਸਮਕਾਲੀ ਹੋਰ ਪੰਜਾਬੀ ਕਵੀਆਂ ਵਿਚ ਨਹੀਂ । ਹੋਰ ਪੰਜਾਬੀ ਕਵੀ ਅਜਿਹੇ ਸਮਾਸ-ਸਿਰਜਣ ਦੀ ਥਾਂ ਵਿਸਤ੍ਰਿਤ ਭਾਸ਼ਾ ਵਿੱਚ ਗੱਲ ਕਰਦੇ ਹਨ । ਇਉਂ ਬਾਵਾ ਬਲਵੰਤ ਦੀ ਬਿੰਬ-ਵਿਧੀ ਅਤੇ ਹੋਰ ਸਮਕਾਲੀ ਪੰਜਾਬੀ ਕਵੀਆਂ ਦੀ ਬਿੰਬ ਵਿਧੀ ਵਿਚ ਇਕ ਨਿਖੇੜ ਦੀ ਲੋੜ ਹੈ ।

3. ਬਾਵਾ ਬਲਵੰਤ ਦੀ ਕਵਿਤਾ ਦੀ ਛੰਦ-ਵਿਧੀ :

ਬਾਵਾ ਬਲਵੰਤ ਦੀ ਕਵਿਤਾ ਦੀ ਛੰਦ-ਵਿਧੀ ਬਹੁਤ ਮਹੱਤਵਯੋਗ ਹੈ । ਆਮ ਕਰਕੇ ਜਿੰਨੇ ਤੋਲਾਂ ਦੀ ਉਹ ਵਰਤੋਂ ਕਰਦਾ ਹੈ ਹੋਰ ਪੰਜਾਬੀ ਕਵੀ ਉੱਨੇ ਲੰਮੇ ਤੋਲਾਂ ਦੀ ਵਰਤੋਂ ਕਰਦੇ ਨਜ਼ਰ ਨਹੀਂ ਆਉਂਦੇ । ਆਧੁਨਿਕ ਪੰਜਾਬੀ ਕਵਿਤਾ ਵਿਚ ਉਹ ਇਕ ਅਜਿਹਾ ਕਵੀ ਹੈ ਜਿਸ ਦੀ ਕਵਿਤਾ ਛੰਦਾਬੰਦੀ ਦੇ ਪੱਖ ਤੋਂ ਕਲਾਸਕੀ ਸੁਭਾ ਦੀ ਹੈ । ਭਾਵ ਇਹ ਕਿ ਉਹ ਛੰਦਾਬੰਦੀ ਵਿਚ ਪੂਰਨ ਤੌਰ ਤੇ ਬੱਝਿਆ ਹੋਇਆ ਕਵੀ ਹੈ । ਬਾਬਾ ਬਲਵੰਤ ਨੇ ਆਪਣੀ ਕਵਿਤਾ ਦਾ ਆਰੰਭ ਹੀ ਉਰਦੂ ਤੋਂ ਕੀਤਾ ਸੀ ਅਤੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਪਿਛੋਂ ਉਹ ਪੰਜਾਬੀ ਵੱਲ ਪਰਤਿਆ। ਉਰਦੂ ਦੇ ਸਾਰੇ ਹੀ ਉਘੇ ਸ਼ਾਇਰ ਆਪਣੀ ਸ਼ਿਅਰੋ ਸ਼ਾਇਰੀ ਵਿਚ ਅਰੂਜ਼ ਨੂੰ ਬਹੁਤ ਮਹੱਤਵ ਦਿੰਦੇ ਹਨ। ਅਰੂਜ਼ ਦਾ ਜਨਮ ਅਰਬੀ ਵਿਚ ਹੋਇਆ। ਕਿਉਂਕਿ ਉਨ੍ਹਾਂ ਦਾ ਵਿਚਾਰ ਹੈ ਕਿ ਨਜ਼ਮ (ਕਵਿਤਾ) ਨੂੰ ਨਸਰ (ਵਾਰਤਕ) ਤੋਂ ਇਸ ਤਰ੍ਹਾਂ ਹੀ ਵੱਖ ਕੀਤਾ ਜਾ ਸਕਦਾ ਹੈ। ਅਰੂਜ਼ ਅਰਬੀ ਤੋਂ ਫ਼ਾਰਸੀ ਤੇ ਉਰਦੂ ਵਿਚ ਆਇਆ ਅਤੇ ਉਸ ਤੋਂ ਬਾਦ ਬਹੁਤ ਸਾਰੇ ਪੰਜਾਬੀ ਕਵੀਆਂ ਨੇ ਇਸ ਦਾ ਮਹੱਤਵ ਸਮਝ ਕੇ ਇਸ ਨੂੰ ਆਪਣੀ ਕਵਿਤਾ ਦਾ ਆਧਾਰ ਬਣਾਇਆ। ਅਰੂਜ਼ ਦੇ ਬਹਿਰ ਵਜ਼ਨ [ਛੰਦਾ ਬੰਦੀ] ਨੂੰ ਕੋਈ ਕਵੀ ਤਾਂ ਹੀ ਵਰਤ ਸਕਦਾ ਹੈ ਜੇਕਰ ਉਸ ਨੂੰ ਇਸ ਦਾ ਪੂਰੀ ਤਰ੍ਹਾਂ ਤਕਨੀਕੀ ਗਿਆਨ ਹੋਵੇ। ਬਹੁਤ ਸਾਰੇ ਪੰਜਾਬੀ ਕਵੀਆਂ ਵਿਚ ਇਹ ਗਿਆਨ ਦੇਖਿਆ ਜਾ ਸਕਦਾ ਹੈ। ਸੰਤ ਸਿੰਘ ਸੇਖੋਂ ਅਨੁਸਾਰ, "ਅਸਾਡੀ ਪੰਜਾਬੀ ਕਵਿਤਾ ਵਿਚ ਅਰਬੀ ਛੰਦ-ਪ੍ਰਬੰਧ ਦੀ ਵੀ ਚੋਖੀ ਥਾਉਂ ਹੈ। ਖ਼ਾਸ ਕਰਕੇ ਨਵੀਨ ਕਵਿਤਾ ਵਿਚ ਤਾਂ ਚੋਖਾ ਭਾਗ ਅਰਬੀ ਛੰਦ-ਪ੍ਰਬੰਧ ਦੇ ਅਨੁਸਾਰ ਹੁੰਦਾ ਹੈ। ਅਰਬੀ ਛੰਦ ਦਾ ਤੋਲ ਵੀ ਅਸਲ ਵਿਚ ਮਾਤਰਕ ਹੀ ਹੁੰਦਾ ਹੈ...।"[19] ਬਾਵਾ ਬਲਵੰਤ ਨੇ ਅਨੇਕ ਤਰ੍ਹਾਂ ਦੀਆਂ ਅਰਬੀ ਬਹਿਰਾਂ ਨੂੰ ਆਪਣੀ ਕਵਿਤਾ ਵਿਚ ਵਰਤਿਆ ਹੈ। ਇਨ੍ਹਾਂ ਬਹਿਰਾਂ ਵੱਲ ਕੁਝ ਕੁ ਸੰਕੇਤ ਬਾਵਾ ਬਲਵੰਤ ਨੇ ਜੋਗਾ ਸਿੰਘ ਜਗਿਆਸੂ ਦੀ ਪੁਸਤਕ 'ਊਸ਼ਾ ਨਿਸ਼ਾ' ਦਾ ਮੁਖ ਬੰਧ ਲਿਖਦਿਆਂ ਵੀ ਕੀਤਾ ਹੈ।[20] ਬਾਵਾ ਬਲਵੰਤ ਦੀ ਕਵਿਤਾ ਦਾ ਅਧਿਅਨ ਕਰਦਿਆਂ ਇਹ ਅਨੁਭਵ ਹੁੰਦਾ ਹੈ ਕਿ ਡਾ: ਸਰ ਮੁਹੰਮਦ ਇਕਬਾਲ ਦੀ ਕਵਿਤਾ ਦਾ ਉਸ ਉਤੇ ਕਾਫ਼ੀ ਪ੍ਰਭਾਵ ਹੈ। ਆਪਣੀ ਪੁਸਤਕ 'ਜੁਆਲਾਮੁਖੀ' ਵਿਚ ਬਾਵਾ ਬਲਵੰਤ ਨੇ ਇਕਬਾਲ ਦੀਆਂ ਕੁਝ ਕਵਿਤਾਵਾਂ ਦਾ ਅਨੁਵਾਦ ਵੀ ਕੀਤਾ ਹੈ ਜਿਵੇਂ 'ਆਸ ਕਿਰਨ' [ਪੰਨਾ-41], ਰੱਬ ਦਾ ਹੁਕਮ [ਫ਼ਰਿਸ਼ਤਿਆਂ ਨੂੰ] [ਪੰਨਾ 92-93] ਆਦਿ। ਇਨ੍ਹਾਂ ਕਵਿਤਾਵਾਂ ਵਿਚ ਬਾਵਾ ਬਲਵੰਤ ਨੇ ਡਾ: ਇਕਬਾਲ ਦੀ ਛੰਦ ਵਿਧੀ ਨੂੰ ਹੀ ਨਹੀਂ ਅਪਣਾਇਆ ਸਗੋਂ ਬਾਵਾ ਬਲਵੰਤ ਨੇ ਆਪਣੀਆਂ ਹੋਰ ਕਵਿਤਾਵਾਂ ਵਿਚ ਵੀ ਡਾ: ਇਕਬਾਲ ਦੇ ਵਰਤੇ ਹੋਏ ਬਹਿਰ ਵਜ਼ਨ [ਛੰਦਾ ਬੰਦੀ] ਜਾਂ ਅਰਬੀ ਦੇ ਬਹਿਰ ਵਜ਼ਨ ਨੂੰ ਵਰਤਿਆ। ਬਾਵਾ ਬਲਵੰਤ ਦੀ ਕਵਿਤਾ ਵਿਚੋਂ ਕੁਝ ਉਦਾਹਰਣਾਂ ਲੈ ਕੇ ਅਸੀਂ ਉਸ ਦਾ ਅਜਿਹਾ ਵਿਸ਼ਲੇਸ਼ਣ [ਤਕਤੀਹ] ਪੇਸ਼ ਕਰ ਰਹੇ ਹਾਂ ਜਿਨ੍ਹਾਂ ਤੋਂ ਇਹ ਅੰਦਾਜ਼ਾ ਲਗ ਸਕੇਗਾ ਕਿ ਬਾਵਾ ਬਲਵੰਤ ਨੇ ਅਰਬੀ ਦੀਆਂ ਕਿਹੜੀਆਂ ਬਹਿਰਾਂ ਨੂੰ ਪੂਰੀ ਤਕਨੀਕੀ ਯੋਗਤਾ ਨਾਲ ਵਰਤਿਆ ਹੈ। [ਤਕਤੀਹ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਕੁਝ ਅੱਖਰ ਐਸੇ ਹਨ ਜੋ ਸ਼ਿਅਰ ਦੇ ਉਚਾਰਣ ਵਿਚ ਤਾਂ ਆਪਣੀ ਪੂਰੀ ਆਵਾਜ਼ ਦਿੰਦੇ ਹਨ ਪਰ ਕੇਵਲ ਤਕਤੀਹ ਕਰਨ ਸਮੇਂ ਉਹ ਅੱਖਰ ਅਰੂਜ਼ ਦੇ ਅਸੂਲ ਮੁਤਾਬਿਕ ਗਿਰਾਏ ਜਾ ਸਕਦੇ ਹਨ। ਭਾਵ ਉਨ੍ਹਾਂ ਨੂੰ ਗਿਣਤੀ ਵਿਚ ਨਹੀਂ ਲਿਆਇਆ ਜਾਂਦਾ ਮਿਸਾਲ ਦੇ ਤੌਰ ਤੇ ੳ ਅ ੲ ਹ ਤੇ ਸਾਰੀਆਂ ਹੀ ਮਾਤਰਾਵਾਂ ਅਤੇ ਇਸ ਤੋਂ ਇਲਾਵਾ ਸਿਹਾਰੀ ਅਤੇ ਔਂਕੜ ਨੂੰ ਅਸੀਂ ਵਜ਼ਨ ਵਿਚ ਵੈਸੇ ਹੀ ਨਹੀਂ ਲਿਆਉਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਕੰਨਾ, ਬਿਹਾਰੀ, ਦੁਲੈਂਕੜ, ਲਾਂਵ, ਦੁਲਾਂਵ, ਹੋੜਾ, ਕਨੌੜਾ, ਟਿੱਪੀ, ਬਿੰਦੀ ਆਦਿ ਨੂੰ ਗਿਰਾ ਸਕਦੇ ਹਾਂ ।] ਨਾਲ ਹੀ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਬਹਿਰ ਮੁਤਾਬਿਕ ਜਿਥੇ ਇਨ੍ਹਾਂ ਲਗਾਂ ਮਾਤਰਾਂ ਦੀ ਜ਼ਰੂਰਤ ਸਮਝੀ ਜਾਂਦੀ ਹੈ ਕਵੀ ਉਸ ਬਹਿਰ ਅਨੁਸਾਰ ਇਨ੍ਹਾਂ ਨੂੰ ਪੂਰਨ ਵਜ਼ਨ ਵਰਤੋਂ ਵਿਚ ਲਿਆ ਵੀ ਸਕਦਾ ਹੈ ਅਤੇ ਇਹ ਆਪਣੇ ਆਪ ਵਿਚ ਪੂਰਾ ਨਾਪ ਤੋਲ ਰਖਦੀਆਂ ਹਨ । ਇਸ ਗੱਲ ਦੀ ਪੁਸ਼ਟੀ ਬਾਵਾ ਬਲਵੰਤ ਦੇ ਸ਼ਿਅਰਾਂ ਦੀ ਤਕਤੀਹ ਕਰਨ ਸਮੇਂ ਹੋ ਜਾਂਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਹਜ਼ਜ [ਮੁਸੱਮਨ] ਅਖ਼ਰਬ ਮਕਫ਼ੂਫ਼ ਮਹਿਜ਼ੂਫ਼

ਵਜ਼ਨ : ਮਫ਼ਊਲੁ ਮਫ਼ਾਈਲੁ, ਮਫ਼ਾਈਲੁ ਫ਼ਊਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ :

ਉੱਠੋ ਮਿ ਰੀ ਦੁਨੀਆਂ ਕੇ ਗ਼ਰੀਬੋਂ ਕੋ ਜਗਾ ਦੋ,
ਕਾਖ਼ੇ ਉ ਮਰਾ ਕੇ ਦ ਰੋ ਦੀਵਾਰ ਹਿਲਾ ਦੋ

[ਉਪਰੋਕਤ ਸ਼ਿਅਰ ਡਾ: ਇਕਬਾਲ ਦੀ ਪੁਸਤਕ 'ਬਾਲਿ ਜਬਰੀਲ' ਵਿਚੋਂ ਫ਼ਰਮਾਨੇ ਖ਼ੁਦਾ (ਫ਼ਰਿਸ਼ਤੋਂ ਸੇ) ਤੋਂ ਲਿਆ ਗਿਆ ਹੈ]।

[ਕੁਲਿਆਤਿ ਇਕਬਾਲ, ਪੰਨਾ-392-393.]

ਉੱਠੋ, ਮੇਰੀ ਦੁਨੀਆਂ ਦੇ ਗ਼ਰੀਬਾਂ ਨੂੰ ਜਗਾਓ;
ਧਨੀਆਂ ਦਿਆਂ ਮਹਿਲਾਂ ਦੇ ਬੂਹੇ, ਕੰਧਾਂ ਹਿਲਾਓ।

[ਬਾਵਾ ਬਲਵੰਤ

ਤਕਤੀਹ

	ਮਫ਼ਊਲੁ SSI	ਮਫ਼ਾਈਲੁ ISSI	ਮਫ਼ਾਈਲੁ ISSI	ਫ਼ਊਲੁਨ ISS
ਡਾਕਟਰ ਇਕਬਾਲ	ਉੱਠੋ ਮ ਕਾਖ਼ੇ ਉ	ਰ ਦਨਆ ਕ ਮਰਾ ਕੇ ਦ	ਗ਼ਰੀਬੋ ਕ ਰ ਦੀਵਾਰ	ਜਗਾ ਦੋ ਹਿਲਾ ਦੋ
ਬਾਵਾ ਬਲਵੰਤ	ਉੱਠੋ ਮ ਧਨਆ ਦ	ਰ ਦਨਆ ਦ ਅ ਮਹਲਾ ਦ	ਗਰੀਬਾ ਨ ਬਹੇ ਕੰਧ	ਜਗਾਓ ਹਲਾਓ

'ਜੁਆਲਾਮੁਖੀ';ਰੱਬ ਦਾ ਹੁਕਮ (ਫ਼ਰਿਸ਼ਤਿਆਂ ਨੂੰ) ਪੰਨਾ-92

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਹਜ਼ਜ [ਮੁਸੱਮਨ] ਅਖ਼ਰਬ ਮਕਫ਼ੂਫ਼ ਮਹਿਜ਼ੂਫ਼

ਵਜ਼ਨ : ਮਫ਼ਊਲੁ ਮਫ਼ਾਈਲੁ ਮਫ਼ਾਈਲੁ ਫ਼ਊਲੁਨ ਜਾਂ ਫ਼ਊਲਾਨ (ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ। ਇਸ ਬਹਿਰ ਦੇ ਆਖ਼ਰ ਵਿਚ ਲੋੜ ਅਨੁਸਾਰ ਇਕ ਮਿਸਰੇ 'ਚ ਫ਼ਊਲੁਨ ਤੇ ਦੂਜੇ ਮਿਸਰੇ ਵਿਚ ਫ਼ਊਲਾਨ ਵੀ ਆ ਸਕਦਾ ਹੈ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ :

ਜਿਸ ਸਾਜ਼ ਕੇ ਨਗ਼ਮੋਂ ਸੇ ਹਰਾਰਤ ਥੀ ਦਿਲੋਂ ਪਰ,
ਮਹਫ਼ਿਲ ਕਾ ਵੁਹੀ ਸਾਜ਼ ਹੈ ਬੇਗਾਨਾ-ਏ-ਮਿਜ਼ਰਾਬ।

[ਡਾਕਟਰ ਇਕਬਾਲ]

ਜ਼ਰਬਿ ਕਲੀਮ ਦੀ ਨਜ਼ਮ ਸੁਆ-ਇ-ਉਮੀਦ, ਪੰਨਾ-102

ਜਿਸ ਸਾਜ਼ ਤੋਂ ਹਰਕਤ ਸੀ ਦਿਲਾਂ ਵਿਚ ਪਰ ਉਹ ਸਾਜ਼
ਉਜੜੀ ਹੋਈ ਮਹਿਫ਼ਲ 'ਚ ਹੈ ਰੁਲਦਾ ਬਿਨਾਂ ਆਵਾਜ਼।

[ਬਾਵਾ ਬਲਵੰਤ]

ਤਕਤੀਹ

ਮਫ਼ਊਲੁ SSI ਮਫ਼ਾਈਲੁ ISSI ਮਫ਼ਾਈਲੁ ISSI ਫ਼ਊਲੁਨ ISS ਜਾਂ ਫ਼ਊਲਾਨ ISSI

ਡਾਕਟਰ ਇਕਬਾਲ	ਜਸ ਸਾਜ਼ ਮਹਫ਼ਲ ਕ	ਕ ਨਗ਼ਮੋਂ ਸ ਵਹੀ ਸਾਜ਼	ਹਰਾਰਤ ਥ ਹ ਬੇਗਾਨ	ਦਲੋਂ ਪਰ ਏ ਮਜ਼ਰਾਬ
ਬਾਵਾ ਬਲਵੰਤ	ਜਿਸ ਸਾਜ਼ ਉਜੜੀ ਹ	ਤ ਹਰਕਤ ਸ ਏ ਮਹਫ਼ਲ ਚ	ਦਲਾ ਵਚ ਪ ਹ ਰਲਦਾ ਬ	ਰ ਉਹ ਸਾਜ਼ ਨ ਆਵਾਜ਼

ਜੁਆਲਾਮੁਖੀ [ਆਸ ਕਿਰਨ] ਪੰਨਾ 41-43.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਮੁਜਤਸ (ਮੁਸੱਮਨ) ਮਖ਼ਬੂਨ ਮਹਿਜ਼ੂਫ਼

ਵਜ਼ਨ : ਮੁਫ਼ਾਇਲੁਨ ਫ਼ਇਲਾਤੁਨ ਮੁਫ਼ਾਇਲੁਨ ਫ਼ਿਅਲੁਨ

ਸ਼ਿਅਰ ਅਤੇ ਉਸ ਦੇ ਰੁਕਨਾਂ ਦਾ ਅਮਲ : (ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਇਥੇ ਅਸੀਂ ਸੌਨਿਟ ਵਿਚੋਂ ਚਾਰ ਮਿਸਰੇ ਜਾਂ ਦੋ ਸ਼ਿਅਰ ਲਵਾਂਗੇ ਅਤੇ ਇਸ ਤਰ੍ਹਾਂ ਇਨ੍ਹਾਂ ਦੋ ਸ਼ਿਅਰਾਂ ਦੇ 16 ਰੁਕਨ ਬਣ ਜਾਣਗੇ।

ਸੌਨਿਟ ਦੇ ਸ਼ਿਅਰ :

ਤੜਪ ਨਾ ਰਾਤ ਤੋਂ ਪਹਿਲਾਂ ਪਹੁੰਚ ਹੀ ਜਾਏਗੀ,
ਤੁਰੀ ਜੋ ਜਾਂਦੀ ਏ ਗ਼ਮ ਦੀ ਸਿਕਲ ਦੁਪਹਿਰ ਅੰਦਰ,
ਪਹੁੰਚ ਹੀ ਜਾਏਗੀ ਉਜਲੇ ਦਮਾਂ ਦੇ ਸ਼ਹਿਰ ਅੰਦਰ,
ਕੋਈ ਉਮੀਦ ਸੁਆਗਤ ਤੇਰੇ ਨੂੰ ਆਏਗੀ।

[ਬਾਵਾ ਬਲਵੰਤ]

ਤਕਤੀਹ

ਮੁਫ਼ਾਇਲੁਨ ISIS	ਫ਼ਇਲਾਤੁਨ IISS	ਮੁਫ਼ਾਇਲੁਨ ISIS	ਫ਼ਿਅਲੁਨ SS
ਤੜਪ ਨ ਰਾ ਤਰੀ ਜ ਜਾ	ਤ ਤ ਪਹਲਾ ਦ ਏ ਗ਼ਮ ਦੀ	ਪਹਚ ਹ ਜਾ ਸਕਲ ਦਪਹ	ਏਗੀ ਰੰਦਰ
ਪਹਚ ਹ ਜਾ ਕਈ ਉਮੀ	ਏ ਗ ਉਜਲੇ ਦ ਸਆਗਤ	ਦਮਾ ਦ ਸ਼ਹ ਤਰੇ ਨ ਆ	ਰੰਦਰ ਏਗੀ

'ਅਮਰਗੀਤ'; [ਬੇੜੀ]; ਪੰਨਾ-39.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਮੁਜ਼ਾਰਿਅ [ਮੁਸੱਮਨ] ਅਖ਼ਰਬ

ਵਜ਼ਨ : ਮਫ਼ਊਲੁ ਫ਼ਾਇਲਾਤੁਨ ਮਫ਼ਊਲੁ ਫ਼ਾਇਲਾਤੁਨ
(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸ ਦੇ ਰੁਕਨਾਂ ਦਾ ਅਮਲ : ਅਪਣੇ ਹੀ ਰੌਲਿਆਂ ਵਿਚ, ਇਕ ਚੀਜ਼ ਭੁਲ ਗਿਆ ਹਾਂ,
ਇਹ ਵੀ ਖ਼ਬਰ ਨਹੀਂ ਜੇ ਰਸਤਾ ਹਾਂ ਜਾਂ ਕਿ ਰਾਹੀ।

ਤਕਤੀਹ

ਮਫ਼ਊਲੁ SSI	ਫ਼ਾਇਲਾਤੁਨ SISS	ਮਫ਼ਊਲੁ SSI	ਫ਼ਾਇਲਾਤੁਨ SISS
ਅਪਣੇ ਹ	ਰੌਲਆ ਵਿਚ	ਇਕ ਚੀਜ਼	ਭੁਲ ਗਆ ਹਾ
ਇਹ ਵੀ ਖ਼	ਬਰ ਨਹੀ ਜੇ	ਰਸਤਾ ਹ	ਜਾ ਕ ਰਾਹੀ

'ਅਮਰਗੀਤ', 'ਦੀਵਾ'; ਪੰਨਾ-76.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਰਮਲ (ਮੁਸੱਮਨ) ਮਖ਼ਬੂਨ ਮਹਿਜ਼ੂਫ਼ ਮਕਤੂਅ

ਵਜ਼ਨ : ਫ਼ਾਇਲਾਤੁਨ ਫ਼ਇਲਾਤੁਨ ਫ਼ਇਲਾਤੁਨ ਫ਼ਇਲੁਨ
(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ :

ਵਕਤ-ਪਹੀਏ ਦੀ ਨਹੀਂ ਬਦਲੀ ਹੋਈ ਤੋਰ ਅਜੇ;
ਤੇਰੇ ਚਮਕਣ ਦੀ ਜ਼ਰੂਰਤ ਹੈ ਬੜੀ ਹੋਰ ਅਜੇ।
(ਜੁਆਲਾਮੁਖੀ 'ਭੂਮ-ਕੇਤੂ', ਪੰਨਾ 50-51.)

ਸੇਜ ਤੋਂ ਜਾਗੀ ਏ ਲੈਂਦੀ ਹੋਈ ਅੰਗੜਾਈ ਕਲੀ
ਜਾਪਦਾ ਹੈ ਕਿ ਕਿਸੇ ਨੂਰ ਨੇ ਨਸ਼ਿਆਈ ਕਲੀ।
(ਸੁਗੰਧ ਸਮੀਰ, 'ਕਲੀ' ਪੰਨਾ-35)

ਤਕਤੀਹ

ਫ਼ਾਇਲਾਤੁਨ SISS	ਫ਼ਇਲਾਤੁਨ IISS	ਫ਼ਇਲਾਤੁਨ IISS	ਫ਼ਇਲੁਨ IIS
1. ਵਕਤ-ਪਹਏ	ਦ ਨਹੀ ਬਦ	ਲ ਹਈ ਤੋ	ਰ ਅਜੇ
1. ਤੇਰ ਚਮਕਣ	ਦ ਜ਼ਰੂਰਤ	ਹ ਬੜੀ ਹੋ	ਰ ਅਜੇ
2. ਸੇਜ ਤੋਂ ਜਾ	ਗ ਏ ਲੈਦੀ	ਹ ਏ ਅਗੜਾ	ਏ ਕਲੀ
2. ਜਾਪਦਾ ਹੈ	ਕ ਕਸੇ ਨੂ	ਰ ਨ ਨਸ਼ਆ	ਏ ਕਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਹਜ਼ਜ (ਮੁਸੱਮਨ) ਮਕਬੂਜ਼

ਵਜ਼ਨ : ਮੁਫ਼ਾਇਲੁਨ ਮੁਫ਼ਾਇਲੁਨ ਮੁਫ਼ਾਇਲੁਨ ਮੁਫ਼ਾਇਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ) ।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ : ਅਰੂਪ ਕੋਨਿਆਂ 'ਚ ਹੀ ਤੇਰਾ ਮਹਾਂ, ਅਨੰਦ ਹੈ,
ਤੇਰੇ ਹਨੇਰਿਆਂ 'ਚ ਹੀ ਤੇਰੀ ਖ਼ੁਸ਼ੀ ਦਾ ਚੰਦ ਹੈ ।

(ਬੰਦਰਗਾਹ, 'ਜਹਾਜ਼ਰਾਨ'; ਪੰਨਾ 46-50.)

ਤਕਤੀਹ

ਮੁਫ਼ਾਇਲੁਨ ISIS	ਮੁਫ਼ਾਇਲੁਨ ISIS	ਮੁਫ਼ਾਇਲੁਨ ISIS	ਮੁਫ਼ਾਇਲੁਨ ISIS
ਅਰੂਪ ਕੋ	ਨਿਆ ਚ ਹੀ	ਤਰਾ ਮਹਾ	ਅਨੰਦ ਹੈ
ਤਰੇ ਹਨੇ	ਰਿਆ ਚ ਹੀ	ਤਰੀ ਖ਼ਸ਼ੀ	ਦ ਚੰਦ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਮੁਤਦਾਰਿਕ (ਮੁਸੱਮਨ) ਮਕਤੂਅ

ਵਜ਼ਨ : ਫ਼ਿਅਲੁਨ ਫ਼ਿਅਲੁਨ ਫ਼ਿਅਲੁਨ ਫ਼ਿਅਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ
ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ : ਕੀ ਹੋਇਆ ਇਹ ਕਹਿਰ ਖ਼ੁਦਾਈ
ਟੱਲੀਆਂ ਦੀ ਆਵਾਜ਼ ਨ ਆਈ।

(ਬੰਦਰਗਾਹ, 'ਊਠਾਂ ਵਾਲੇ'; ਪੰਨਾ 55-56.)

ਤਕਤੀਹ

ਫ਼ਿਅਲੁਨ SS	ਫ਼ਿਅਲੁਨ SS	ਫ਼ਿਅਲੁਨ SS	ਫ਼ਿਅਲੁਨ SS
ਕੀ ਹੋ	ਆ ਇਹ	ਕਹਰ ਖ਼	ਦਾਈ
ਟਲਆ	ਦੀ ਆ	ਵਾਜ਼ ਨ	ਆਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਹਜ਼ਜ (ਮੁਸੱਮਨ) ਅਖ਼ਰਬ

ਵਜ਼ਨ : ਮਫ਼ਊਲੁ ਮਫ਼ਾਈਲੁਨ ਮਫ਼ਊਲੁ ਮਫ਼ਾਈਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ ;

1. ਲੁਛਦਾ ਹੋਇਆ ਲਹਿਰਾਂ ਦਾ ਇਕ ਗੀਤ ਹੀ ਸੁਣ ਲੈਂਦਾ
ਦਰਿਆ ਦੇ ਕਿਨਾਰੇ ਦੀ ਤਕਦੀਰ ਬਦਲ ਜਾਂਦੀ।
(ਬੰਦਰਗਾਹ, 'ਲਹਿਰਾਂ ਦਾ ਗੀਤ', ਪੰਨਾ-120.)

2. ਦੁਨੀਆਂ ਨੂੰ ਵਸਾਇਆ ਹੈ ਮਿਹਨਤ ਦੀ ਜਵਾਨੀ ਨੇ
ਭੁੱਖੀ ਹੀ ਰਹੀ ਮਰਦੀ ਮਿਹਨਤ ਦੀ ਜਵਾਨੀ ਏ।
(ਸੁਗੰਧ ਸਮੀਰ, ਨਵੀਨ ਆਸ; ਪੰਨਾ-69)

ਤਕਤੀਹ

ਮਫ਼ਊਲੁ SSI	ਮਫ਼ਾਈਲੁਨ ISSS	ਮਫ਼ਊਲੁ SSI	ਮਫ਼ਾਈਲੁਨ ISSS
1. ਲਛਦਾ ਹ	ਅ ਲਹਰਾ ਦਾ	ਇਕ ਗੀਤ	ਹ ਸਣ ਲੈਦਾ
1. ਦਰਆ ਦ	ਕਨਾਰੇ ਦੀ	ਤਕਦੀਰ	ਬਦਲ ਜਾਦੀ
2. ਦਨਆ ਨ	ਵਸਾਆ ਹੈ	ਮਹਨਤ ਦ	ਜਵਾਨੀ ਨੇ
2. ਭੱਖੀ ਹ	ਰਹੀ ਮਰਦੀ	ਮਹਨਤ ਦ	ਜਵਾਨੀ ਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਰਮਲ (ਮੁਸੱਦਸ) ਮਹਿਜ਼ੂਫ਼

ਵਜ਼ਨ : ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ :

ਰੇਸ਼ਮੀ-ਕਾਇਆ ਦੀ ਉਜਲੀ ਸਿਫ਼ਤ ਸੁਣ,
ਧਰਤ-ਭੂਸ਼ਨ ਵਲ ਤੇ ਵਲ ਖ਼ਾਇਆ ਕਰੇ।
(ਸੁਗੰਧ ਸਮੀਰ, ਉਸਦਾ ਹਾਰ, ਪੰਨਾ-25)

ਤਕਤੀਹ

ਫ਼ਾਇਲਾਤੁਨ SISS	ਫ਼ਾਇਲਾਤੁਨ SISS	ਫ਼ਾਇਲੁਨ SIS
ਰੇਸ਼ਮੀ ਕਾ	ਆ ਦ ਉਜਲੀ	ਸਫ਼ਤ ਸਣ
ਧਰਤ-ਭੂਸ਼ਨ	ਵਲ ਤ ਵਲ ਖਾ	ਆ ਕਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਹਜ਼ਜ (ਮਸੁੱਮਨ) ਸਾਲਿਮ

ਵਜ਼ਨ ; ਮਫ਼ਾਈਲੁਨ ਮਫ਼ਾਈਲੁਨ ਮਫ਼ਾਈਲੁਨ ਮਫ਼ਾਈਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ
ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ ।)

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ :

ਸੁਣਾਨਾ ਚਾਹ ਰਹੇ ਹਾਂ ਪਰ ਕੋਈ ਐਸੀ ਹੈ ਪਾਬੰਦੀ,
ਕਿ ਅਪਣਾ ਹਾਲ ਵੀ ਸਾਥੋਂ ਸੁਣਾਇਆ ਜਾ ਨਹੀਂ ਸਕਦਾ ।

(ਸੁਗੰਧ ਸਮੀਰ, 'ਆਜ਼ਾਦ ਗੀਤ' ਪੰਨਾ-49)

ਤਕਤੀਹ

ਮਫ਼ਾਈਲੁਨ ISSS	ਮਫ਼ਾਈਲੁਨ ISSS	ਮਫ਼ਾਈਲੁਨ ISSS	ਮਫ਼ਾਈਲੁਨ ISSS
ਸਣਾਣਾ ਚਾ	ਰਹੇ ਹਾ ਪਰ	ਕਈ ਐਸੀ	ਹ ਪਾਬੰਦੀ
ਕ ਅਪਣਾ ਹਾ	ਲ ਵੀ ਸਾਥੋ	ਸਣਾਆ ਜਾ	ਨਹੀ ਸਕਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਰਮਲ (ਮੁਸੱਮਨ) ਮਹਿਜ਼ੂਫ਼

ਵਜ਼ਨ : ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ :

ਰੌਸ਼ਨੀ ਵੰਡਦੀ ਸਦਾ ਤਾਰੇ ਲੁਟਾਉਂਦੀ ਆ ਸਦਾ।
ਕਾਲੇ ਰਾਹਾਂ ਤੇ ਮੇਰੇ ਦੀਵੇ ਜਗਾਉਂਦੀ ਆ ਸਦਾ।

(ਬੰਦਰਗਾਹ, 'ਰਾਤ੍ਰੀ ਨੂੰ' ਪੰਨਾ-106

ਤਕਤੀਹ

ਫ਼ਾਇਲਾਤੁਨ SISS	ਫ਼ਾਇਲਾਤੁਨ SISS	ਫ਼ਾਇਲਾਤੁਨ SISS	ਫ਼ਾਇਲੁਨ SIS
ਰੌਸ਼ਨੀ ਵਡ	ਦੀ ਸਦਾ ਤਾ	ਰੇ ਲਟੌਂਦੀ	ਆ ਸਦਾ
ਕਾਲ ਰਾਹਾ	ਤੇ ਮਰੇ ਦੀ	ਵੇ ਜਗੌਂਦੀ	ਆ ਸਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਮੁਤਕਾਰਿਬ ਸਾਲਿਮ

ਵਜ਼ਨ : ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ :

ਨਜ਼ਰ ਨਾਲ ਹੁਸਨਾਂ ਦੇ ਸਾਗਰ ਨੂੰ ਪੀ ਜਾ
ਜਵਾਨੀ ਦੇ ਪਾਂਧੀ ਕੋਈ ਦਿਨ ਤਾਂ ਜੀ ਜਾ।

(ਮਹਾਂਨਾਚ, 'ਜਵਾਨਾ'; ਪੰਨਾ–72–73.)

ਤਕਤੀਹ

ਫ਼ਊਲੁਨ ISS	ਫ਼ਊਲੁਨ SSI	ਫ਼ਊਲੁਨ SSI	ਫ਼ਊਲੁਨ ISS
ਨਜ਼ਰ ਨਾ	ਲ ਹਸਨਾ	ਦ ਸਾਗਰ	ਨ ਪੀ ਜਾ
ਜਵਾਨੀ	ਦ ਪਾਧੀ	ਕਈ ਦਨ	ਤ ਜੀ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ : ਮੁਜ਼ਾਰਿਅ (ਮੁੱਸਮਨ) ਅਖ਼ਰਬ ਮਕਫ਼ੂਫ ਮਹਿਜ਼ੂਫ

ਵਜ਼ਨ : ਮਫ਼ਊਲੁ, ਫ਼ਾਇਲਾਤੁ ਮਫ਼ਾਈਲੁ ਫ਼ਾਇਲੁਨ

(ਇਹ ਸਾਰੇ ਰੁਕਨ ਇਕ ਮਿਸਰੇ ਵਿਚ ਇਕ ਵਾਰ ਅਤੇ ਪੂਰੇ ਸ਼ਿਅਰ ਵਿਚ ਦੋ ਵਾਰ ਆਉਂਦੇ ਹਨ)।

ਸ਼ਿਅਰ ਅਤੇ ਉਸਦੇ ਰੁਕਨਾਂ ਦਾ ਅਮਲ : ਮੇਰੀ ਨਜ਼ਰ ਦੇ ਸ਼ੌਕ ਤੋਂ ਸੜਦੇ ਨੇ ਕਿਸ ਲਈ
ਮੈਂ ਤਕ ਰਿਹਾ ਹਾਂ ਤੇਰਾ ਨਜ਼ਾਰਾ ਕਿਸੇ ਨੂੰ ਕੀ ?

(ਮਹਾਂਨਾਚ, 'ਕਿਸੇ ਨੂੰ ਕੀ'; ਪੰਨਾ-69)

ਤਕਤੀਹ

ਮਫ਼ਊਲੁ SSI	ਫ਼ਾਇਲਾਤੁ SISI	ਮਫ਼ਾਈਲੁ ISSI	ਫ਼ਾਇਲੁਨ SIS
ਮੇਰੀ ਨ	ਜ਼ਰ ਦ ਸ਼ੌਕ	ਤ ਸੜ ਦੇ ਨ	ਕਸ ਲਈ
ਮੈ ਤਕ ਰ	ਹਾ ਹ ਤੇਰ	ਨਜ਼ਾਰਾ ਕ	ਸੇ ਨ ਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਰ ਅਤੇ ਤਕਤੀਹ ਲਈ ਅਸੀਂ ਸਹਾਇਤਾ ਜੋਗਿੰਦਰ ਸਿੰਘ ਦੀ ਪੁਸਤਕ 'ਪਿੰਗਲ ਅਤੇ ਅਰੂਜ਼' ਤੋਂ ਵੀ ਲਈ ਹੈ।

ਬਾਵਾ ਬਲਵੰਤ ਦੀਆਂ ਕੁਝ ਉਹ ਕਵਿਤਾਵਾਂ ਜਾਂ ਗੀਤ ਵੀ ਹਨ ਜਿਨ੍ਹਾਂ ਵਿਚ ਬਾਵਾ ਬਲਵੰਤ ਨੇ ਲੋਕਯਾਨ ਜਾਂ ਬੋਲੀਆਂ ਦੇ ਰੂਪ ਦੀ ਵੀ ਵਰਤੋਂ ਕੀਤੀ ਹੈ ਜਿਵੇਂ 'ਅਮਰਗੀਤ' ਵਿਚ :—

''ਜਗ ਮੌਤ ਹੀ ਸਮਝਿਆ ਗ਼ਾਫ਼ਲ
ਜ਼ਿੰਦਗੀ ਦੇ ਐਤਵਾਰ ਨੂੰ।
ਕਦੇ ਲਹਿਰ ਨਾ ਜਮਾਏ ਡੇਰਾ
ਕੰਢਿਆਂ ਦੀ ਸ਼ਾਨ ਦੇਖ ਕੇ।
ਇਹ ਵੀ ਗ਼ਮ ਸੀ ਲਹਿ ਗਿਆ ਮਗਰੋਂ :
ਖ਼ੁਸ਼ੀ ਦਾ ਖ਼ਿਆਲ ਭੁੱਲਿਆ।''[21]

(ਬੋਲੀਆਂ)

ਬਾਵਾ ਬਲਵੰਤ ਨੂੰ ਸੰਗੀਤ ਦੀ ਕਾਫ਼ੀ ਸਮਝ ਸੀ (ਬਾਵਾ ਬਲਵੰਤ ਨੇ ਕਈ ਕਵਿਤਾਵਾਂ ਸੰਗੀਤ ਬਾਰੇ ਵੀ ਲਿਖੀਆਂ ਹਨ ਜਿਵੇਂ 'ਅੰਗ੍ਰੇਜ਼ੀ ਸਾਜ਼', 'ਸਾਜ਼ ਬਾਗੇਸਰੀ', 'ਰਾਗ ਦਾ ਅਸਰ' ਆਦਿ) ਇਸ ਲਈ ਲੋੜ ਅਨੁਸਾਰ ਕਈ ਥਾਵੀਂ ਰੁਕਨ-ਅਰਕਾਨ ਵੱਧ ਘੱਟ ਵੀ ਕੀਤੇ ਹਨ। ਛੰਦਾਬੰਦੀ ਦਾ ਗਿਆਤਾ ਹਰ ਕਵੀ ਇਹੋ ਜਿਹੇ ਨਵੇਂ ਪ੍ਰਯੋਗ ਕਰਨ ਵੱਲ ਵੀ ਧਿਆਨ ਦਿੰਦਾ ਹੈ। ਕਈ ਵਾਰ ਕਵੀ ਨੂੰ ਅਪਣੀ ਭਾਸ਼ਾ ਵਿਚ ਕਿਸੇ ਛੰਦ ਨੂੰ ਢਾਲਣ ਲਗਿਆਂ ਅਜਿਹੀ ਖੁਲ੍ਹ ਲੈਣੀ ਵੀ ਪੈਂਦੀ ਹੈ। ਬਾਵਾ ਬਲਵੰਤ ਦੇ ਕੁਝ ਨਜ਼ਦੀਕੀ ਜਾਂ ਉਨ੍ਹਾਂ ਨਾਲ ਮਿਲਣ-ਜੁਲਣ ਵਾਲੇ ਬੰਦਿਆਂ ਤੋਂ ਪਤਾ ਲਗਦਾ ਹੈ ਕਿ ਬਾਵਾ ਬਲਵੰਤ ਆਪ ਬਹੁਤ ਵਧੀਆ ਗਾਉਂਦਾ ਸੀ ਅਤੇ ਕਾਵਿ ਰਚਨਾ ਸਮੇਂ ਵੀ ਗੁਣਗੁਣਾਉਂਦਾ ਰਹਿੰਦਾ ਸੀ ਤਾਂਕਿ ਬਹਿਰ ਵਜ਼ਨ ਦੀ ਧੁਨੀ ਵੀ ਬਰਕਰਾਰ ਰਹਿ ਸਕੇ ਅਤੇ ਉਸ ਦੀ ਕਵਿਤਾ ਤਕਨੀਕੀ ਦ੍ਰਿਸ਼ਟੀ ਤੋਂ ਵੀ ਸੰਪੂਰਨ ਹੋਵੇ।[22]

ਇਉਂ ਬਾਵਾ ਬਲਵੰਤ ਦੀ ਕਵਿਤਾ ਦੀ ਛੰਦ ਵਿਧੀ ਦਾ ਵਿਸ਼ਲੇਸ਼ਣ ਇਹ ਸਿੱਧ ਕਰਦਾ ਹੈ ਕਿ ਬਾਵਾ ਬਲਵੰਤ ਆਪਣੀ ਕਵਿਤਾ ਵਿਚ ਛੰਦ ਦੇ ਕਲਾਸਕੀ ਰੂਪ ਵਲੋਂ ਬਹੁਤ ਸੁਚੇਤ ਰਹਿੰਦਾ ਹੈ। ਉਸ ਦੀ ਕਵਿਤਾ ਨੂੰ ਕੇਵਲ ਵਿਚਾਰ ਦੀ ਦ੍ਰਿਸ਼ਟੀ ਤੋਂ ਹੀ ਨਹੀਂ ਪੜ੍ਹਿਆ ਜਾਣਾ ਚਾਹੀਦਾ ਸਗੋਂ ਉਸ ਦੇ ਕਾਵਿ ਵਿਧੀ ਦੇ ਇਨ੍ਹਾਂ ਮਹੱਤਵਯੋਗ ਪੱਖਾਂ ਨੂੰ ਵੀ ਸਮਝਣਾ ਜ਼ਰੂਰੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੋਟ ਤੇ ਹਵਾਲੇ

1. ''ਮਹਾਂ ਨਾਚ'', ਪੰਨਾ 56-57.
2. ''ਮਹਾਂ ਨਾਚ'', ਪੰਨਾ 46.
3. ਉਹੀ; ਪੰਨਾ 47.
4. ਡਾ. ਤਰਲੋਕ ਸਿੰਘ ਕੰਵਰ; ''ਪਾਠ ਤੇ ਪ੍ਰਸੰਗ'', ਪੰਨਾ 9.
5. ''ਬੰਦਰਗਾਹ'', ਪੰਨਾ 33.
6. ''ਸੁਗੰਧ ਸਮੀਰ'', ਪੰਨਾ 35.
7. ਉਹੀ; ਪੰਨਾ 27.
8. ਉਹੀ; ਪੰਨਾ 28.
9, ਉਹੀ; ਪੰਨਾ 34.
10. ''ਸੁਗੰਧ ਸਮੀਰ'', ਪੰਨਾ 35.
11. ਉਹੀ; ਪੰਨਾ 36.
12. ਉਹੀ; ਪੰਨਾ 41.
13. ਉਹੀ; ਪੰਨਾ 44.
14. ਨੰਦ ਕਿਸ਼ੋਰ ਨਵਲ [ਸੰਪਾ.]; ''ਨਿਰਾਲਾ ਰਚਨਾਵਲੀ'', ਭਾਗ 1, ਪੰਨਾ 31.
15. ਉਹੀ; ਪੰਨਾ 65.
16. ਉਹੀ; ਪੰਨਾ 71.
17. ਨਵਲ ਨੰਦ ਕਿਸ਼ੋਰ (ਸੰਪਾ.); ਨਿਰਾਲਾ ਰਚਨਾਵਲੀ, ਭਾਗ-1,ਪੰਨਾ 186;
18. ਉਹੀ, ਭਾਗ-2, ਪੰਨਾ 130.
19. ਸੇਖੋਂ ਸੰਤ ਸਿੰਘ, 'ਸਾਹਿਤਿਆਰਥ',ਪੰਨਾ 116.
20. ਜਗਿਆਸੂ ਜੋਗਾ ਸਿੰਘ, 'ਉਸ਼ਾ ਨਿਸ਼ਾ', ਪੰਨਾ 22-23.
21. ਅਮਰਗੀਤ; ਪੰਨਾ-91.
22. (ਬਾਵਾ ਬਲਵੰਤ ਬਾਰੇ ਇਹ ਗੱਲਾਂ ਸਾਨੂੰ ਪੰਜਾਬੀ ਕਵੀ ਜੋਗਾ ਸਿੰਘ ਜਗਿਆਸੂ ਤੋਂ ਪ੍ਰਾਪਤ ਹੋਈਆਂ ।)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਵਾਂ ਅਧਿਆਇ

ਬਾਵਾ ਬਲਵੰਤ ਦੀ ਕਵਿਤਾ ਸਬੰਧੀ ਪ੍ਰਾਪਤ ਆਲੋਚਨਾ

ਬਾਵਾ ਬਲਵੰਤ ਦੀ ਕਵਿਤਾ ਬਾਰੇ ਆਲੋਚਨਾ ਨੂੰ ਅਸੀਂ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ : (1) ਬਾਵਾ ਬਲਵੰਤ ਦੀ ਕਵਿਤਾ ਬਾਰੇ ਪੂਰੇ ਜਾਂ ਵਿਸ਼ੇਸ਼ ਅਧਿਅਨ; (2) ਬਾਵਾ ਬਲਵੰਤ ਦੀਆਂ ਪੁਸਤਕਾਂ ਦੇ ਮੁੱਖ ਬੰਧ; (3) ਸਾਹਿੱਤ ਦੇ ਇਤਿਹਾਸਾਂ ਵਿਚ ਬਾਵਾ ਬਲਵੰਤ ਦੀ ਕਵਿਤਾ ਬਾਰੇ ਵਿਚਾਰ ।

ਇਨ੍ਹਾਂ ਵਿਚ ਸਭ ਤੋਂ ਪਹਿਲਾ ਅਧਿਅਨ ਬਾਵਾ ਬਲਵੰਤ ਦੀ ਕਾਵਿ ਕਲਾ (1965) ਗੁਰਚਰਨ ਸਿੰਘ ਅਰਸ਼ੀ ਦਾ ਹੈ । ਇਸ ਅਧਿਅਨ ਵਿਚ ਆਲੋਚਨਾ ਦਾ ਕੋਈ ਨਿਖੜਵਾਂ ਵਿਗਿਆਨਕ ਦ੍ਰਿਸ਼ਟੀਕੋਣ ਸਾਹਮਣੇ ਨਹੀਂ ਆਉਂਦਾ । ਇਸੇ ਲਈ ਇਹ ਆਲੋਚਨਾ ਪ੍ਰੰਪਰਕ ਵਿਧੀ ਵਿੱਚ ਬਾਵਾ ਬਲਵੰਤ ਦੀ ਵਿਚਾਰਧਾਰਾ, ਪਿਆਰ ਅਨੁਭਵ, ਪ੍ਰਕਿਰਤੀ ਚਿਤ੍ਰਨ, ਇਤਿਹਾਸ ਮਿਥਿਹਾਸ, ਰਹੱਸਵਾਦ, ਬਿੰਬਾਵਲੀ, ਛੰਦਾਬੰਦੀ ਅਲੰਕਾਰ, ਕਾਵਿ ਸ਼ੈਲੀ ਆਦਿ ਗੱਲਾਂ ਦਾ ਤੱਤਵਾਦੀ ਵਿਧੀ ਨਾਲ ਜ਼ਿਕਰ ਕਰਕੇ ਹੀ ਕੰਮ ਚਲਾਉਂਦੀ ਨਜ਼ਰ ਆਉਂਦੀ ਹੈ । ਇਨ੍ਹਾਂ ਨੂੰ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਅੰਤਰ-ਸਬੰਧਤ ਨਹੀਂ ਕਰਦੀ । ਅਰਸ਼ੀ ਇਨ੍ਹਾਂ ਪੱਖਾਂ ਤੋਂ ਬਾਵਾ ਬਲਵੰਤ ਦੀ ਕਵਿਤਾ ਦੀ ਵਿਆਖਿਆ ਅਤੇ ਪ੍ਰਸੰਸਾ ਕਰਦਾ ਚਲਾ ਜਾਂਦਾ ਹੈ ਜਾਂ ਫਿਰ ਉਹ ਬਾਵਾ ਬਲਵੰਤ ਦੀ ਕਵਿਤਾ ਨੂੰ ਦੂਜੇ ਕਵੀਆਂ ਦੀ ਕਵਿਤਾ ਦੇ ਮੁਕਾਬਲੇ ਕੇਵਲ ਵਡਿਆਉਂਦਾ ਜਾਂ ਛੁਟਿਆਉਂਦਾ ਹੈ । ਇਸ ਸਥਿਤੀ ਦਾ ਅਨੁਮਾਨ ਇਨ੍ਹਾਂ ਉਦਾਹਰਣਾਂ ਤੋਂ ਲਾਇਆ ਜਾ ਸਕਦਾ ਹੈ :

1. "ਜਿਥੇ ਭਾਈ ਵੀਰ ਸਿੰਘ ਵਧੇਰੇ ਕਰਕੇ ਪ੍ਰਕਿਰਤੀ ਵਿਚੋਂ ਕਾਦਰ ਨੂੰ ਵੇਖਦਾ ਹੈ ਅਤੇ ਜਾਂ ਫਿਰ ਅਧਿਆਤਮਕ ਬੇ-ਖ਼ੁਦੀ ਪ੍ਰਾਪਤ ਕਰਨ ਦਾ ਸਾਧਨ ਲੱਭਦਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਥੇ ਬਾਵਾ ਬਲਵੰਤ ਆਪਣੀ ਕਵਿਤਾ ਵਿਚ ਸਾਂਝੀਵਾਲਤਾ, ਮਨੁੱਖਵਾਦ ਤੇ ਜੀਵਨ-ਰਾਗ ਦਾ ਸੁਨੇਹਾ ਉਪਜਾਉਂਦਾ ਹੈ ।'' (ਪੰਨਾ-71)

2. ''...ਉਹ ਮੂਲ ਰੂਪ ਵਿੱਚ ਰਹੱਸਵਾਦੀ ਕਵੀ ਨਹੀਂ...ਉਸਦੀਆਂ ਕਈ ਕਵਿਤਾਵਾਂ ਵਿਚੋਂ ਰਹੱਸਵਾਦੀ ਰੰਗ ਪ੍ਰਤੱਖ ਰੂਪ ਵਿਚ ਝਲਕਦਾ ਹੈ । ਇਹ ਰਹੱਸਵਾਦ ਪ੍ਰੇਮ ਤੇ ਸੌਂਦਰਯ ਨਾਲ ਸੰਬੰਧਿਤ ਹੈ। ਉਹ ਆਪਣੇ ਪ੍ਰੇਮ ਨੂੰ ਨਿਰੋਲ ਕਲਪਨਾ ਦੀ ਪੱਧਰ ਉਤੇ ਰਹੱਸਮਈ ਬਣਾਉਣ ਦਾ ਜਤਨ ਕਰਦਾ ਹੈ ਅਤੇ ਸਿੱਟੇ ਵਜੋਂ ਉਸਦੀ ਕਵਿਤਾ ਵੀ ਕਿਧਰੇ ਕਿਧਰੇ 'ਸਫ਼ੀਰ' ਦੀ ਕਵਿਤਾ ਵਾਂਗ ਧੁੰਦਲੀ ਬਣ ਗਈ ਹੈ ।''(ਪੰਨਾ92)

3. ''ਕਵੀ ਨੂੰ ਕੁਦਰਤ ਵਿਚੋਂ ਕਿਸੇ ਪਰਮ-ਸੱਤ ਦੀ ਹੋਂਦ ਜ਼ਰੂਰ ਪ੍ਰਤੀਤ ਹੁੰਦੀ ਹੈ, ਪਰ ਉਸ ਸੱਚ ਲਈ ਤੜਪ ਬਾਵਾ ਬਲਵੰਤ ਵਿਚ ਵੀਰ ਸਿੰਘ ਜਿੰਨੀ ਪ੍ਰਬਲ ਨਹੀਂ ।'' (ਪੰਨਾ-97)

ਇਹ ਪੁਸਤਕ ਸਿਰਫ਼ ਉਦਾਹਰਣਾਂ ਨਾਲ ਹੀ ਭਰੀ ਹੋਈ ਹੈ ਆਲੋਚਨਾ ਅਤੇ ਕਵਿਤਾ ਦੀ ਕੋਈ ਵਿਲੱਖਣ ਵਿਧੀ ਜਾਂ ਨਿਖੜਵੀਂ ਵਿਗਿਆਨਕ ਦ੍ਰਿਸ਼ਟੀ ਸਾਡੇ ਸਾਹਮਣੇ ਉਜਾਗਰ ਨਹੀਂ ਹੁੰਦੀ ਸਗੋਂ ਇਸ ਆਲੋਚਨਾ ਨੂੰ ਪਹਿਲਾਂ ਦੀ ਪ੍ਰਚੱਲਤ ਪ੍ਰਸੰਸਨੀ ਜਾਂ ਵਿਆਖਿਆਮੂਲਕ ਆਲੋਚਨਾ ਵਾਂਗ ਹੀ ਕਿਹਾ ਜਾ ਸਕਦਾ ਹੈ । ਤੁਲਨਾਤਮਕ-ਵਿਧੀ ਰਾਹੀਂ ਵੀ ਬਾਵੇ ਦੀ ਆਪਣੀ ਵਿਲੱਖਣਤਾ ਤੱਕ ਗੱਲ ਨਹੀਂ ਪਹੁੰਚਦੀ ।

ਬਾਵਾ ਬਲਵੰਤ ਦੀ ਕਵਿਤਾ ਬਾਰੇ ਦੂਜਾ ਪੂਰਾ ਅਧਿਅਨ ਧਰਮਪਾਲ ਸਿੰਗਲ ਦਾ 'ਬਾਵਾ ਬਲਵੰਤ ਇਕ ਅਧਿਅਨ' ਹੈ । ਇਸ ਅਧਿਅਨ ਦੀ ਸਥਿਤੀ ਵੀ ਕੋਈ ਵਧੇਰੇ ਵੱਖਰੀ ਨਹੀਂ ਹੈ । ਇਹ ਆਲੋਚਨਾ ਵੀ ਪ੍ਰਸੰਸਨੀ ਅਤੇ ਵਿਆਖਿਆਮੂਲਕ ਹੈ । ਡਾ: ਸਿੰਗਲ ਬਾਵਾ ਬਲਵੰਤ ਦੇ ਛਾਇਆਵਾਦ, ਰਹੱਸਵਾਦ,ਪ੍ਰਗਤੀਵਾਦ, ਦੇਸ਼ ਪਿਆਰ, ਬਾਹਰੀ ਪ੍ਰਭਾਵ, ਪਿਆਰ ਦਰਸ਼ਨ, ਕਾਵਿ ਕਲਾ ਆਦਿ ਪੱਖਾਂ ਬਾਰੇ ਚਰਚਾ-ਛੇੜਦਾ ਹੈ । ਜਿਥੇ ਅਰਸ਼ੀ ਆਪਣੇ ਪੂਰੇ ਅਧਿਅਨ ਵਿਚ ਆਲੋਚਨਾਤਮਕ ਚਰਚਾ ਸੰਖੇਪਤਾ ਵਿਚ ਕਰਦਾ ਹੈ ਤੇ ਉਦਾਹਰਣਾਂ ਜ਼ਿਆਦਾ ਦਿੰਦਾ ਹੈ, ਉਥੇ ਸਿੰਗਲ ਉਨ੍ਹਾਂ ਪੱਖਾਂ ਬਾਰੇ ਆਲੋਚਨਾਤਮਕ ਚਰਚਾ ਵਿਸਥਾਰ ਵਿਚ ਕਰਦਾ ਹੈ । ਸਿੰਗਲ ਬਾਵਾ ਬਲਵੰਤ ਦੀ ਕਵਿਤਾ ਦੇ ਛਾਇਆਵਾਦੀ ਪੱਖ ਦੀ ਵਿਸ਼ੇਸ਼ ਗੱਲ ਕਰਦਾ ਹੈ ਜਿਹੜੀ ਅਰਸ਼ੀ ਨੇ ਨਹੀਂ ਕੀਤੀ । ਇਸ ਵਿਚ ਉਹ ਪਹਿਲਾਂ ਪੰਜਾਬੀ ਦੇ ਛਾਇਆਵਾਦੀ ਕਵੀਆਂ ਜਿਵੇਂ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਪ੍ਰੀਤਮ ਸਿੰਘ ਸਫ਼ੀਰ ਆਦਿ ਦੀ ਕਵਿਤਾ ਦੀ ਗੱਲ ਕਰਦਾ ਹੈ ਅਤੇ ਉਸ ਤੋਂ ਬਾਦ ਬਾਵਾ ਬਲਵੰਤ ਦੀ ਕਵਿਤਾ ਵਿਚ ਮਿਲਦੇ ਛਾਇਆਵਾਦ ਦਾ ਜ਼ਿਕਰ ਕਰਦਾ ਹੈ । ਸਿੰਗਲ ਬਾਵਾ ਬਲਵੰਤ ਦੇ ਸਮਾਜਵਾਦ ਦੀ ਨੀਂਹ ਵੀ ਛਾਇਆਵਾਦ ਨੂੰ ਦਸਦਾ ਹੈ ਤੇ ਦੋਨਾਂ ਪੱਖਾਂ ਨੂੰ ਓਤਪ੍ਰੋਤ ਕਰ ਦਿੰਦਾ ਹੈ :

1. ''...ਉਹ ਛਾਇਆਵਾਦ ਵਿਚ ਵੀ ਸਮਾਜਵਾਦੀ ਸੀ ਅਤੇ ਹੁਣ ਸਮਾਜਵਾਦੀ ਹੁੰਦਾ ਹੋਇਆ ਵੀ ਛਾਇਆਵਾਦੀ ਬਣਿਆ ਰਿਹਾ ਹੈ ।'' (ਪੰਨਾ-23)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ: ਅਰਸ਼ੀ ਤੇ ਡਾ: ਸਿੰਗਲ ਦੋਵੇਂ ਹੀ ਆਪਣੀ ਗੱਲ ਛਾਇਆਵਾਦ/ਰਹੱਸਵਾਦ ਤੋਂ ਸ਼ੁਰੂ ਕਰਦੇ ਹਨ। ਅਰਸ਼ੀ ਬਾਵੇ ਦੇ ਰਹੱਸਵਾਦ ਦੀ ਤੁਲਨਾ ਭਾਈ ਵੀਰ ਸਿੰਘ ਨਾਲ ਕਰਦਾ ਹੋਇਆ ਕਹਿੰਦਾ ਹੈ ਕਿ ਕਵੀ ਨੂੰ ਕੁਦਰਤ ਵਿਚੋਂ ਕਿਸੇ ਪਰਮ ਸੱਤ ਦੀ ਹੋਂਦ ਜ਼ਰੂਰ ਪ੍ਰਤੀਤ ਹੁੰਦੀ ਹੈ ਪਰ ਉਸ ਸੱਚ ਲਈ ਤੜਪ ਬਾਵਾ ਬਲਵੰਤ ਵਿਚ ਵੀਰ ਸਿੰਘ ਜਿੰਨੀ ਪ੍ਰਬਲ ਨਹੀਂ। (ਵਿਧੀ ਇਥੇ ਵੀ ਉਸੇ ਤਰ੍ਹਾਂ ਤੁਲਨਾਤਮਕ ਹੈ) ਡਾ: ਸਿੰਗਲ ਪਹਿਲਾਂ ਰਹੱਸਵਾਦ ਦੀ ਇਕ ਪਰਿਭਾਸ਼ਾ ਨਿਸਚਿਤ ਕਰਦਾ ਹੈ ਅਤੇ ਫਿਰ ਉਸੇ ਪਰਿਪੇਖ ਵਿਚ ਬਾਵੇ ਦੀ ਕਵਿਤਾ ਨੂੰ ਦੇਖਦਾ ਹੈ।

> "ਰਹੱਸਵਾਦ ਵਿਚ ਪੀੜ ਜਾਂ ਤੜਪ ਇਕ ਅਤਿ ਲੋੜੀਂਦਾ ਅਤੇ ਜ਼ਰੂਰੀ ਤੱਤ੍ਹ ਹੈ। ਰਹੱਸਵਾਦੀ ਕਵੀ ਆਮ ਕਰਕੇ ਮਿਲਨ ਨਾਲੋਂ ਬਿਰਹੋਂ ਵਿਚ ਵਧੇਰੇ ਆਤਮ-ਤੁਸ਼ਟੀ ਲੱਭਦੇ ਹਨ, ਵਧੇਰੇ ਰੱਸ ਲੈਂਦੇ ਹਨ।...ਬਾਵਾ ਬਲਵੰਤ ਵੀ ਇਸ ਸਚਾਈ ਨੂੰ ਅਨੁਭਵ ਕਰਦਾ ਅਤੇ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ। ਕਵੀ ਇਸ ਤੜਪ ਤੋਂ ਨਵੇਂ ਤੋਂ ਨਵੇਂ ਰਾਹ ਖੋਜਦਾ ਅਤੇ ਉਨ੍ਹਾਂ ਉਤੇ ਕਿਸੇ ਅਲੋਪ-ਲਹਰ ਦੇ ਪਦ ਚਿੰਨ੍ਹ ਲੱਭਦਾ ਹੈ...।" (ਪੰਨਾ 383-9)

ਇਸ ਪਿਛੋਂ ਬਾਵਾ ਬਲਵੰਤ ਦੇ ਪ੍ਰਗਤੀਵਾਦ ਅਤੇ ਬਾਕੀ ਪੱਖਾਂ ਬਾਰੇ ਡਾ: ਸਿੰਗਲ ਦੇ ਵਿਸ਼ੇਸ਼ ਨੁਕਤੇ ਇਸ ਪ੍ਰਕਾਰ ਹਨ :—

1. "...ਇਥੋਂ ਤੀਕ ਕਿ ਇਸ ਵੇਲੇ ਦੇ ਛਾਇਆਵਾਦ ਦੇ ਸਿਰਕੱਢ ਕਵੀ ਹੁਣ ਪ੍ਰਗਤੀਵਾਦ ਦੇ ਮੋਹਰੀ ਬਣ ਗਏ। ਬਾਵਾ ਬਲਵੰਤ ਇਨ੍ਹਾਂ ਵਿਚੋਂ ਇਕ ਹੈ।" (ਪੰਨਾ-43)
2. "...ਪਰ ਉਹ ਦ੍ਵੰਦਾਤਮਕ ਭੌਤਿਕਵਾਦ ਨਾ ਸਮਝ ਸਕਿਆ ਸੀ, ਹੁਣ ਇਕ ਸਮਾਜਵਾਦੀ ਤੱਤ-ਵੇਤਾ ਦੇ ਰੂਪ ਵਿਚ, ਇਸ ਵਾਦ ਦੇ ਸਿਧਾਂਤਕ ਵਿਆਖਿਆਕਾਰ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ।" (ਪੰਨਾ-53)
3. "...ਬਾਵਾ ਜੀ ਨੂੰ ਸਰਵ ਸਾਂਝ ਵਲ ਪ੍ਰੇਰਨਾਂ ਭਾਰਤੀ ਸੰਸਕ੍ਰਿਤੀ ਦੇ ਉਸ ਵਿਚਾਰ ਵਿਚੋਂ ਮਿਲੀ ਹੈ ਜਿਥੇ ਕਿ ਸਭ ਪ੍ਰਾਣੀ ਇਕੋ ਚੇਤਨ ਸੱਤਾ ਦੇ ਬਣਾਏ ਹੋਏ ਦਿਸਦੇ ਹਨ। ਭਾਰਤੀ ਆਤਮਵਾਦ ਹੀ ਇਸ ਦਾ ਮੂਲ ਪ੍ਰੇਰਨਾ-ਸਰੋਤ ਹੈ।"(ਪੰਨਾ-69)
4. "ਟੈਗੋਰ ਵਾਂਗੂ ਹੀ ਹੋਰ ਭਾਰਤੀ ਚਿੰਤਕਾਂ ਵਿਚੋਂ ਸ੍ਵਾਮੀ ਸ੍ਰੀ ਰਾਮਤੀਰਥ ਦਾ ਪ੍ਰਭਾਵ ਵੀ ਇਨ੍ਹਾਂ ਦੀ ਚਿੰਤਨ-ਧਾਰਾ ਉਪਰ ਸਾਫ਼ ਹੈ।" (ਪੰਨਾ 73-74)
5. ਹਿੰਦੀ ਦੇ ਕਵੀ ਸ੍ਰੀ ਸੁਮਿੱਤ੍ਰਾ ਨੰਦਨ ਪੰਤ ਦਾ ਪ੍ਰਭਾਵ ਤਾਂ ਇਨ੍ਹਾਂ ਦੀ ਕਵਿਤਾ ਉਪਰ ਬਹੁਤ ਹੀ ਸਪਸ਼ਟ ਹੈ। (ਪੰਨਾ 74)
6. "ਬਾਵਾ ਜੀ ਤੇ ਦੂਜਾ ਪ੍ਰਭਾਵ ਉਰਦੂ ਤੇ ਫ਼ਾਰਸੀ ਕਵਿਤਾ ਦਾ ਹੈ।...ਉਰਦੂ ਦੇ ਸਭਨਾਂ ਕਵੀਆਂ ਵਿਚੋਂ ਸਰ ਮੁਹੰਮਦ ਇਕਬਾਲ ਦਾ ਅਸਰ ਕੁਝ ਵਧੇਰੇ ਹੀ ਇਨ੍ਹਾਂ ਦੀ ਕਵਿਤਾ ਤੇ ਪਿਆ ਹੈ।" (ਪੰਨਾ 75-76)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7. "ਬਾਵਾ ਜੀ ਦੀ ਕਵਿਤਾ ਵਿਚ ਭਾਵੇਂ ਸ਼ਬਦ-ਅਲੰਕਾਰਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰੰਤੂ ਇਨ੍ਹਾਂ ਦਾ ਕਮਾਲ ਅਰਥਾਂਲਕਾਰਾਂ ਵਿਚ ਹੀ ਮਿਲਦਾ ਹੈ। ਖ਼ਾਸ ਕਰ ਕੇ ਇਨ੍ਹਾਂ ਦੇ ਵਰਤੇ ਉਪਮਾ-ਅਲੰਕਾਰ ਤਾਂ ਬਹੁਤ ਹੀ ਮਨਮੋਹਕ ਹਨ।" (ਪੰਨਾ 137)
8. ਪਰੰਤੂ ਲਿਰਿਕ ਦਾ ਇਕ ਵੱਡਾ ਤੇ ਕਠਿਨ ਰੂਪ ਸੌਨਿਟ ਜਿਸ ਨੂੰ ਕਿ ਚੌਦਾਂ-ਪਦੀ ਵੀ ਆਖਿਆ ਜਾ ਸਕਦਾ ਹੈ, ਪੰਜਾਬੀ ਲਈ ਬਾਵਾ ਜੀ ਦੀ ਅਮੋਲਕ ਦੇਣ ਹੈ। (ਪੰਨਾ 147)
9. ਇਸ ਤੋਂ ਇਲਾਵਾ ਬਾਵਾ ਜੀ ਨੇ ਪੰਜਾਬੀ ਦੇ ਇਕ ਬਹੁਤ ਹੀ ਪੁਰਾਣੇ ਕਾਵਿ ਰੂਪ ਨੂੰ ਵੀ ਅਪਣਾਇਆ ਹੈ ਅਤੇ ਇਹ ਕਾਵਿ ਰੂਪ ਹੈ—ਬੋਲੀਆਂ ਜੋ ਕਿ ਅਮਰਗੀਤ ਦੇ ਪੰਨਾ 91 ਉਤੇ ਦਿੱਤੀਆਂ ਹਨ। (ਪੰਨਾ 149)

ਡਾ: ਸਿੰਗਲ ਨੇ ਇਉਂ ਬਾਵਾ ਬਲਵੰਤ ਦੀ ਕਵਿਤਾ ਦੇ ਕਈ ਪੱਖਾਂ, ਪ੍ਰਭਾਵਾਂ ਤੇ ਸਰੋਤਾਂ ਦੀ ਗੱਲ ਛੋਹਣ ਦਾ ਯਤਨ ਕੀਤਾ ਹੈ, ਪਰ ਇਹ ਆਲੋਚਨਾ ਵੀ ਕਿਸੇ ਸਿਸਟਮ ਵਿਚ ਬੱਝੀ ਨਹੀਂ। ਗੱਲਾਂ ਵਿਕੋਲਿਤਰੀਆਂ ਪਈਆਂ ਹਨ। ਆਲੋਚਨਾਂ ਦੀ ਕੋਈ ਵਿਲੱਖਣ ਦ੍ਰਿਸ਼ਟੀ ਨਹੀਂ ਉਘੜਦੀ। ਸਿੰਗਲ ਇਨ੍ਹਾਂ ਕੁਝ ਨੁਕਤਿਆਂ ਦੇ ਆਧਾਰ ਤੇ ਹੀ ਬਾਵਾ ਬਲਵੰਤ ਦੀ ਕਵਿਤਾ ਦੀ ਵਿਆਖਿਆ ਕਰਦਾ ਚਲਾ ਜਾਂਦਾ ਹੈ।

ਇਸ ਤੋਂ ਬਾਦ ਬਾਵਾ ਬਲਵੰਤ ਦੀ ਕਵਿਤਾ ਬਾਰੇ ਤੀਜਾ ਪੂਰਾ ਅਧਿਐਨ 'ਕੁਲਬੀਰ ਸਿੰਘ ਕਾਂਗ' ਦਾ "ਬਾਵਾ ਬਲਵੰਤ ਜੀਵਨ ਤੇ ਰਚਨਾ" ਹੈ।[1] ਇਸ ਪੁਸਤਕ ਦੇ ਕਾਂਗ ਨੇ ਚਾਰ ਚੈਪਟਰ ਬਣਾਏ ਹਨ ਜਿਸ ਵਿਚ ਪਹਿਲੇ ਚੈਪਟਰ ਵਿਚ ਤਾਂ ਉਹ ਬਾਵਾ ਬਲਵੰਤ ਦੇ ਜੀਵਨ ਬਾਰੇ ਹੀ ਗੱਲ ਕਰਦਾ ਹੈ ਜਿਸ ਵਿਚ 'ਮੁੱਢਲਾ ਜੀਵਨ' ਸਿਰਲੇਖ ਬਾਵਾ ਬਲਵੰਤ ਦੇ ਛੋਟੇ ਵੀਰ 'ਹਰਬੰਸ ਲਾਲ ਤੂਫ਼ਾਨ' ਦੇ ਬੋਲੇ ਅਨੁਸਾਰ ਲਿਖਿਆ ਹੈ। ਅਤੇ 'ਯਾਦਾਂ ਦੇ ਪੰਛੀ' (ਸ਼ਬਦ ਚਿਤਰ) ਵਿਚ ਕਾਂਗ ਬਾਵਾ ਬਲਵੰਤ ਨਾਲ ਗੁਜ਼ਾਰੇ ਦਿਨਾਂ ਦੀ ਯਾਦ ਤਾਜ਼ਾ ਕਰਦਾ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸ ਪ੍ਰਤੀ ਆਪਣੀ ਸ਼ਰਧਾਂਜਲੀ ਭੇਟ ਕਰਦਾ ਹੈ। (ਇਹੋ ਲੇਖ ਪੰਜਾਬੀ ਦੁਨੀਆਂ ਦੇ ਬਾਵਾ ਬਲਵੰਤ ਵਿਸ਼ੇਸ਼ ਅੰਕ ਵਿਚ ਵੀ ਹੈ ਜੋ ਕਿ ਕਾਂਗ ਨੇ ਹੁਣ ਆਪਣੀ ਇਸ ਪੁਸਤਕ ਵਿਚ ਸ਼ਾਮਿਲ ਕੀਤਾ ਹੈ।) ਪੁਸਤਕ ਦੇ ਸਿਰਲੇਖ (ਬਾਵਾ ਬਲਵੰਤ ਜੀਵਨ ਤੇ ਰਚਨਾ) ਤੋਂ ਹੀ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਕਾਂਗ ਨੇ ਆਪਣੀ ਇਸ ਪੁਸਤਕ ਵਿਚ ਵਧੇਰੇ ਬਾਵਾ ਬਲਵੰਤ ਦੇ ਜੀਵਨ ਬਾਰੇ ਹੀ ਗੱਲ ਕੀਤੀ ਹੈ ਅਤੇ ਬਾਕੀ ਆਲੋਚਨਾ ਉਸੇ ਬਿਰਤੀ ਦੀ ਸ਼ਿਕਾਰ ਹੈ ਭਾਵ ਪ੍ਰਸ਼ੰਸਨੀ ਅਤੇ ਵਿਆਖਿਆਮੂਲਕ ਬਿਰਤੀ। ਬਾਵਾ ਬਲਵੰਤ ਦੀ ਕਵਿਤਾ ਨੂੰ ਪਿਛਲੇ ਆਲੋਚਕਾਂ ਦੀ ਵਿਧੀ ਵਾਂਗ ਡਾ.ਕਾਂਗ ਵੀ ਦੂਜੇ ਕਵੀਆਂ ਦੀ ਕਵਿਤਾ ਦੇ ਮੁਕਾਬਲੇ ਵਡਿਆਉਂਦਾ ਜਾਂ ਛੁਟਿਆਉਂਦਾ ਹੈ।

1. "ਆਧੁਨਿਕ ਯੁਗ ਵਿਚ ਹਿੰਦੀ ਕਵੀ ਪੰਤ ਤੇ ਭਾਈ ਵੀਰ ਸਿੰਘ ਕੁਦਰਤ ਵਿਵਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸ਼ਾਹਕਾਰ ਸਮਝੇ ਜਾਂਦੇ ਹਨ ਪਰ ਬਾਵੇ ਦਾ ਕੁਦਰਤ ਚਿਤ੍ਰਣ ਇਨ੍ਹਾਂ ਸਭਨਾਂ ਨਾਲੋਂ ਵਿਲੱਖਣ ਹੈ।'' (ਪੰਨਾ-30)

2. ''...ਉਰਦੂ ਦੇ ਅਜਿਹੇ ਰੋਮਾਂਟਿਕ ਕਵੀਆਂ ਦਾ ਪੰਜਾਬੀ ਕਵੀਆਂ ਉਤੇ ਵੀ ਡੂੰਘਾ ਅਸਰ ਹੈ ਪਰ ਬਲਵੰਤ ਦਾ ਪ੍ਰੀਤ-ਦਰਸ਼ਨ ਵਿਭਿੰਨ ਹੈ, ਉਸ ਵਿਚ ਇਕ ਸ਼ਾਂਤੀ ਹੈ, ਰਸ ਹੈ।'' (ਪੰਨਾ-27)

ਡਾ. ਕਾਂਗ ਦੀ ਇਹ ਪੁਸਤਕ ਵੀ ਦੂਹਰਾ ਬਿਰਤੀ ਦਾ ਸ਼ਿਕਾਰ ਹੈ। ਬਹੁਤ ਸਾਰੀਆਂ ਉਹੀ ਗੱਲਾਂ ਕਰਦਾ ਹੈ ਜਿਹੜੀਆਂ ਪਹਿਲਾਂ ਹੋ ਚੁੱਕੀਆਂ ਹਨ। ਡਾ: ਕਾਂਗ ਕਈ ਵਾਰ ਗੰਭੀਰ ਲਿਖਣ ਦੇ ਬਾਵਜੂਦ ਅਜਿਹੀਆਂ ਗੱਲਾਂ ਛੋਹ ਲੈਂਦਾ ਹੈ, ਜੋ ਆਲੋਚਨਾਤਮਕ-ਦ੍ਰਿਸ਼ਟੀ ਤੋਂ ਢੁੱਕਦੀਆਂ ਨਹੀਂ; ਸੰਜੀਦਾ ਨਹੀਂ ਲਗਦੀਆਂ ਜਾਂ ਇਹ ਕਹਿ ਸਕਦੇ ਹਾਂ ਕਿ ਇਹ ਆਲੋਚਨਾ-ਵਿਧੀ ਤੋਂ ਬਾਹਰ ਹਨ, ਜਿਵੇਂ ਬਾਵੇ ਦੀ ਕਵਿਤਾ ਬਾਰੇ ਉਸ ਦਾ ਅਜਿਹਾ ਕਥਨ :—

1. ਬਾਵਾ ਬਲਵੰਤ ਦੀ ਬਹੁਤ ਕਵਿਤਾ ਆਮ ਪਾਠਕ ਦੀ ਪੱਧਰ ਤੋਂ ਉਚੀ ਹੈ।...ਇਸੇ ਲਈ ਮੇਰਾ ਜ਼ਾਤੀ ਖਿਆਲ ਹੈ ਕਿ ਬਾਵਾ ਬਲਵੰਤ ਨੇ ਆਪਣੇ ਸਮੇਂ ਤੋਂ ਪਹਿਲਾਂ ਹੀ ਪੰਜਾਬੀ ਕਵਿਤਾ ਵਿਚ ਪ੍ਰਵੇਸ਼ ਕੀਤਾ ਹੈ। ਆਮ ਪੰਜਾਬੀ ਪਾਠਕ ਦੀ ਦਿਮਾਗੀ ਸਤਰ ਹਾਲੇ ਉਥੇ ਨਹੀਂ ਪੁੱਜੀ ਜਿਥੇ ਬਾਵਾ ਬਲਵੰਤ ਖਲੋਤਾ ਸੀ।'' (ਪੰਨਾ-44)

ਇਨ੍ਹਾਂ ਆਲੋਚਨਾਤਮਕ ਅਧਿਐਨਾਂ ਵਿਚ ਪਈ ਜਿਸ ਤੁਲਨਾਤਮਕ-ਦ੍ਰਿਸ਼ਟੀ ਵੱਲ ਅਸੀਂ ਸੰਕੇਤ ਕਰਦੇ ਆ ਰਹੇ ਹਾਂ, ਉਸ ਨਾਲ ਗੁਰਦਿੱਤ ਸਿੰਘ ਪ੍ਰੇਮੀ ਦੀ ਪੁਸਤਕ ''ਬਾਵਾ ਤੇ ਸਫ਼ੀਰ'' (1966) ਪੂਰੇ ਦੇ ਪੂਰੇ ਰੂਪ ਵਿਚ ਸਬੰਧਤ ਹੈ। ਇਸ ਅਧਿਅਨ ਵਿਚ ਬਾਵਾ ਬਲਵੰਤ ਦੀ ਵਿਚਾਰਧਾਰਾ, ਸਮਾਜਵਾਦ, ਸਾਂਝੀਵਾਲਤਾ, ਦੇਸ਼ ਭਗਤੀ ਤੇ ਮਨੁੱਖ ਭਗਤੀ, ਸੁੰਦਰਤਾ ਤੇ ਪਿਆਰ ਆਦਿ ਬਾਰੇ ਗੱਲਾਂ ਕੀਤੀਆਂ ਗਈਆਂ ਹਨ, ਪਰ ਤੁਲਨਾ ਦੀ ਵਿਧੀ ਤੇ ਪੱਧਰ ਉਵੇਂ ਹੀ ਬਰਕਰਾਰ ਹੈ, ਜਿਵੇਂ ਅਸੀਂ ਪਹਿਲੀ ਆਲੋਚਨਾ ਵਿਚ ਦੇਖਦੇ ਆ ਰਹੇ ਹਾਂ।

1. ''ਦੇਸ਼ ਦੇ ਸਾਹਿਤਕਾਰਾਂ ਵਿਚੋਂ ਬਾਵਾ ਬਲਵੰਤ ਨੇ ਮਹਾਂਰਿਸ਼ੀ ਟੈਗੋਰ, ਪ੍ਰੇਮ ਚੰਦ ਡਾਕਟਰ ਇਕਬਾਲ,ਭਾਈ ਵੀਰ ਸਿੰਘ ਆਦਿ ਮਹਾਨ ਲਿਖਾਰੀਆਂ ਤੇ ਵਿਚਾਰਵਾਨਾਂ ਦੇ ਵਿਚਾਰਾਂ ਨੂੰ ਸਤਿਕਾਰ ਸਹਿਤ ਅਪਣਾਇਆ ਹੈ ਤੇ ਲੋੜ ਪੈਣ ਪਰ ਉਨ੍ਹਾਂ ਨੂੰ ਕਾਵਿ ਤੁਕਾਂ ਵਿਚ ਅੰਕਿਤ ਭੀ ਕੀਤਾ ਹੈ।'' (ਪੰਨਾ-32)

2. ''ਬਾਵਾ ਬਲਵੰਤ ਪੁਰ ਉਰਦੂ ਦੀ ਛਾਪ ਡੂੰਘੀ ਤੇ ਅਮਿੱਟ ਹੈ। ਇਹੀ ਕਾਰਣ ਹੈ ਕਿ ਵਜ਼ਨ ਤੋਲ ਅਤੇ ਕਾਫ਼ੀਏ ਦੀ ਚੁਸਤੀ ਜੋ ਬਾਵਾ ਬਲਵੰਤ ਵਿਚ ਹੈ, ਉਹ ਸਫ਼ੀਰ ਵਿਚ ਨਹੀਂ।...ਇਸ ਦੇ ਵਿਪਰੀਤ ਸਫ਼ੀਰ ਨੇ ਪੂਰਨ ਸਿੰਘ ਨਾਲ ਮਿਲਦਾ ਜੁਲਦਾ ਰਾਹ ਅਪਣਾਇਆ ਹੈ।'' (ਪੰਨਾ-187)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੁੱਚੇ ਰੂਪ ਵਿਚ ਇਸ ਅਧਿਐਨ ਨੇ ਵੀ ਉਹੀ ਗੱਲਾਂ ਕੀਤੀਆਂ ਹਨ ਜੋ ਪਹਿਲਾਂ ਦੇ ਆਲੋਚਕਾਂ ਨੇ ਕੀਤੀਆ ਹਨ। ਇਹ ਤੁਲਨਾਤਮਕ ਵਿਧੀ ਕੋਈ ਵਧੇਰੇ ਪ੍ਰਭਾਵਪੂਰਣ ਨਹੀਂ ਹੈ। ਕਿਉਂਕਿ ਇਸ ਵਿਧੀ ਰਾਹੀਂ ਦੋਹਾਂ ਦੀ ਕਵਿਤਾ ਦਾ ਵਿਸਥਾਰ ਸਹਿਤ ਅਧਿਅਨ ਨਹੀਂ ਹੁੰਦਾ। ਦੋਹਾਂ ਕਵੀਆਂ ਸਫ਼ੀਰ ਤੇ ਬਾਵੇ ਦੀ ਕਵਿਤਾ ਜੋ ਵੱਖਰੀ-ਵੱਖਰੀ ਹੈ, ਦੋਹਾਂ ਦੀ ਵਿਧੀ ਵੀ ਅਲਗ ਹੈ ਤਾਂ ਫਿਰ ਤੁਲਨਾਤਮਕ ਆਲੋਚਨਾ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਲਗਦੀ। ਪ੍ਰੇਮੀ ਵਧੇਰੇ ਥਾਂ ਤੇ ਗੱਲ ਵੀ 'ਆਲੋਚਨਾ' ਦੀ ਥਾਂ 'ਉਡਾਰੀਆਂ' ਦੀ ਭਾਸ਼ਾ ਵਿਚ ਕਰਦਾ ਹੈ :—

> ''ਦੋਵੇਂ ਕਵੀ ਅਗੇ ਵੱਧ ਰਹੇ ਹਨ। ਅਜੇ ਇਨ੍ਹਾਂ ਨੇ ਕਾਵਿ ਗਗਨ ਵਿਚ ਹੋਰ ਉਚੇਰੀਆਂ ਉਡਾਰੀਆਂ ਲਾਣੀਆਂ ਹਨ।'' (ਪੰਨਾ-188)

ਇਨ੍ਹਾਂ ਤਿੰਨਾਂ ਅਧਿਅਨਾਂ ਵੱਲ ਸੰਕੇਤ ਕਰਨ ਤੋਂ ਬਾਅਦ ਪਤਾ ਲਗਦਾ ਹੈ ਕਿ ਇਹ ਤਿੰਨੇ ਅਧਿਐਨ ਹੀ ਪ੍ਰੰਪਰਕ-ਵਿਧੀ ਭਾਵ ਪ੍ਰਸੰਸਨੀ, ਵਿਆਖਿਆਮੂਲਕ ਆਲੋਚਨਾ ਦੇ ਸ਼ਿਕਾਰ ਹਨ। ਇਹ ਅਧਿਅਨ ਜਾਂ ਤਾਂ ਟੂਕਾਂ ਦੀ ਹੀ ਵਿਆਖਿਆ ਕਰਦੇ ਰਹੇ ਹਨ ਅਤੇ ਜਾਂ ਫਿਰ ਬਾਵਾ ਬਲਵੰਤ ਦੀ ਕਵਿਤਾ ਨੂੰ ਦੂਜੇ ਪੰਜਾਬੀ ਕਵੀਆਂ ਦੇ ਮੁਕਾਬਲੇ ਵਡਿਆਉਂਦੇ ਜਾਂ ਛੁਟਿਆਉਂਦੇ ਰਹੇ ਹਨ। ਕੋਈ ਪਾਠਗਤ-ਵਿਧੀ ਜਾਂ ਨਿਵੇਕਲੀ ਦ੍ਰਿਸ਼ਟੀ ਸਾਡੇ ਸਾਹਮਣੇ ਉਜਾਗਰ ਨਹੀਂ ਕਰਦੇ। ਅਜਿਹੀ ਵਿਧੀ ਵਿਹੀਨਤਾ ਕਾਰਣ ਹੀ ਇਹ ਅਧਿਅਨ ਕੁਝ ਕੁ ਰਲਦੇ ਮਿਲਦੇ ਨੁਕਤਿਆਂ ਨੂੰ ਲੈ ਕੇ ਹੀ ਬਾਵਾ ਬਲਵੰਤ ਦੀ ਕਵਿਤਾ ਦੀ ਆਲੋਚਨਾ ਕਰਦੇ ਚਲੇ ਜਾਂਦੇ ਹਨ। ਕਵਿਤਾ ਦੇ ਸੰਗਠਨ ਤੋਂ ਉਘੜਦੀ ਵਿਧੀ ਤੇ ਸੰਚਾਰ ਦਾ ਸੰਕਲਪ ਇਸ ਆਲੋਚਨਾ ਪਾਸ ਨਹੀਂ ਹੈ।

ਇਨ੍ਹਾਂ ਅਧਿਅਨਾਂ ਦੇ ਅੰਤ ਤੇ 1984 ਵਿਚ ਆਲੋਚਨਾ ਦੀ ਇਕ ਹੋਰ ਪੁਸਤਕ ਪ੍ਰਕਾਸ਼ਿਤ ਹੋਈ ਡਾ: ਪ੍ਰੀਤਮ ਸੈਨੀ ਦੀ 'ਬਾਵਾ ਬਲਵੰਤ ਦੀ ਕਾਵਿ-ਕਲਾ।[3] ਇਸ ਪੁਸਤਕ ਵਿਚ ਡਾ: ਸੈਨੀ ਨੇ ਬਾਵਾ ਬਲਵੰਤ ਦੀ ਕਵਿਤਾ ਵਿਚਲੇ ਨਿਜੀ ਪਿਆਰ, ਲੋਕ ਪਿਆਰ, ਮਾਨਵਤਾਵਾਦ ਅਤੇ ਅੰਤਰ-ਰਾਸ਼ਟਰਵਾਦ, ਨਾਰੀ ਚਿਤਰਣ, ਪ੍ਰਕ੍ਰਿਤੀ ਚਿਤਰਣ, ਅਧਿਆਤਮਵਾਦ ਜਾਂ ਰਹੱਸਵਾਦ ਦਾ ਚਰਚਾ ਕੀਤਾ ਹੈ। ਜਾਂ ਡਾ: ਇਕਬਾਲ ਦੀ ਕਵਿਤਾ ਦੇ ਵਿਸ਼ੇਸ਼ ਤੌਰ ਤੇ ਖ਼ੁਦੀ ਦੇ ਸੰਕਲਪ ਤੋਂ ਬਾਵਾ ਬਲਵੰਤ ਕਿਵੇਂ ਪ੍ਰਭਾਵਿਤ ਹੋਇਆ ਉਸ ਦੇ ਆਧਾਰ ਤੇ ਉਸ ਦੀ ਕਾਵਿ ਕਲਾ ਦੇਖਣ ਦਾ ਯਤਨ ਕੀਤਾ ਹੈ। ਪਰ ਡਾ: ਸੈਨੀ ਦੀ ਪੁਸਤਕ ਵੀ ਬਾਵਾ ਬਲਵੰਤ ਦੀ ਕਵਿਤਾ ਬਾਰੇ ਨਾ ਹੀ ਕੋਈ ਪਾਠਗਤ ਅਧਿਅਨ ਪੇਸ਼ ਕਰਦੀ ਹੈ ਅਤੇ ਨਾ ਹੀ ਕੋਈ ਅਜਿਹਾ ਪਰਿਪੇਖ ਬਣਾਉਂਦੀ ਹੈ ਜਿਸ ਨਾਲ ਉਸ ਦੀ ਕਵਿਤਾ ਦੀ ਮੁੱਖ ਪ੍ਰਕਿਰਤੀ ਨੂੰ ਪਛਾਣਿਆ ਜਾ ਸਕੇ ਜਾਂ ਉਸ ਦੀ ਕਵਿਤਾ ਦੇ ਸੰਗਠਨ ਦਾ ਅਧਿਅਨ ਕੀਤਾ ਜਾਏ।

ਬਾਵਾ ਬਲਵੰਤ ਦੀ ਕਵਿਤਾ ਸੰਬੰਧੀ ਮਿਲਦੀ ਆਲੋਚਨਾ ਵਿਚ 'ਪੰਜਾਬੀ ਦੁਨੀਆਂ' ਦੇ ''ਬਾਵਾ ਬਲਵੰਤ ਵਿਸ਼ੇਸ਼ ਅੰਕ'' (1976) ਦੇ ਕੁਝ ਨਿਬੰਧਾਂ ਦਾ ਵੀ ਜ਼ਿਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਜਾ ਸਕਦਾ ਹੈ । ਇਸ ਅੰਕ ਵਿਚ ਕੁਝ ਨਿਬੰਧ ਤਾਂ ਮਿੱਤਰ ਭਾਵਨਾ ਤੇ ਆਧਾਰਿਤ ਹਨ ਜਿਨ੍ਹਾਂ ਵਿਚ ਬਾਵਾ ਬਲਵੰਤ ਨਾਲ ਬਿਤਾਏ ਦਿਨ ਜਾਂ ਮੁਲਾਕਾਤਾਂ ਦਾ ਹੀ ਜ਼ਿਕਰ ਹੈ । ਇਸ ਅੰਕ ਵਿਚ ਚਾਰ ਨਿਬੰਧ ਬਾਵੇ ਦੀਆਂ ਪੁਸਤਕਾਂ ਬਾਰੇ ਹਨ, ਪਰ ਇਨ੍ਹਾਂ ਵਿਚ ਵੀ ਵਧੇਰੇ ਟੂਕਾਂ ਦੀ ਹੀ ਵਿਆਖਿਆ-ਵਿਧੀ ਨੂੰ ਅਪਣਾਇਆ ਗਿਆ ਹੈ । ਪ੍ਰੋ: ਕਿਰਪਾਲ ਸਿੰਘ ਕਸੈਲ ਦਾ ਲੇਖ 'ਪ੍ਰਗਤੀਵਾਦੀ ਧਾਰਾ ਦਾ ਪ੍ਰਮੁੱਖ ਪੰਜਾਬੀ ਕਵੀ ਬਾਵਾ ਬਲਵੰਤ' ਸਾਡਾ ਵਿਸ਼ੇਸ਼ ਧਿਆਨ ਖਿੱਚਦਾ ਹੈ ।[3] ਕਿਉਂਕਿ ਬਾਵਾ ਬਲਵੰਤ ਦਾ ਪ੍ਰਗਤੀਵਾਦ ਕਿਵੇਂ ਵੱਖਰੀ ਭਾਂਤ ਦਾ ਹੈ । ਇਸ ਬਾਰੇ ਕਸੇਲ ਇਕ ਦ੍ਰਿਸ਼ਟੀਕੋਣ ਬਣਾਉਣ ਦਾ ਯਤਨ ਕਰਦਾ ਹੈ ।

1. "ਅਧਿਆਤਮਵਾਦ ਅਤੇ ਪ੍ਰਗਤੀਵਾਦ ਦਾ ਇਹ ਸੁਮੇਲ ਬਾਵਾ ਬਲਵੰਤ ਦੀ ਕਵਿਤਾ ਦੀ ਬਲਵਾਨ ਸ਼ਕਤੀ ਹੈ । ਇਹੋ ਕਾਰਣ ਹੈ ਕਿ ਉਸਦੀ ਰਚਨਾ ਦਾ ਪ੍ਰਗਤੀਵਾਦੀ ਸਰੂਪ ਆਪਣੇ ਦੂਜੇ ਸਮਕਾਲੀ ਕਵੀਆਂ ਦੇ ਟਾਕਰੇ ਤੇ ਇਕ ਵਿਲੱਖਣ ਵਿਸ਼ੇਸ਼ਤਾ ਗ੍ਰਹਿਣ ਕਰ ਗਿਆ ਹੈ ।" (ਪੰਨਾ-67)
2. "ਦਵੰਦਾਤਮਕ ਭੌਤਿਕਵਾਦ ਵਿਚ ਦਰਸ਼ਨ ਅੰਤਰਰਾਸ਼ਟਰੀ ਸਮਰਥਨ, ਫਾਸੀਵਾਦ ਦਾ ਖੰਡਨ, ਜੰਗ ਵਿਰੁੱਧ ਨਫ਼ਰਤ, ਸੁਚੀ ਕਿਰਤ ਦੀ ਉਪਮਾ, ਕਿਰਤੀ ਮਾਨਵਵਾਦ ਦੀ ਪ੍ਰਸੰਸਾ, ਲੋਕ ਸੰਗਰਾਮ ਜਾਂ ਇਨਕਲਾਬ ਲਈ ਪ੍ਰੇਰਨਾ ਇਹ ਸਾਰੇ ਉਸ ਦੀ ਕਵਿਤਾ ਦੇ ਨਿੱਗਰ ਵਸਤੂ ਤੱਤ ਅਤੇ ਭਾਵ ਤੱਤ ਹਨ ।" (ਪੰਨਾ-67)
3. "...ਇਹੋ ਦਾਰਸ਼ਨਿਕ ਚੇਤੰਨਤਾ ਅਤੇ ਅਧਿਆਤਮਕ ਅਤੇ ਪ੍ਰਗਤੀਸ਼ੀਲ ਵਿਗਿਆਨਕ ਚਿੰਤਨ ਦਾ ਸਮਨਵੇ ਬਾਵਾ ਬਲਵੰਤ ਦੀ ਪ੍ਰਗਤੀਵਾਦੀ ਵਿਚਾਰਧਾਰਾ ਦੀ ਸ਼ਕਤੀ ਵੀ ਹੈ ਅਤੇ ਵਿਸ਼ੇਸ਼ਤਾ ਵੀ ।" (ਪੰਨਾ 68)

ਕਸੇਲ ਬਾਵਾ ਬਲਵੰਤ ਦੀ ਕਵਿਤਾ ਦੀ ਵਸਤੂ ਸਮੱਗਰੀ ਵਿਚ ਪੁਰਾ-ਤੱਥਾਂ ਨੂੰ ਰਹੱਸਵਾਦ ਨਹੀਂ ਸਗੋਂ ਨਵ ਰਹੱਸਵਾਦ ਦਾ ਕਲਾਤਮਕ ਪ੍ਰਕਾਸ਼ ਮੰਨਦਾ ਹੈ । ਪੰਨਾ-68) ਅਤੇ ਕਹਿੰਦਾ ਹੈ ਕਿ 'ਇਸ ਪੱਖ ਤੋਂ ਉਸਦੀ ਕਵਿਤਾ ਸਹਿਜੇ ਹੀ ਉਦਾਤ-ਕਾਵਿ (Sublime Poetry) ਹੋ ਨਿਬੜਦੀ ਹੈ ।' (ਪੰਨਾ 68)

ਇਉਂ ਪ੍ਰੋ.ਕਸੇਲ ਨੇ ਬਾਵੇ ਦੀ ਕਵਿਤਾ ਬਾਰੇ ਕੁਝ ਸੱਜਰੀਆਂ ਗੱਲਾਂ ਵਲ ਧਿਆਨ ਦੇਣ ਦਾ ਯਤਨ ਕੀਤਾ ਹੈ ।

ਇਸੇ ਤਰ੍ਹਾਂ ਇਸ ਅੰਕ ਵਿਚ ਇਕ ਹੋਰ ਧਿਆਨ ਯੋਗ ਨਿਬੰਧ ਹੈ'ਕਾਵਿ-ਸਰਵੇਖਣ : ਬਾਵਾ ਬਲਵੰਤ' ਪ੍ਰੋ: ਸ. ਸੋਜ਼ ਦਾ । ਇਸ ਨਿਬੰਧ ਵਿਚ ਸੋਜ਼ ਦਾ ਸਿੱਟਾ ਹੈ—"ਬਾਵਾ ਅੰਗਰੇਜ਼ੀ ਦੇ ਕਵੀ ਯੇਟਸ ਵਾਂਗ ਭਿੰਨ-ਭਿੰਨ ਮਖੌਟੇ ਪਹਿਣ ਕੇ ਆਪਣੇ ਕਾਵਿ ਦੀ ਸਿਰਜਣਾ ਕਰਦਾ ਹੈ...।" (ਪੰਨਾ 95) ਇਸ ਸਾਰੇ ਲੇਖ ਵਿਚ ਲੇਖਕ ਇਨ੍ਹਾਂ ਮਖੌਟਿਆਂ ਜਾਂ ਮਾਸਕ ਦੀ ਹੀ ਗੱਲ ਕਰਦਾ ਹੈ ਕਿ ਉਹ ਹਰ ਕਵਿਤਾ ਵਿਚ ਨਵਾਂ-ਨਵਾਂ ਮਖੌਟਾ ਪਾ ਕੇ ਆਉਂਦਾ ਹੈ ਕਿਤੇ ਬਾਗ਼ੀ ਦਾ ਅਤੇ ਕਿਤੇ ਦੇਸ਼ ਭਗਤ ਦਾ । ਸਾਡੇ ਆਲੋਚਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਬਾਵੇ ਦੀ ਕਵਿਤਾ ਨੂੰ ਹੋਰ ਕਵੀਆਂ ਦੀ ਤੁਲਨਾ ਵਿਚ ਤਾਂ ਦੇਖਣ ਦਾ ਯਤਨ ਕੀਤਾ ਸੀ। ਪਰ ਯੇਟਸ ਦੀ ਕਵਿਤਾ ਦੇ ਸੰਦਰਭ ਵਿਚ ਨਹੀਂ। ਇਸ ਗੱਲ ਵਲ ਅਸੀਂ ਵੀ ਕੁਝ ਕੁ ਧਿਆਨ ਦਿਤਾ। ਭਾਵੇਂ ਇਸ ਮਾਸਕ-ਦ੍ਰਿਸ਼ਟੀ ਤੋਂ ਨਹੀਂ। ਪ੍ਰੋ: ਕਰਨਜੀਤ ਸਿੰਘ ਦਾ ਨਿਬੰਧ "ਬਾਵਾ ਬਲਵੰਤ—ਕੁਝ ਪ੍ਰਸ਼ਨ" ਵੀ ਸਾਡਾ ਧਿਆਨ ਖਿੱਚਦਾ ਹੈ। ਇਸ ਵਿਚ ਕਰਨਜੀਤ ਸਿੰਘ ਨੇ ਇਹ ਸਵਾਲ ਉਠਾਇਆ ਹੈ ਕਿ ਜਦੋਂ ਵੀ ਪ੍ਰਗਤੀਸ਼ੀਲ ਕਵਿਤਾ ਦਾ ਜ਼ਿਕਰ ਕੀਤਾ ਜਾਂਦਾ ਹੈ ਉਸ ਵਿਚ ਹੋਰ ਪ੍ਰਗਤੀਸ਼ੀਲ ਲੇਖਕਾਂ ਦੀ ਕਲਪਨਾ ਕਿਉਂ ਨਹੀਂ ਕੀਤੀ ਜਾਂਦੀ ਅਤੇ ਇਸ ਦੌਰ ਭਾਵ ਪ੍ਰਗਤੀਸ਼ੀਲ ਲੇਖਕ ਸੰਗਠਨ ਦੇ ਪ੍ਰਭਾਵ ਹੇਠ ਰਚੀ ਕਵਿਤਾ ਨੂੰ ਮੋਹਨ ਸਿੰਘ—ਅੰਮ੍ਰਿਤਾ ਧਾਰਾ ਤਕ ਹੀ ਕਿਉਂ ਸੀਮਿਤ ਕੀਤਾ ਜਾਂਦਾ ਹੈ। ਕੀ ਸਮੁੱਚੀ ਪ੍ਰਗਤੀਸ਼ੀਲ ਕਵਿਤਾ "ਅੰਮ੍ਰਿਤਾ-ਮੋਹਨ ਸਿੰਘ ਧਾਰਾ" ਦੀਆਂ ਹੀ ਸੀਮਾਵਾਂ ਵਿਚ ਘਿਰੀ ਹੋਈ ਹੈ। ਇਸ ਸਦੀ ਦੇ ਚੌਥੇ ਦਹਾਕੇ ਵਿਚ ਚਾਰ ਕਵੀ ਹੋਏ ਮੋਹਨ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ। ਪਰ ਜਦੋਂ ਇਸ ਦੌਰ ਦੀ ਗੱਲ ਤੁਰਦੀ ਹੈ ਤਾਂ ਦੋ ਕਵੀਆਂ ਬਾਬਤ ਖਾਮੋਸ਼ੀ ਵਰਤੀ ਜਾਂਦੀ ਹੈ। (ਪੰਨਾ 121-122)

ਉਸ ਨੇ ਇਸ ਨਿਬੰਧ ਵਿਚ ਪ੍ਰਗਤੀਸ਼ੀਲ ਕਵਿਤਾ ਬਾਰੇ ਕੁਝ ਪ੍ਰਸ਼ਨ ਤਾਂ ਉਠਾਏ ਹਨ ਪਰ ਬਾਵੇ ਬਾਰੇ ਤਾਂ ਕੁਝ ਟੂਕਾ ਦੀ ਹੀ ਉਸ ਅਨੁਸਾਰ ਵਿਆਖਿਆ ਕੀਤੀ ਹੈ। ਬਾਵਾ ਬਲਵੰਤ ਬਾਰੇ ਅਗਸਤ, 1972 ਵਿਚ 'ਆਰਸੀ' ਨੇ ਵੀ ਆਪਣਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਿਸ ਵਿਚ ਸੋਹਨ ਸਿੰਘ ਜੋਸ਼, ਪ੍ਰਭਜੋਤ ਕੌਰ, ਮਨੋਹਰ ਸਿੰਘ ਮਾਰਕੋ, ਐਮ.ਐਸ. ਸੇਠੀ, ਦੇਵਿੰਦਰ, ਅਵਤਾਰ ਸਿੰਘ ਸਾਦਿਕ, ਕੇਵਲ ਸੂਦ ਆਦਿ ਦੇ ਨਿਬੰਧ ਪ੍ਰਕਾਸ਼ਿਤ ਹੋਏ। ਇਨ੍ਹਾਂ ਸਾਰੇ ਨਿਬੰਧਾਂ ਦਾ ਰੂਪ ਸ਼ਰਧਾਂਜਲੀ ਦਾ ਸੀ।

ਬਾਵੇ ਦੀ ਕਵਿਤਾ ਸੰਬੰਧੀ ਮੁੱਖਬੰਧਾਂ ਦੇ ਰੂਪ ਵਿਚ ਜੋ ਆਲੋਚਨਾ ਸਾਹਮਣੇ ਆਈ। ਉਸਦੇ ਆਰੰਭ ਵਿਚ ਸੁਜਾਨ ਸਿੰਘ ਨੇ ਬਾਵਾ ਬਲਵੰਤ ਦੀ ਪਹਿਲੀ ਪੁਸਤਕ 'ਮਹਾ ਨਾਚ' (1941) ਦੇ ਮੁੱਖ ਬੰਧ ਵਿਚ ਆਪਣਾ ਮਤ ਪੇਸ਼ ਕੀਤਾ ਸੀ। ਇਸ ਮੁੱਖਬੰਧ ਵਿਚ ਸੁਜਾਨ ਸਿੰਘ ਕਵਿਤਾ ਦੇ ਗੁਣ ਦਸਦਾ ਹੋਇਆ ਇਕ ਹੀ ਗੁਣ ਬਾਰੇ ਬਾਰ-ਬਾਰ ਗੱਲ ਕਰਦਾ ਹੈ ਉਹ ਹੈ ਕਵਿਤਾ ਵਿਚ ਕਲਪਨਾ ਤੱਤ। ਉਸ ਦੇ ਅਨੁਸਾਰ ਹੀ ਉਹ ਕਵਿਤਾ ਦੇ ਸੁਹਜ ਜਾਂ ਸੁੰਦਰਤਾ ਦਾ ਨਿਰਣਾ ਕਰਦਾ ਹੈ :—

> "ਕਵਿਤਾ ਸੁੰਦਰਤਾ ਪੈਦਾ ਕਰਨ ਦਾ ਹੁਨਰ ਹੈ, ਕੇਵਲ ਅਰਥਾਂ, ਰੂਪਾਂ ਦੀ ਸੁੰਦਰਤਾ ਹੀ ਨਹੀਂ, ਸਗੋਂ ਆਵਾਜ਼ਾਂ ਦੀ ਸੁੰਦਰਤਾ ਵੀ ਅਤੇ ਇਹ ਰਲ ਕੇ ਕਵਿਤਾ ਦੀ ਸਮੁੱਚੀ ਸੁੰਦਰਤਾ ਦੇ ਅਸਰ ਨੂੰ ਵਧਾਉਂਦੀ ਹੈ।" (ਪੰਨਾ-19)

ਜਾਂ ਫਿਰ ਸੁਜਾਨ ਸਿੰਘ ਬਾਵੇ ਦੀ ਕਵਿਤਾ ਦੀ ਛੰਦਾ ਬੰਦੀ, ਕਵਿਤਾ ਦੀ ਬੋਲੀ, ਅਲੰਕਾਰ, ਪਿਆਰ, ਬਾਵੇ ਦੀ ਕਵਿਤਾ ਵਿਚ ਮਿਲਦਾ ਬੀਰ ਰਸ, ਬਾਵੇ ਦੀ ਕਵਿਤਾ ਵਿਚ ਮਿਥਿਹਾਸਕ ਰੰਗ ਆਦਿ ਬਾਰੇ ਚਰਚਾ ਕਰਦਾ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. "ਬਾਵਾ ਜੀ ਦੀ ਕਵਿਤਾ ਵਿਚ ਰਾਗ ਦੀ ਗੂੰਜ ਹੈ, ਛੰਦਾਂ ਦੀ ਬੰਦਸ਼ ਹੈ, ਪਰ ਇਸ ਦਾਇਰੇ ਦੇ ਅੰਦਰ ਅਸਮਾਨਾਂ ਤੋਂ ਉਚੀ ਤੇ ਪਤਾਲਾਂ ਤੋਂ ਡੂੰਘੀ ਖੁਲ੍ਹ ਹੈ। ਉਨ੍ਹਾਂ ਦੇ ਛੰਦਾਂ ਵਿਚ ਬਹੁ-ਭਾਂਤਤਾ ਹੈ।" (ਪੰਨਾ-24)
2. "ਬਾਵਾ ਜੀ ਨੇ ਆਪਣੀ ਕਵਿਤਾ ਵਿਚ ਸਾਂਝੀ ਪੰਜਾਬੀ ਬੋਲੀ ਰਖੀ ਹੈ ਜਿਸ ਵਿਚ ਉਰਦੂ ਤੇ ਹਿੰਦੀ ਦੇ ਸ਼ਬਦਾਂ ਦਾ ਢੁਕਵਾਂ ਮਿਲਾਪ ਹੈ।" (ਪੰਨਾ-24)

ਸੁਜਾਨ ਸਿੰਘ ਮੁੱਖਬੰਧ ਦੇ ਆਰੰਭ ਵਿਚ ਦਸਦਾ ਹੈ ਕਿ 'ਮਹਾ ਨਾਚ' ਦਾ ਆਰੰਭ ਕਿਸ ਤਰ੍ਹਾਂ ਹੋਇਆ ਇਸ ਨੂੰ ਦਸਣ ਲਈ ਉਹ ਸੂਤਰਧਾਰ ਵਾਂਗ ਕੰਮ ਕਰਦਾ ਹੈ। ਜਿਵੇਂ ਅੱਜ ਤੋਂ ਬਹੁਤ ਸਾਲ ਪਹਿਲਾਂ ਕਹਾਣੀ ਜਾਂ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਸੂਤਰਧਾਰ ਉਸ ਬਾਰੇ ਦਸਦਾ ਸੀ ਕਿ ਉਸ ਵਿਚ ਕੀ ਹੋਣ ਵਾਲਾ ਹੈ। ਇਸੇ ਹੀ ਸ਼ੈਲੀ ਨੂੰ ਸੁਜਾਨ ਸਿੰਘ ਅਪਣਾਉਂਦਾ ਹੈ ਜਿਵੇਂ :—

"ਪਰਦੇ ਚੁਕੇ ਗਏ। ਸ੍ਰਿਸ਼ਟੀ ਜਹੇ ਸੁੰਦਰ ਤੇ ਵਿਸ਼ਾਲ ਨਾਟ-ਭਵਨ ਦੀ ਵਿਸਤ੍ਰਿਤ ਰੰਗ-ਭੂਮੀ ਦੇ ਵਿਚਕਾਰ ਇਕ ਕਲਾਕਾਰ ਇਕ ਅਸਚਰਜ ਮੁਦਰਾ ਵਿਚ ਖੜਾ ਸੀ, ਨੈਣ ਮੁੰਦੇ ਹੋਏ ਸਨ...। ਰੰਗ ਭੂਮੀ ਦੇ ਤਿੰਨਾਂ ਪਾਸਿਆਂ ਤੋਂ ਰਲਵੇਂ ਸੁਰ ਗਾ ਰਹੇ ਸਨ :

"ਮੀਟ ਕੇ ਅੱਖੀਆਂ ਖੋਲ੍ਹ ਕੇ ਬਾਹਾਂ
ਨਾਚ ਕਰੇ ਮਤਵਾਲਾ...।" (ਪੰਨਾ 11-12)

ਅਤੇ ਅੰਤ ਵਿਚ ਕਹਿੰਦਾ ਹੈ :

"ਅਤੇ ਮਹਾਂ ਨਾਚ ਦਾ ਆਰੰਭ ਹੋਇਆ।" (ਪੰਨਾ-13)

ਇਥੇ ਜਿਸ ਭਾਸ਼ਾ ਤੇ ਅੰਦਾਜ਼ ਨੂੰ ਅਪਣਾਇਆ ਗਿਆ ਹੈ ਉਸ ਤੋਂ ਇਹ ਜ਼ਾਹਿਰ ਹੈ ਕਿ ਆਲੋਚਕ ਕੇਵਲ ਸਿਰਜਣਾਤਮਕ-ਵਿਧੀ ਦਾ ਕਾਇਲ ਹੈ। ਜਿਸ ਵਿਚ ਉਹ ਆਪ ਇਕ ਬਿੰਬ ਦੀ ਸਿਰਜਣਾ ਕਰ ਰਿਹਾ ਹੈ।

ਪਾਲ ਸਿੰਘ ਨੇ ਬਾਵਾ ਬਲਵੰਤ ਦੀ ਦੂਜੀ ਪੁਸਤਕ 'ਅਮਰ ਗੀਤ' (1942) ਦੀ ਭੂਮਿਕਾ 'ਸਤਿਕਾਰ' ਸਿਰਲੇਖ ਹੇਠ ਲਿਖੀ। ਇਸ ਭੂਮਿਕਾ ਦਾ ਆਰੰਭ ਵੀ ਉਹੋ ਜਿਹੀ ਅਲੰਕਾਰਕ ਭਾਸ਼ਾ ਨਾਲ ਹੀ ਕਰਦਾ ਹੈ :—

"ਮਹਾਂ ਨਾਚ ਦੇ ਮਧੁਰ ਘੁੰਗਰੂਆਂ ਦੀ ਛਣਕਾਰ ਵਿਚੋਂ ਹੁਣ ਅਸੀਂ ਸੁਣ ਰਹੇ ਹਾਂ 'ਅਮਰ ਗੀਤ', ਜਿਨ੍ਹਾਂ ਨੇ ਸਾਡੇ ਸੁੱਤੇ ਹੋਏ ਸੁਹਜ ਸੁਆਦ ਨੂੰ ਮੁੜ ਬੇਦਾਰ ਕਰ ਦਿੱਤਾ ਹੈ।" ਪੰਨਾ 10

ਪਾਲ ਸਿੰਘ ਅਨੁਸਾਰ ਬਾਵੇ ਦੀ ਕਵਿਤਾ ਅਮਰ ਹੈ ਕਿਉਂਕਿ ਉਸ ਨੂੰ ਬਾਵੇ ਦੀ ਕਵਿਤਾ ਵਿਚੋਂ ਅਮਰ ਕਵਿਤਾ ਦੇ ਗੁਣ ਸਤ, ਸ਼ਿਵ ਅਤੇ ਸੁੰਦਰਤਾ ਸਹਿਜੇ ਹੀ ਮਿਲ ਜਾਂਦੇ ਹਨ। ਪਾਲ ਸਿੰਘ ਵੀ ਆਪਣੀ ਇਸ ਭੂਮਿਕਾ ਵਿਚ ਕੁਝ ਨਵਾਂ ਨਹੀਂ ਕਹਿੰਦਾ ਸਗੋਂ ਬਾਵੇ ਦੀ ਕਵਿਤਾ ਦੀਆਂ ਟੂਕਾਂ ਦੀ ਹੀ ਵਿਆਖਿਆ ਕਰਦਾ ਚਲਾ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਕਾਵਿਕ, ਪ੍ਰਸੰਸਨੀ ਵਿਧੀ ਨੂੰ ਸੁਜਾਨ ਸਿੰਘ ਨੇ ਅਪਣਾਇਆ ਸੀ, ਉਹ ਉਵੇਂ ਹੀ ਇਥੇ ਵੀ ਜਾਰੀ ਰਹਿੰਦੀ ਹੈ।

ਬਾਵਾ ਬਲਵੰਤ ਦੀ ਤੀਜੀ ਪੁਸਤਕ 'ਜੁਆਲਾਮੁਖੀ' (1943) ਦੀ ਭੂਮਿਕਾ ਵੀ ਪਾਲ ਸਿੰਘ ਨੇ ਹੀ ਲਿਖੀ ਹੈ ਜਿਸ ਦਾ ਸਿਰਲੇਖ ਵੀ 'ਸਤਿਕਾਰ' ਹੈ। ਇਥੇ ਵੀ ਪਾਲ ਸਿੰਘ ਉਸੇ ਬਿਰਤੀ ਦਾ ਸ਼ਿਕਾਰ ਹੈ ਭਾਵ ਨਿਰੋਲ ਪ੍ਰਸੰਸਨੀ ਬਿਰਤੀ। ਸਤਿਕਾਰ ਦਾ ਇਹ ਦ੍ਰਿਸ਼ਟੀਕੋਣ ਹੀ ਪ੍ਰਸੰਸਨੀ ਆਲੋਚਨਾ ਦੀ ਵਿਧੀ ਦਾ ਲਖਾਇਕ ਹੈ। ਪ੍ਰਤੀਤ ਹੋ ਜਾਂਦਾ ਹੈ ਕਿ ਪਾਲ ਸਿੰਘ ਪਹਿਲਾਂ ਹੀ ਇਹ ਨਿਸ਼ਚਿਤ ਕਰ ਲੈਂਦਾ ਹੈ ਕਿ ਉਸ ਨੇ ਪ੍ਰਸੰਸਨੀ ਆਲੋਚਨਾ ਕਰਨੀ ਹੈ। ਇਹ ਆਲੋਚਨਾ ਮਿੱਤਰਭਾਵਨਾ ਤੇ ਆਧਾਰਿਤ ਹੈ ਤੇ ਇਥੋਂ ਹੀ ਬਾਵਾ ਬਲਵੰਤ ਦੀ ਕਵਿਤਾ ਬਾਰੇ ਮਿਲਦੀ ਆਲੋਚਨਾ ਦਾ ਅਭਾਵ ਸਾਨੂੰ ਪਤਾ ਲਗਦਾ ਹੈ। ਇਹ ਆਲੋਚਨਾ ਨਿਰਪੱਖ ਆਲੋਚਨਾ ਦਾ ਪੱਖ ਪੂਰਦੀ ਨਜ਼ਰ ਨਹੀਂ ਆਉਂਦੀ।

ਬਾਵਾ ਬਲਵੰਤ ਦੀ ਚੌਥੀ ਪੁਸਤਕ 'ਬੰਦਰਗਾਹ' (1951) ਦੀ ਭੂਮਿਕਾ ਵੀ ਉਸ ਦੇ ਦੋ ਮਿੱਤਰਾਂ ਸੁਜਾਨ ਸਿੰਘ ਤੇ ਅਮਰ ਸਿੰਘ ਨੇ ਮੁਕੱਦਮੇ ਦੇ ਸਿਰਲੇਖ ਹੇਠ ਲਿਖੀ ਹੈ। ਇਸ ਭੂਮਿਕਾ ਦੇ ਆਰੰਭ ਵਿਚ ਤਾਂ ਲੇਖਕ ਅੱਜ ਦੇ ਆਲੋਚਕਾਂ ਅਤੇ ਸਾਹਿਤਕਾਰਾਂ ਦੇ ਦਿਮਾਗ ਦੀ ਮਿਆਰ ਦਸਣ ਵਿਚ ਹੀ ਰੁੱਝੇ ਰਹਿੰਦੇ ਹਨ। ਉਹ ਆਪ ਕਹਿੰਦੇ ਹਨ :

> "ਇਸ ਮੁਕੱਦਮੇ ਵਿਚ ਅਸੀਂ ਉਨ੍ਹਾਂ ਨੂੰ ਹੀ ਮੁਨਸਫ਼ ਬਣਾ ਰਹੇ ਹਾਂ ਜਿਨ੍ਹਾਂ ਤੇ ਇਹ ਮੁਕੱਦਮਾ ਹੈ, ਭਾਵ ਪੜਚੋਲੀਆਂ ਤੇ ਸਮਕਾਲੀ ਸਾਹਿਤਕਾਰਾਂ ਨੂੰ...।" (ਪੰਨਾ-8)

ਭਾਵ ਉਹ ਉਥੇ ਮਿੱਤਰ-ਭਾਵਨਾ ਵਿਚ ਉਨ੍ਹਾਂ ਆਲੋਚਕਾਂ ਨੂੰ ਕੋਸਦੇ ਹਨ, ਜਿਨ੍ਹਾਂ ਨੇ ਬਾਵੇ ਦੀ ਕਵਿਤਾ ਵੱਲ ਨਿਰਪੱਖ ਤੇ ਯੋਗ ਧਿਆਨ ਨਹੀਂ ਦਿੱਤਾ, ਪਰ ਆਪ ਬਾਅਦ ਵਿੱਚ ਉਨ੍ਹਾਂ ਹੀ ਪੱਖਾਂ ਬਾਰੇ ਚਰਚਾ ਸ਼ੁਰੂ ਕਰ ਦਿੰਦੇ ਹਨ, ਜਿਨ੍ਹਾਂ ਬਾਰੇ ਹੋਰ ਆਲੋਚਕ ਵੀ ਚਰਚਾ ਕਰ ਚੁੱਕੇ ਸਨ। ਉਦਾਹਰਣ ਦੇ ਤੌਰ ਤੇ :—

> "...ਹਾਂ ਬਾਵੇ ਉਤੇ ਉਰਦੂ, ਹਿੰਦੀ, ਅੰਗ੍ਰੇਜ਼ੀ ਤੇ ਆਧੁਨਿਕ ਰੂਸੀ ਕਵਿਤਾ ਦਾ ਅਸਰ ਹੈ। ਉਸ ਤੇ ਫ਼ੈਜ਼ ਤੇ ਨੂਨ ਮੀਨ ਰਾਸ਼ਦ ਨੂੰ ਪੜ੍ਹਿਆ ਹੈ। ਉਸ ਤੇ ਹਿੰਦੀ ਦਾ ਪ੍ਰਭਾਵ ਹੈ ਤੇ ਉਸ ਪੁਰਾਣਿਆਂ ਹਿੰਦੀ ਕਵੀਆਂ ਤੋਂ ਇਲਾਵਾ ਅੱਜਕਲ ਦਿਆਂ ਵਿਚੋਂ ਗੁਪਤ, ਨਿਰਾਲਾ, ਪ੍ਰਸ਼ਾਦ, ਪੰਤ ਤੇ ਮਹਾਂਦੇਵੀ ਦੀਆਂ ਰਚਨਾਵਾਂ ਪੜ੍ਹੀਆਂ ਹਨ...।" (ਪੰਨਾ 15)

ਬਾਵਾ ਬਲਵੰਤ ਦੇ ਛਾਇਆਵਾਦ ਤੇ ਰਹੱਸਵਾਦ ਦਾ ਚਰਚਾ ਕਰਦਿਆਂ ਵੀ ਉਹੀ ਗੱਲਾਂ ਹਨ :—

> "ਇਨ੍ਹਾਂ ਪ੍ਰਭਾਵਾਂ ਸਦਕਾ ਬਾਵਾ ਬਲਵੰਤ ਛਾਇਆਵਾਦੀ ਤੇ ਰਹੱਸਵਾਦੀ ਰਚਨਾ ਵੱਲ ਝੁਕਿਆ ਤੇ ਪੰਜਾਬੀ ਵਿਚ ਉੱਨਤ ਛਾਇਆਵਾਦ ਤੇ ਕੁਝ ਇਕ ਰਹੱਸਵਾਦ ਦੇ ਨਮੂਨੇ ਵੀ ਪੈਦਾ ਕੀਤੇ...।" (ਪੰਨਾ-16)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਜਾਨ ਸਿੰਘ ਕਵਿਤਾ ਦੇ ਗੁਣ ਪਰਿਭਾਸ਼ਤ ਕਰਦਾ ਹੋਇਆ ਉਸ ਵਿਚ ਬਾਵੇ ਦੀ ਕਵਿਤਾ ਨੂੰ ਫਿਕਸ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਇਸੇ ਸੰਦਰਭ ਵਿਚ ਹੀ ਉਹ ਬਾਵਾ ਬਲਵੰਤ ਦੀ ਕਵਿਤਾ ਵਿਚ ਪਿਆਰ, ਸ਼ਬਦ ਸ਼ਕਤੀਆਂ, ਰਸ, ਬੋਲੀ, ਖ਼ਿਆਲ, ਕੁਦਰਤ, ਚਿਤ੍ਰਣ, ਮਿਥਿਹਾਸ, ਛੰਦਾਬੰਦੀ ਆਦਿ ਬਾਰੇ ਗੱਲ ਕਰਦਾ ਹੈ।

ਇਸ ਤੋਂ ਬਾਦ ਬਾਵਾ ਬਲਵੰਤ ਦੀ ਪੰਜਵੀਂ ਪੁਸਤਕ 'ਸੁਗੰਧ ਸਮੀਰ' (1958) ਦਾ ਉਸ ਦੇ ਮਿੱਤਰ ਅਮਰ ਸਿੰਘ ਦੁਆਰਾ ਲਿਖਿਤ 'ਮੁੱਖਬੰਧ' ਸਾਡੇ ਧਿਆਨ ਦਾ ਕੇਂਦਰ ਬਣਦਾ ਹੈ। ਇਸ ਮੁੱਖਬੰਧ ਵਿਚ ਅਮਰ ਸਿੰਘ ਸ਼ਾਸਤਰੀ-ਮਨੋਗਤੀ ਦੀ ਗੱਲ ਕਰਦਾ ਹੈ ਅਤੇ ਇਸੇ ਗੱਲ ਨੂੰ ਉਹ ਬਾਰ-ਬਾਰ ਦੁਹਰਾਉਂਦਾ ਹੈ। ਇਸ ਮੁੱਖਬੰਧ ਦੇ ਦੂਸਰੇ ਭਾਗ ਵਿਚ ਉਹ ਬਾਵਾ ਬਲਵੰਤ ਦੀ ਕਵਿਤਾ ਦੀ ਬਿੰਬਾਵਲੀ ਬਾਰੇ ਚਰਚਾ ਕਰਦਾ ਹੈ। ਉਹ ਬਾਵੇ ਦੀ ਇੰਦਰੀਵਤਾ ਅਤੇ ਚਿਤਰ-ਵਿਧੀ ਵੱਲ ਧਿਆਨ ਦੁਆਉਂਦਾ ਹੈ :—

1. "ਉਸ ਦੀ ਬਿੰਬਾਵਲੀ ਭਰਪੂਰ ਹੈ ਅਤੇ ਉਸ ਦੇ ਕਲਾ ਆਵੇਸ਼ ਸਮੇਂ ਉਸ ਦੀ ਪੂਰੀ ਇੰਦਰੀਵਤਾ (Sensory organism) ਸਰਗਰਮੀ ਨਾਲ ਸ਼ਬਦਾਂ ਦਾ ਰੂਪ ਧਾਰਨ ਕਰਦੀ ਚਲੀ ਜਾਂਦੀ ਹੈ।" (ਪੰਨਾ-20)
2. "...ਇਕ ਤਾਂ ਉਸ ਦੇ ਮਨੋਵਿਗਿਆਨਕ ਚਿਤਰ ਹਨ ਤੇ ਦੂਜੇ ਉਸ ਦੇ ਨਾਟਗੁਣੀ ਚਿਤਰ। ਪਹਿਲੀ ਭਾਂਤ ਦੇ ਚਿਤਰ ਆਪਣੇ ਦਰਸ਼ਨ ਰੂਪ ਵਿਚ ਕਵਿਤਾ ਦੇ ਪਾਤਰ ਦੀ ਮਾਨਸਕ ਦਸ਼ਾ ਨੂੰ ਪ੍ਰਗਟ ਕਰਦੇ ਹਨ ਅਤੇ ਦੂਜੀ ਭਾਂਤ ਦੇ ਚਿਤਰ ਇਕ ਤਰ੍ਹਾਂ ਦੇ ਨਾਟਕੀ ਮੌਕੇ ਦਾ ਦਰਸ਼ਨ ਕਰਾਉਂਦੇ ਹਨ।" (ਪੰਨਾ-20)

ਇਹੋ ਗੱਲਾਂ 'ਗੁਰਚਰਨ ਸਿੰਘ ਅਰਸ਼ੀ' ਨੇ ਆਪਣੀ ਪੁਸਤਕ 'ਬਾਵਾ ਬਲਵੰਤ ਦੀ ਕਾਵਿ ਕਲਾ' ਦੇ ਬਿੰਬਾਵਲੀ ਵਾਲੇ ਅਧਿਆਇ ਵਿਚ ਕੀਤੀਆਂ ਹਨ, ਬਿਨਾਂ ਕਿਸੇ ਹੋਰ ਫੇਰ ਜਾਂ ਤਬਦੀਲੀ ਦੇ, ਜਿਵੇਂ :

1. "...ਉਸ ਦੀ ਬਿੰਬਾਵਲੀ ਭਰਪੂਰ ਹੈ ਅਤੇ ਉਸ ਦੇ ਕਲਾ ਆਵੇਸ਼ ਸਮੇਂ ਉਸ ਦੀ ਪੂਰੀ ਇੰਦਰੀਵਤਾ ਸਰਗਰਮੀ ਨਾਲ ਸ਼ਬਦਾਂ ਦਾ ਰੂਪ ਧਾਰਨ ਕਰਦੀ ਚਲੀ ਜਾਂਦੀ ਹੈ।" (ਗੁਰਚਰਨ ਸਿੰਘ ਅਰਸ਼ੀ, ਬਾਵਾ ਬਲਵੰਤ ਦੀ ਕਾਵਿ ਕਲਾ)। (ਪੰਨਾ-106)

ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਕੇ ਪਤਾ ਚਲਦਾ ਹੈ ਕਿ ਬਾਵਾ ਬਲਵੰਤ ਦੀ ਕਵਿਤਾ ਬਾਰੇ ਹੁਣ ਤਕ ਪ੍ਰਾਪਤ ਆਲੋਚਨਾ ਵਿਚ ਦੁਹਰਾਓ ਜ਼ਿਆਦਾ ਹੈ। ਕੁਝ ਕੁ ਤਥਾਂ ਦੇ ਆਧਾਰ ਤੇ ਹੀ ਆਲੋਚਨਾ ਕੀਤੀ ਗਈ ਹੈ। ਕਿਸੇ ਦੁਆਰਾ ਉਸ ਨੂੰ ਛਾਇਆਵਾਦ ਨਾਲ ਸਬੰਧਿਤ ਕਰਨਾ, ਕਿਸੇ ਦਾ ਉਸ ਨੂੰ ਰਹੱਸਵਾਦ ਨਾਲ ਸਬੰਧਿਤ ਕਰਨਾ ਅਤੇ ਕਿਸੇ ਦਾ ਉਸ ਨੂੰ ਇਨ੍ਹਾਂ ਦੋਹਾਂ ਨਾਲ ਸਬੰਧਿਤ ਕਰਨ ਦਾ ਕਾਰਣ ਇਹ ਸੀ ਕਿ ਉਸ ਵਕਤ ਜਦੋਂ ਆਲੋਚਨਾ ਕੀਤੀ ਜਾ ਰਹੀ ਸੀ ਉਦੋਂ ਹਿੰਦੀ ਕਵਿਤਾ ਦੀ ਆਲੋਚਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪੰਤ ਦੇ ਛਾਇਆਵਾਦ ਦਾ ਚਰਚਾ ਹੋ ਰਿਹਾ ਸੀ ਅਤੇ ਪੰਜਾਬੀ ਕਵਿਤਾ ਵਿਚ ਭਾਈ ਵੀਰ ਸਿੰਘ ਦੇ ਰਹੱਸਵਾਦ ਦਾ ਜ਼ਿਕਰ ਹੋ ਰਿਹਾ ਸੀ । ਇਹ ਕਵੀ ਇਸੇ ਆਲੋਚਨਾ ਤੋਂ ਪ੍ਰਭਾਵਿਤ ਹੋਏ ਅਤੇ ਬਾਵੇ ਦੀ ਕਵਿਤਾ ਨੂੰ ਵੀ ਇਸੇ ਨਾਲ ਸਬੰਧਿਤ ਕੀਤਾ । ਇਨ੍ਹਾਂ ਆਲੋਚਕਾਂ ਦੀ ਆਲੋਚਨਾ ਦਾ ਮਿਆਰ ਸਹੀ ਤੌਰ ਤੇ ਬਾਵੇ ਦੀ ਕਵਿਤਾ ਬਾਰੇ ਨਹੀਂ ਸੀ । ਇਸੇ ਲਈ ਇਨ੍ਹਾਂ ਆਲੋਚਕਾਂ ਦੀ ਆਲੋਚਨਾ ਹਿੰਦੀ ਦੇ ਛਾਇਆਵਾਦ ਅਤੇ ਪੰਜਾਬੀ ਦੇ ਰਹੱਸਵਾਦ ਤਕ ਹੀ ਸੀਮਿਤ ਰਹੀ ਹੈ ਜਾਂ ਫਿਰ ਇਹ ਇਸ ਗੱਲ ਵਿਚ ਹੀ ਉਲਝੇ ਰਹੇ ਕਿ ਬਾਵਾ ਬਲਵੰਤ ਦੀ ਕਵਿਤਾ ਉਤੇ ਕਿਸ ਭਾਸ਼ਾ ਜਾਂ ਕਿਸ ਕਵੀ ਦਾ ਪ੍ਰਭਾਵ ਹੈ । ਕਿਸੇ ਨੇ ਬਾਵੇ ਦੀ ਕਵਿਤਾ ਨੂੰ ਸਿਰਫ਼ ਹਿੰਦੀ ਅਤੇ ਉਰਦੂ ਨਾਲ ਸਬੰਧਿਤ ਕੀਤਾ, ਕਿਸੇ ਨੇ ਸਿਰਫ਼ ਉਰਦੂ ਨਾਲ ਸਬੰਧਿਤ ਕੀਤਾ ਅਤੇ ਕਿਸੇ ਨੇ ਉਸ ਨੂੰ ਤਿੰਨਾਂ ਭਾਸ਼ਾਵਾਂ ਭਾਵ ਹਿੰਦੀ, ਉਰਦੂ, ਸੰਸਕ੍ਰਿਤ ਨਾਲ ਸਬੰਧਿਤ ਕੀਤਾ ਹੈ । ਸਾਡੇ 'ਪੰਜਾਬੀ ਸਾਹਿਤ ਦੇ ਇਤਿਹਾਸ' ਵੀ ਇਸੇ ਬਿਰਤੀ ਦੇ ਸ਼ਿਕਾਰ ਹਨ । ਇਨ੍ਹਾਂ ਵਿਚੋਂ ਕੁਝ ਕੁ ਮਿਸਾਲਾਂ ਇਸ ਪ੍ਰਕਾਰ ਹਨ :—

1. "ਬਾਵਾ ਬਲਵੰਤ (1905) ਦੇ 'ਮਹਾਂਨਾਚ', 'ਅਮਰਗੀਤ', ਤੇ 'ਜੁਆਲਾਮੁਖੀ' ਨੇ ਉਹਨੂੰ ਇਕ ਡੂੰਘੇ ਤੇ ਛਾਇਆਵਾਦੀ ਕਵੀ ਦੀ ਹੈਸੀਅਤ ਵਿਚ ਪ੍ਰਗਟ ਕੀਤਾ ਹੈ । ਉਹ ਇਕ ਇਨਕਲਾਬੀ ਕਵੀ ਹੈ ਅਤੇ ਇਹ ਇਨਕਲਾਬ ਉਹ ਰਾਜਸੀ, ਸਮਾਜਕ, ਧਾਰਮਕ, ਸਾਹਿਤਕ ਆਦਿ ਸਾਰਿਆਂ ਪਾਸਿਆਂ ਲਈ ਚਾਹੁੰਦਾ ਹੈ ! ਉਹਦਾ ਰੁਮਾਂਸ ਉਹਦਾ ਛਾਇਆਵਾਦ, ਵਲਵਲੇ ਦੀ ਤੀਖਣਤਾ ਤੇ ਇਨਕਲਾਬ ਥਾਣੀ ਪ੍ਰਗਟਾਇਆ ਹੈ । ਉਸਦੀ ਕਵਿਤਾ ਤੇ ਉਰਦੂ ਕਾਵਿ ਦਾ ਕਾਫ਼ੀ ਅਸਰ ਹੈ । ਉਹਦੀ ਕਵਿਤਾ ਦੀ ਇਕ ਧਿਰ ਪ੍ਰੋ: ਮੋਹਨ ਸਿੰਘ ਦੀ ਕਵਿਤਾ ਦੇ ਨੇੜੇ ਪੁਜਦੀ ਹੈ ਤੇ ਦੂਜੀ ਧਿਰ ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਦੇ ।"[4]
2. "ਆਪ ਦੀ ਕਵਿਤਾ ਉਤੇ ਛਾਇਆਵਾਦ ਦੀ ਰੰਗਤ ਬੜੀ ਡੂੰਘੀ ਹੈ ਤੇ ਸ਼ੈਲੀ ਦੇ ਦ੍ਰਿਸ਼ਟੀਕੋਣ ਤੋਂ ਆਪ 'ਇਕਬਾਲ', 'ਜੋਸ਼' ਆਦਿ ਉਰਦੂ ਤੋਂ ਬੜੇ ਪ੍ਰਭਾਵਿਤ ਹੋਏ ਹਨ...।"[5]
3. "ਬਾਵਾ ਬਲਵੰਤ ਅਗਰਗਾਮੀ ਤੇ ਕ੍ਰਾਂਤੀਕਾਰੀ ਆਸ਼ਿਆਂ ਵਾਲਾ ਕਵੀ ਹੈ । ਉਸ ਦੀ ਕਵਿਤਾ ਨੇ ਇਕ ਸੇਧ ਵਿਚ ਵਿਕਾਸ ਕੀਤਾ ਹੈ । ਹਿੰਦੀ ਤੇ ਉਰਦੂ ਕਵਿਤਾ ਦੇ ਪ੍ਰਭਾਵ ਉਸ ਦੀ ਰਚਨਾ ਵਿਚ ਘੁਲ ਮਿਲ ਗਏ ਹਨ...।"
4. "...ਉਨ੍ਹਾਂ ਪੰਜਾਬੀ ਕਵਿਤਾ ਵਿਚ ਉਰਦੂ ਰੰਗਣ ਲਿਆਂਦੀ । ਇਸ ਕਾਰਣ ਉਸ ਦੀ ਲਿਖਤ ਵਿਚ ਰੂਪਕੀ ਪਕਿਆਈ ਬਹੁਤ ਹੈ । ਉਸ ਨੇ ਉਰਦੂ ਫ਼ਾਰਸੀ ਦੀਆਂ ਬਹਿਰਾਂ ਨੂੰ ਸਫ਼ਲਤਾ ਸਹਿਤ ਨਿਭਾਇਆ ਹੈ...।"[7]

ਇਸ ਤਰ੍ਹਾਂ ਸਾਡੇ ਸਾਹਿਤ ਦੇ ਇਤਿਹਾਸ ਵੀ ਉਸੇ ਦੁਹਰਾਓ ਬਿਰਤੀ ਦੇ ਸ਼ਿਕਾਰ ਹਨ । ਇਸੇ ਲਈ ਅਸੀਂ ਪੰਜਾਬੀ ਸਾਹਿਤ ਦੇ ਹੋਰ ਇਤਿਹਾਸਾਂ ਦੇ ਵਿਸਥਾਰ ਵਿਚ ਨਹੀਂ ਜਾ ਰਹੇ । ਕੇਵਲ ਸੰਕੇਤ ਕਰਕੇ ਅੱਗੇ ਤੁਰਦੇ ਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ ਦੀ ਕਵਿਤਾ ਸਬੰਧੀ ਜਿੰਨੀ ਵੀ ਆਲੋਚਨਾ ਹੁਣ ਤਕ ਸਾਹਮਣੇ ਆਈ ਹੈ ਇਹ ਉਨਾਂ ਬਾਵਾ ਬਲਵੰਤ ਦੀ ਕਵਿਤਾ ਦੀ ਟੈਕਸਟ ਜਾਂ ਪਾਠ ਵਿਚ ਦਾਖਿਲ ਨਹੀਂ ਹੁੰਦੀ ਜਿੰਨੀ ਬਾਵੇ ਦੇ ਜੀਵਨ ਬਾਰੇ ਪ੍ਰਭਾਵ ਜਾਂ ਪ੍ਰਗਤੀਵਾਦ, ਬੌਧਿਕਤਾ, ਛਾਇਆਵਾਦ ਬਾਰੇ ਕੁਝ ਬਣੇ ਬਣਾਏ ਵਿਚਾਰਾਂ ਨੂੰ ਬਾਵੇ ਦੀ ਕਵਿਤਾ ਤੇ ਲਾਗੂ ਕਰਨ ਦਾ ਜਤਨ ਕਰਦੀ ਹੈ। ਜੋ ਸਰੂਪ ਬਾਵੇ ਦੀ ਕਵਿਤਾ ਵਿਚ ਉਘੜਦਾ ਹੈ ਉਹ ਇਸ ਆਲੋਚਨਾ ਵਿਚ ਸਾਹਮਣੇ ਨਹੀਂ ਆਉਂਦਾ। ਡਾ: ਸਤਿੰਦਰ ਸਿੰਘ ਨੇ ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਾਵਿਰੂਪ-ਅਧਿਐਨ' ਵਿਚ ਬਾਵਾ ਬਲਵੰਤ ਦੀਆਂ ਕੁਝ ਕਵਿਤਾਵਾਂ ਦੀਆਂ ਵਿਧੀਆਂ, ਪ੍ਰਗੀਤਕ ਤੱਤਾਂ ਆਦਿ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ ਪਰ ਉਸ ਦਾ ਸੰਬੰਧ ਵੀ ਪੂਰੀ ਵਿਹਾਰਕ ਸਮੀਖਿਆ ਨਾਲ ਨਹੀਂ। ਅਸੀਂ ਬਾਵਾ ਬਲਵੰਤ ਦੀ ਕਵਿਤਾ ਦੇ ਪਾਠਗਤ ਅਧਿਅਨ ਤੋਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਉਸ ਦਾ ਪ੍ਰਗਤੀਵਾਦੀ ਮੁਹਾਂਦਰਾ ਵੀ ਹੋਰ ਕਵੀਆਂ ਤੋਂ ਬਿਲਕੁਲ ਵੱਖਰਾ ਹੈ ਅਤੇ ਇਸ ਵਖਰਤਾ ਬਾਰੇ ਢੁੱਕਦਾ ਚਰਚਾ ਨਹੀਂ ਕੀਤਾ ਗਿਆ।

ਨੋਟ ਅਤੇ ਹਵਾਲੇ

1. ਡਾ. ਕੁਲਬੀਰ ਸਿੰਘ ਕਾਂਗ ਦਾ ਬਾਵਾ ਬਲਵੰਤ ਦੀ ਕਵਿਤਾ ਸਬੰਧੀ ਇਕ ਨਿਬੰਧ 'ਆਧੁਨਿਕ ਕਲਾਸਿਕੀ ਕਵੀ ਬਾਵਾ ਬਲਵੰਤ' ਪੰਜਾਬੀ ਅਕਾਦਮੀ ਦਿੱਲੀ ਦੀ ਪਤ੍ਰਿਕਾ'ਸਮਦਰਸ਼ੀ'1986(3) ਦੇ ਪੰਨਾ 69 ਤੇ ਵੀ ਪ੍ਰਕਾਸ਼ਿਤ ਹੋਇਆ ਜਿਸ ਵਿਚ ਉਸ ਨੇ ਬਾਵਾ ਬਲਵੰਤ ਨੂੰ ਆਧੁਨਿਕਤਾ ਅਤੇ ਕਲਾਸੀਮਿਜ਼ਿਮ ਦਾ ਸੁਮੇਲ ਆਖਿਆ ਹੈ। ਉਂਜ ਇਸ ਨਿਬੰਧ ਵਿਚ ਡਾ. ਕਾਂਗ ਦੀਆਂ ਗਲਾਂ ਪੁਰਾਣੀਆਂ ਹੀ ਹਨ। ਡਾ. ਕਾਂਗ ਨੇ ਆਪਣੀ ਪੁਸਤਕ 'ਸਾਹਿਤਯ ਚਿੰਤਨ' ਵਿਚ ਵੀ 'ਬਾਵਾ ਬਲਵੰਤ ਦੇ ਕਲਾਂ ਪਿਆਰ' ਅਤੇ 'ਮਿਥਿਹਾਸ ਪਰੰਪਰਾ ਅਤੇ ਬਾਵਾ ਬਲਵੰਤ' ਦੋ ਨਿਬੰਧ ਲਿਖੇ ਹਨ। ਪਰ ਉਹ ਗਲਾਂ ਉਸ ਵਲੋਂ ਕੀਤੇ ਗਏ ਬਾਕੀ ਚਰਚਾ ਵਿਚ ਵੀ ਸ਼ਾਮਿਲ ਹਨ।
2. ਡਾ. ਪ੍ਰੀਤਮ ਸੈਨੀ, ਬਾਵਾ ਬਲਵੰਤ ਦੀ ਕਾਵਿ ਕਲਾ, 1984
3. ਕਿਰਪਾਲ ਸਿੰਘ ਕਸੇਲ ਨੇ ਬਾਵਾ ਬਲਵੰਤ ਬਾਰੇ ਇਸੇ ਨਿਬੰਧ ਦੀਆਂ ਗੱਲਾਂ ਨੂੰ ਬਾਵਾ ਬਲਵੰਤ ਦੀ ਕਵਿਤਾ ਦੇ ਚੋਣਵੇਂ ਕਾਵਿ ਸੰਗ੍ਰਹਿ'ਕਾਵਿ ਸਾਗਰ'ਦਾ ਮੁੱਖ ਬੰਧ ਲਿਖਦਿਆਂ 1982 ਵਿਚ ਦੁਹਰਾਇਆ ਹੈ।
4. ਕੋਹਲੀ ਸੁਰਿੰਦਰ ਸਿੰਘ, 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ-58.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਨਰੂਲਾ ਸੁਰਿੰਦਰ ਸਿੰਘ, 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ-270.
6. ਕਸੇਲ ਕਿਰਪਾਲ ਸਿੰਘ,'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਪੰਨਾ-614.
7. ਪਿਆਰ ਸਿੰਘ, 'ਸਾਹਿਤ ਪਰਿਚਯ ਲੇਖ : ਦੂਜੀ ਪੀੜ੍ਹੀ ਦੇ ਪ੍ਰਮੁੱਖ ਕਵੀ' ਪੰਨਾ 79-80.
8. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ-ਅਧਿਐਨ, ਪੰਨੇ 135-137, 193-195, 196-209.

Forwarded with compliments from
the Department of Education,
Govt. of India

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ 6

ਨਿਸ਼ਕਰਸ਼

ਬਾਵਾ ਬਲਵੰਤ ਦੀ ਕਵਿਤਾ ਦਾ ਅਧਿਅਨ ਕਰਦਿਆਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਬਾਵਾ ਬਲਵੰਤ ਦੀ ਕਵਿਤਾ ਨੂੰ ਪੰਜਾਬੀ ਆਲੋਚਕਾਂ ਨੇ ਠੀਕ ਪਰਿਪੇਖ ਵਿਚ ਨਹੀਂ ਵਿਚਾਰਿਆ। ਅਸਲ ਵਿਚ ਉਸ ਦੀ ਕਵਿਤਾ ਦਾ ਅਧਿਅਨ ਕਰਨ ਲਈ ਢੁਕਦਾ ਪਰਿਪੇਖ ਬਣਾਉਣ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸੇ ਕਾਰਣ ਵਧੇਰੇ ਆਲੋਚਨਾ ਕੁਝ ਕੁ ਗੱਲਾਂ ਦੇ ਆਲੇ ਦੁਆਲੇ ਹੀ ਨਿਸ਼ਚਿਤ ਹੋ ਗਈ। ਪ੍ਰਸੰਸਨੀ ਰਹੀ ਜਾਂ ਤਾਂ ਬਾਵਾ ਬਲਵੰਤ ਦੀ ਇਕ ਸਰੇਸ਼ਠ ਪ੍ਰਗਤੀਵਾਦੀ ਕਵੀ ਦੇ ਤੌਰ ਤੇ ਮਿਥ ਸਥਾਪਿਤ ਹੋ ਗਈ ਅਤੇ ਜਾਂ ਬਾਵਾ ਬਲਵੰਤ ਨੂੰ ਉਸ ਦੇ ਸਮਕਾਲੀ ਅਤੇ ਅਗਲੇਰੇ ਕੁਝ ਕਵੀਆਂ ਨੇ ਨਿਕਾਰਨ ਦਾ ਯਤਨ ਕੀਤਾ ਕਿਉਂਕਿ ਉਸ ਦੀ ਕਵਿਤਾ ਨੂੰ ਹੋਰ ਬਹੁਤ ਘੱਟ ਕਵੀਆਂ ਨੇ ਆਪਣਾ ਮਾਡਲ ਬਣਾਇਆ ਹੈ। ਬਾਵਾ ਬਲਵੰਤ ਨੇ ਆਪਣੀ ਕਵਿਤਾ ਉਰਦੂ ਭਾਸ਼ਾ ਤੋਂ ਸ਼ੁਰੂ ਕੀਤੀ ਸੀ। ਉਸ ਦੀ ਇਹ ਕਵਿਤਾ ਭਾਰਤ ਦੀ ਆਜ਼ਾਦੀ ਲਹਿਰ ਜਾਂ ਰਾਸ਼ਟਰਵਾਦ ਨਾਲ ਸੰਬੰਧਿਤ ਸੀ। ਉਰਦੂ ਵਿਚ ਉਸ ਸਮੇਂ ਡਾ: ਇਕਬਾਲ ਨੇ ਪੰਜਾਬ ਵਿਚ ਸਭ ਤੋਂ ਵਧ ਧਾਂਕ ਜਮਾਈ ਸੀ। ਇਸ ਲਈ ਬਾਵਾ ਬਲਵੰਤ ਨੇ ਡਾ: ਇਕਬਾਲ ਨੂੰ ਆਪਣੀ ਕਵਿਤਾ ਦਾ ਮਾਡਲ ਬਣਾਇਆ। ਬਹੁਤ ਥਾਂ ਤੇ ਉਸ ਨੇ ਉਸ ਦੇ ਵਿਚਾਰਾਂ ਤੋਂ ਪ੍ਰਭਾਵ ਹੀ ਨਾ ਗ੍ਰਹਿਣ ਕੀਤਾ ਸਗੋਂ ਉਸ ਦੇ ਛੰਦਾਂ ਜਾਂ ਬਹਿਰ ਵਜ਼ਨ ਨੂੰ ਵੀ ਅਪਣਾਇਆ। ਇਸੇ ਲਈ ਅਧਿਆਇ ਚੌਥਾ ਵਿਚ ਬਾਵਾ ਬਲਵੰਤ ਦੀ ਕਵਿਤਾ ਦੀ ਛੰਦ ਵਿਧੀ ਤੇ ਵਿਚਾਰ ਕਰਦਿਆਂ ਇਸ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ। ਬਾਵਾ ਬਲਵੰਤ ਨੇ ਕੇਵਲ ਡਾ: ਇਕਬਾਲ ਹੀ ਨਹੀਂ ਸਗੋਂ ਅਰਬੀ ਫ਼ਾਰਸੀ ਦੇ ਹੋਰ ਛੰਦਾਂ ਦੇ ਆਧਾਰ ਤੇ ਕੁਝ ਇਕ ਕਵਿਤਾਵਾਂ ਲਿਖੀਆਂ। ਇਉਂ ਆਰੰਭ ਤੋਂ ਅੰਤ ਤੱਕ ਉਸ ਨੇ ਅਰਬੀ ਫ਼ਾਰਸੀ ਅਤੇ ਉਰਦੂ ਦੀ ਕਵਿਤਾ ਤੋਂ ਪ੍ਰਭਾਵ ਗ੍ਰਹਿਣ ਕੀਤਾ। ਪ੍ਰਗਤੀਵਾਦੀ ਲਹਿਰ ਦੇ ਆਰੰਭ ਹੋਣ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਰਦੂ ਦੇ ਹੋਰ ਕਵੀ ਜਾਂ ਹਿੰਦੀ ਦੇ ਕਵੀਆਂ ਵਿਚੋਂ ਵਿਸ਼ੇਸ਼ ਤੌਰ ਤੇ 'ਸੂਰਯਕਾਂਤ ਤ੍ਰਿਪਾਠੀ ਨਿਰਾਲਾ' ਉਸ ਦੇ ਧਿਆਨ ਦਾ ਕੇਂਦਰ ਬਣੇ। ਸੂਰਯਕਾਂਤ ਤ੍ਰਿਪਾਠੀ ਨਿਰਾਲਾ ਨੇ ਬਾਵਾ ਬਲਵੰਤ ਦੀ ਕਾਵਿ ਭਾਸ਼ਾ ਅਤੇ ਬਿੰਬ ਸਿਰਜਣ ਦੀ ਵਿਧੀ ਨੂੰ ਵੀ ਪ੍ਰਭਾਵਿਤ ਕੀਤਾ। ਇਸ ਨੂੰ ਅਸੀਂ ਪਿਛੇ ਵਿਚ ਸੰਕੇਤ ਕਰਨ ਦਾ ਯਤਨ ਕੀਤਾ।

ਬਾਵਾ ਬਲਵੰਤ ਦੀਆਂ ਕਵਿਤਾਵਾਂ ਦਾ ਪਾਠਗਤ ਅਧਿਅਨ ਕਰਨ ਬਾਦ ਅਸੀਂ ਇਸ ਨਿਸ਼ਕਰਸ਼ ਤੇ ਪਹੁੰਚੇ ਹਾਂ ਕਿ ਬਾਵਾ ਬਲਵੰਤ ਬਹੁਤ ਕਵਿਤਾਵਾਂ ਵਿਚ ਇਕ ਨਿਸ਼ਚੇਵਾਦੀ ਵਿਧੀ ਨੂੰ ਅਪਣਾਉਂਦਾ ਹੈ। ਅੰਤ ਤੇ ਉਹ ਇਕ ਆਦਰਸ਼-ਵਿਚਾਰ ਤੇ ਪਹੁੰਚਣ ਦਾ ਯਤਨ ਕਰਦਾ ਹੈ ਅਤੇ ਇਸ ਵਿਚਾਰ ਦਾ ਪਿਛੋਕੜ ਉਸ ਦੀ ਕਵਿਤਾ ਦਾ ਉਹ ਪ੍ਰਗਤੀਵਾਦੀ ਪੱਖ ਹੈ ਜਿਸ ਬਾਰੇ ਸਭ ਤੋਂ ਵੱਧ ਉਸ ਦੀ ਕਵਿਤਾ ਦੀ ਮਿਥ ਸਥਾਪਿਤ ਹੋਈ। ਮੈਂ ਉਸ ਦੀ ਇਸ ਸਥਾਪਿਤ ਮਿਥ ਦਾ ਪੂਰਾ ਵਿਸ਼ਲੇਸ਼ਣ ਕੀਤਾ ਹੈ ਅਤੇ ਇਸ ਨਿਸ਼ਕਰਸ਼ ਤੇ ਪਹੁੰਚੇ ਹਾਂ ਕਿ ਉਹ ਨਾ ਹੀ ਉਸ ਤਰ੍ਹਾਂ ਪੂਰਨ ਰੂਪ ਵਿਚ ਇਕ ਪ੍ਰਗਤੀਵਾਦੀ ਕਵੀ ਹੈ ਜਿਸ ਰੂਪ ਵਿਚ ਮਾਰਕਸਵਾਦ ਨਾਲ ਪ੍ਰਤੀਬੱਧ ਹੋ ਕੇ ਦੂਜੇ ਕਵੀ ਸਿੱਧ ਹੁੰਦੇ ਹਨ ਅਤੇ ਨਾ ਹੀ ਉਹ ਆਪਣੇ ਹੋਰ ਸਮਕਾਲੀ ਕਵੀਆਂ ਵਾਂਗ ਰੋਮਾਂਟਿਕ-ਪ੍ਰਗਤੀਵਾਦੀ ਕਵੀ ਹੈ ਸਗੋਂ ਇਸ ਗੱਲ ਨੂੰ ਸਵੀਕਾਰ ਕਰਦੇ ਹਾਂ ਕਿ ਉਹ ਇਕ ਪ੍ਰਗਤੀਵਾਦੀ ਕਵੀ ਹੈ। ਅਸੀਂ ਇਹ ਦੇਖਿਆ ਹੈ ਕਿ ਉਸ ਦੀ ਕਵਿਤਾ ਇਸ ਪੱਖ ਤੋਂ ਕਾਫ਼ੀ ਵਿਚਾਰਾਂ ਅਤੇ ਦ੍ਰਿਸ਼ਟੀਆਂ ਦਾ ਮਿਸ਼ਰਣ ਹੈ ਅਤੇ ਇਸ ਪੱਖ ਤੋਂ ਉਸ ਦੀ ਕਵਿਤਾ ਵਿਚ ਕਈ ਤਰ੍ਹਾਂ ਦੇ ਪਰੀਵਰਤਨ ਵੀ ਆਉਂਦੇ ਰਹੇ ਹਨ। ਇਨ੍ਹਾਂ ਪਰੀਵਰਤਨਾਂ ਦਾ ਇਕ ਇਤਿਹਾਸਕ ਪਿਛੋਕੜ ਵੀ ਹੈ। ਪੰਜਾਬੀ ਵਿੱਚ ਜਦੋਂ ਪ੍ਰਗਤੀਵਾਦੀ ਲਹਿਰ ਸਾਹਮਣੇ ਆਈ ਉਦੋਂ ਅਸੀਂ ਆਜ਼ਾਦੀ ਦੇ ਸੰਘਰਸ਼ ਵਿਚੋਂ ਲੰਘ ਰਹੇ ਸੀ ਇਸ ਲਈ ਰਾਸ਼ਟਰਵਾਦ ਦਾ ਮਸਲਾ ਸਾਡੇ ਸਾਹਮਣੇ ਸੀ। ਰੂਸੀ ਕ੍ਰਾਂਤੀ ਤੋਂ ਪਿਛੋਂ ਮਾਰਕਸਵਾਦੀ ਖੇਤਰ ਵਿਚ ਰਾਸ਼ਟਰਵਾਦ ਅਤੇ ਅੰਤਰਰਾਸ਼ਟਰਵਾਦ ਬਾਰੇ ਇਕ ਵਾਦ-ਵਿਵਾਦ ਸੀ। ਵਿਸ਼ੇਸ਼ ਤੌਰ ਤੇ ਟ੍ਰਾਟਸਕੀ ਦੇ ਸਾਹਮਣੇ ਆਉਣ ਨਾਲ ਰਾਸ਼ਟਰਵਾਦ ਦਾ ਵਿਰੋਧ ਹੋਇਆ। ਜਿਥੇ ਬਾਕੀ ਪ੍ਰਗਤੀਵਾਦੀ ਪੰਜਾਬੀ ਕਵੀ ਟ੍ਰਾਟਸਕੀਵਾਦ ਤੋਂ ਪਰ੍ਹਾਂ ਰਹੇ ਅਤੇ ਰੂਸੀ ਨੇਤਾਵਾਂ ਦੀ ਲਾਈਨ ਦੇ ਨਾਲ ਤੁਰੇ ਉਥੇ ਬਾਵਾ ਬਲਵੰਤ ਮਾਰਕਸਵਾਦ ਨੂੰ ਸਵੀਕਾਰ ਕਰਦਿਆਂ ਵੀ ਟ੍ਰਾਟਸਕੀਵਾਦੀ ਆਵਾਜ਼ ਵਿਚ ਬੋਲਿਆ ਤੇ ਉਸ ਨੇ ਆਪਣੀ ਕਵਿਤਾ ਵਿਚ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦਾ ਵਿਰੋਧ ਕੀਤਾ। ਪਰ ਇਸ ਦੇ ਨਾਲ-ਨਾਲ ਉਸ ਨੇ ਭਾਰਤ ਦੀ ਆਜ਼ਾਦੀ ਦੀ ਹਿਮਾਇਤ ਵੀ ਕੀਤੀ। ਬਾਦ ਵਿਚ ਉਹ ਫਿਰ ਰਾਸ਼ਟਰਵਾਦ ਵੱਲ ਮੁੜਦਾ ਹੈ। ਭਾਰਤੀ ਪੌਰਾਣ, ਭਾਰਤ ਦੇ ਸਭਿਆਚਾਰਕ ਗੌਰਵ, ਇਤਿਹਾਸਕ ਇਮਾਰਤਾਂ ਆਦਿ ਬਾਰੇ ਕਾਵਿ ਸਿਰਜਣ ਕਰਦਾ ਹੈ। ਇਸ ਦਾ ਪਿਛੋਕੜ ਤੇ ਸ਼ਾਇਦ ਇਤਿਹਾਸਕ ਕਾਰਣ ਇਹ ਵੀ ਸੀ ਕਿ ਰੂਸ ਵਿਚ ਵੀ 1940 ਤੋਂ ਪਿਛੋਂ ਰਾਸ਼ਟਰਵਾਦ ਦਾ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਵਿਚ ਵਿਰੋਧ ਨ ਰਿਹਾ। ਇਉਂ ਬਾਵਾ ਬਲਵੰਤ ਦੀ ਕਵਿਤਾ ਇਸ ਪਿਛੋਕੜ ਤੋਂ ਅਗੇਰੇ ਵਧਦੀ ਹੈ ਅਤੇ ਅੰਤ ਤਕ ਪਹੁੰਚਦਿਆਂ ਉਹ ਆਪਣੇ ਇਸ ਮਿਸ਼ਰਣ ਸਦਕਾ ਨਿਰੋਲ ਟ੍ਰਾਟਸਕੀਵਾਦੀ ਮਾਰਕਸਵਾਦੀ ਕਵੀ ਦੀ ਥਾਂ ਤੇ ਇਕ ਮਾਨਵਵਾਦੀ ਕਵੀ ਬਣਦਾ ਹੈ। ਅਖ਼ੀਰ ਤੇ ਉਹ ਉਸ ਮਾਨਵਵਾਦ ਦੀ ਆਦਰਸ਼ਵਾਦੀ ਭਾਸ਼ਾ ਵਿੱਚ ਗੱਲ ਕਰਨ ਲਗਦਾ ਹੈ।

ਬਾਵਾ ਬਲਵੰਤ ਦੀ ਕਵਿਤਾ ਵਿਚਲੇ ਜਿਸ ਮਿਸ਼ਰਣ ਦੇ ਨਿਸ਼ਕਰਸ਼ ਤੇ ਅਸੀਂ ਪਹੁੰਚੇ ਹਾਂ ਉਸ ਵਿਚ ਕਈ ਹੋਰ ਚਿੰਤਨ ਵੀ ਪਏ ਹਨ। ਆਰੰਭ ਵਿਚ ਹੀ ਉਸ ਨੇ ਗੌਤਮ ਅਤੇ ਰੂਸੋ ਦੇ ਪ੍ਰਭਾਵਾਂ ਵੱਲ ਆਪ ਹੀ ਸੰਕੇਤ ਕੀਤਾ ਸੀ। ਰੂਸੋ ਦੇ ਪ੍ਰਭਾਵ ਨੂੰ ਕੁਝ ਕੁ ਅਸੀਂ ਵੀ ਸੰਕੇਤਿਆ ਹੈ। ਮੈਂ ਇਕ ਹੋਰ ਗੱਲ ਕਰਕੇ ਵੀ ਬਾਵਾ ਬਲਵੰਤ ਨੂੰ ਦੂਸਰੇ ਪ੍ਰਗਤੀਵਾਦੀ ਕਵੀਆਂ ਤੋਂ ਵਖਰਿਆਇਆ ਹੈ ਅਤੇ ਉਹ ਹੈ ਉਸ ਦੇ ਮਿਸ਼ਰਿਤ ਪ੍ਰਗਤੀਵਾਦ ਦਾ ਵਿਸ਼ੇਸ਼ ਸੁਭਾ ਜਿਸ ਨੂੰ ਅਸੀਂ ਛਾਇਆਵਾਦੀ-ਪ੍ਰਗਤੀਵਾਦ ਦਾ ਨਾਂ ਦਿੱਤਾ ਹੈ। ਬਾਵਾ ਬਲਵੰਤ ਛਾਇਆਵਾਦੀ ਕਵੀਆਂ ਵਾਂਗ ਇਕ ਰਹੱਸਮਈਤਾ ਦੀ ਧੁੰਦ ਆਪਣੀ ਕਵਿਤਾ ਵਿਚ ਪੈਦਾ ਕਰਦਾ ਹੈ। ਉਸੇ ਵਿਚੋਂ ਉਸ ਦੀ ਕਵਿਤਾ ਦੀ ਬੋਧਿਕਤਾ ਪੈਦਾ ਹੁੰਦੀ ਹੈ। ਕਈ ਵਾਰ ਅਜਿਹੀ ਕਵਿਤਾ ਜਟਿਲ ਸੰਚਾਰ ਨਾਲ ਸੰਬੰਧਿਤ ਹੋ ਜਾਂਦੀ ਹੈ ਜਿਵੇਂ ਉਸਦੀਆਂ ਪ੍ਰਸਿੱਧ ਕਵਿਤਾਵਾਂ ਬੰਦਰਗਾਹ, ਜਹਾਜ਼ਰਾਨ, ਸਦਰ ਦਰਵਾਜ਼ਾ। ਇਸੇ ਕਾਰਣ ਇਹ ਕਵਿਤਾਵਾਂ ਬਿੰਬਾਂ ਦੇ ਢੇਰ ਵਿਚ ਗੁਆਚੀਆਂ ਨਜ਼ਰ ਆਉਂਦੀਆਂ ਹਨ। ਬਾਵਾ ਬਲਵੰਤ ਅਜਿਹੀਆਂ ਕਵਿਤਾਵਾਂ ਵਿਚ ਇਕ ਅਜਿਹਾ ਕਲਪਿਤ ਸੰਸਾਰ ਬਣਾਉਣ ਲਗਦਾ ਹੈ ਜਿਨ੍ਹਾਂ ਦੇ ਮੂਲ ਵਿਚ ਧਾਰਮਿਕ ਕਿਸਮ ਦੇ ਪ੍ਰੇਰਣਾ ਦੇ ਸਰੋਤ ਵੀ ਪਏ ਹੁੰਦੇ ਹਨ ਅਤੇ ਉਹ ਇਕ ਫੈਂਤਾਸੀ ਦੇ ਸੰਸਾਰ ਦੀ ਸਿਰਜਣਾ ਵੀ ਕਰਨਾ ਚਾਹੁੰਦਾ ਹੈ। ਕਵਿਤਾ ਦੀ ਅਜਿਹੀ ਸ਼ੈਲੀ ਹਿੰਦੀ ਦੀ ਛਾਇਆਵਾਦੀ ਕਵਿਤਾ ਵਿਚ ਆਮ ਰਹੀ ਹੈ। ਭਾਰਤੀ ਪ੍ਰਗਤੀਵਾਦ ਬਾਰੇ ਡਾ. ਨਾਮਵਰ ਸਿੰਘ ਤੇ ਹੋਰ ਵਿਦਵਾਨਾਂ ਦਾ ਵਿਚਾਰ ਇਹ ਹੈ ਕਿ ਇਹ ਕਵਿਤਾ ਛਾਇਆਵਾਦ ਦੇ ਗਰਭ 'ਚੋਂ ਜਨਮੀ ਹੈ ਅਤੇ ਬਾਵਾ ਬਲਵੰਤ ਦੀ ਕਵਿਤਾ ਨੂੰ ਅਸੀਂ ਇਸੇ ਲਈ ਉਸ ਬਿੰਦੂ ਤੇ ਸਥਿਤ ਕੀਤਾ ਹੈ।

ਬਾਵਾ ਬਲਵੰਤ ਆਪਣੀਆਂ ਜਿਨ੍ਹਾਂ ਕਵਿਤਾਵਾਂ ਵਿਚ ਕਵਿਤਾ ਬਾਰੇ ਆਪਣੇ ਵਿਚਾਰ ਪੇਸ਼ ਕਰਦਾ ਹੈ ਉਨ੍ਹਾਂ ਵਿਚ ਉਹ ਲਗਭਗ ਉਸੇ ਮਿਸ਼ਰਿਤ ਅਤੇ ਛਾਇਆਵਾਦੀ-ਪ੍ਰਗਤੀਵਾਦ ਦੇ ਸਿਧਾਂਤ ਨੂੰ ਹੀ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਭਾਵੇਂ ਉਹ ਇਸ ਗੱਲ ਨੂੰ ਕਵਿਤਾ ਦੇ ਲਹਿਜੇ ਵਿਚ ਕਹਿੰਦਾ ਹੈ ਕੇਵਲ ਸਿਧਾਂਤਕ ਸ਼ਬਦਾਵਲੀ ਵਿਚ ਨਹੀਂ। ਅਸੀਂ ਉਸ ਦੇ ਕਾਵਿ ਸਿਧਾਂਤ, ਉਸਦੀਆਂ ਕਵਿਤਾਵਾਂ ਦੇ ਪਾਠਗਤ ਅਧਿਅਨ, ਪ੍ਰਗਤੀਵਾਦ ਅਤੇ ਵਿਧੀ ਬਾਰੇ ਚਰਚਾ ਕਰਦਿਆਂ ਉਨ੍ਹਾਂ ਪੱਖਾਂ ਨੂੰ ਸਿਧਾਂਤਕ ਲਹਿਜੇ ਵਿਚ ਵੀ ਦੇਖਦੇ ਹਾਂ ਅਤੇ ਇਕ ਪਰਿਪੇਖ ਬਣਾਉਣ ਦਾ ਯਤਨ ਕੀਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤਿਕਾ 1

ਬਾਵਾ ਬਲਵੰਤ ਦਾ ਜੀਵਨ

1915 ਅਗਸਤ : ਜਨਮ ਪਿੰਡ ਨੇਸ਼ਟਾ, (ਅੰਮ੍ਰਿਤਸਰ, ਤਹਿਸੀਲ ਤਰਨ ਤਾਰਨ) ਇਸ ਸਥਾਨ ਨੂੰ ਪਹਿਲਾਂ 'ਨਸ਼ਟਾ' ਕਹਿੰਦੇ ਸਨ। ਨੇਸ਼ਟਾ ਇਸ ਦਾ ਬਦਲਿਆ ਹੋਇਆ ਨਾਂ ਹੈ।

ਉਸ ਦੇ ਪਿਤਾ ਠਾਕਰ ਦੀਨਾ ਨਾਥ ਜੋ ਕਿ ਉਰਦੂ ਫਾਰਸੀ ਅਤੇ ਹਿੰਦੀ ਦੇ ਵਿਦਵਾਨ ਸਨ। ਬਾਬਾ ਠਾਕਰ ਰਾਮ ਲਾਲ ਸ੍ਰ: ਸ਼ਾਮ ਸਿੰਘ ਅਟਾਰੀ ਦੇ ਵੈਦ ਸਨ, ਰਿਆਸਤ ਵਲੋਂ ਕੁਝ ਜ਼ਮੀਨ ਮਿਲੀ ਹੋਈ ਸੀ ਜੋ ਬਾਦ ਵਿਚ ਖੋਹ ਲਈ ਗਈ ਅਤੇ ਬਾਵਾ ਬਲਵੰਤ ਦੇ ਪਿਤਾ ਨੂੰ ਅੰਮ੍ਰਿਤਸਰ ਆਕੇ ਵਸਣਾ ਪਿਆ। ਮਾਤਾ ਜੀ ਤੋਂ ਬਾਵਾ ਬਲਵੰਤ ਨੇ ਹਿੰਦੀ ਪੜ੍ਹਨੀ ਸਿੱਖੀ ਤੇ ਧਾਰਮਿਕ ਵਿਦਿਆ ਲਈ। ਬਾਵਾ ਬਲਵੰਤ ਦਾ ਜਨਮ ਕਿਉਂਕਿ ਮੰਗਲਵਾਰ ਵਾਲੇ ਦਿਨ ਹੋਇਆ ਇਸ ਲਈ ਉਸ ਦਾ ਨਾਮ ਦੀਵਾਨ ਮੰਗਲ ਸੈਨ ਰੱਖਿਆ ਗਿਆ, ਪਰ ਉਸ ਦਾ ਸਾਹਿੱਤਕ ਨਾਂ ਬਾਵਾ ਬਲਵੰਤ ਰੱਖਿਆ ਗਿਆ ਕਿਉਂਕਿ ਇਹ ਨਾਂ ਬਾਵੇ ਨੂੰ ਬਹੁਤ ਪਸੰਦ ਸੀ।

ਵਿਦਿਆ : ਛੇ ਸਾਲ ਦੀ ਉਮਰ ਵਿਚ ਬਾਵਾ ਬਲਵੰਤ ਨੂੰ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ। ਪੰਜ ਸਾਲ ਬਾਵੇ ਨੇ ਪੜ੍ਹਾਈ ਕੀਤੀ। ਇਸ ਦੇ ਨਾਲ ਹੀ ਬਾਵਾ ਬਲਵੰਤ ਆਪਣੇ ਪਿਤਾ ਤੋਂ ਉਰਦੂ, ਫ਼ਾਰਸੀ ਅਤੇ ਹਿੰਦੀ ਘਰ ਵਿਚ ਹੀ ਪੜ੍ਹਦਾ ਰਿਹਾ। ਸਭ ਤੋਂ ਪਹਿਲਾਂ ਬਾਵਾ ਬਲਵੰਤ ਦੇ ਪਿਤਾ ਨੇ ਉਸ ਨੂੰ ਸ਼ਾਹਨਾਮਾ ਫਰਦੋਸੀ, ਗੁਲਿਸ਼ਤਾ, ਬੋਸਤਾ, ਸਕੰਦਰਨਾਮਾ ਤੇ ਹੋਰ ਕਈ ਕਿਤਾਬਾਂ ਪੜ੍ਹਾਈਆਂ।

ਗਿਆਰਾਂ ਸਾਲ ਦੀ ਉਮਰ ਵਿਚ ਬਾਵੇ ਨੂੰ ਆੜ੍ਹਤ ਦੀ ਦੁਕਾਨ ਤੇ ਭੇਜਿਆ ਗਿਆ ਅਤੇ ਕਈ ਸਾਲ ਉਹ ਇਹ ਕੰਮ ਕਰਦਾ ਰਿਹਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1920 : ਅੰਮ੍ਰਿਤਸਰ ਵਿਚ ਕਾਂਗਰਸ ਦਾ ਬੜਾ ਵੱਡਾ ਸੰਮੇਲਨ ਹੋਇਆ। ਇਸ ਵਿਚ ਬੜੇ-ਬੜੇ ਨੇਤਾ ਪੰਡਤ ਨਹਿਰੂ, ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਇ ਆਦਿ ਨੇ ਭਾਗ ਲਿਆ। ਬਾਵਾ ਬਲਵੰਤ ਆਪਣੇ ਪਿਤਾ ਨਾਲ ਇਸ ਸੰਮੇਲਨ ਵਿਚ ਸ਼ਾਮਿਲ ਹੋਇਆ।

1930 : ਬਾਵਾ ਬਲਵੰਤ ਆਪਣੀ ਦੁਕਾਨ ਛੱਡ ਕੇ ਇਕ ਵਲੰਟੀਅਰ ਦੇ ਤੌਰ 'ਤੇ ਕਾਂਗਰਸ ਲਹਿਰ ਵਿਚ ਸ਼ਾਮਿਲ ਹੋ ਗਿਆ ਅਤੇ ਜਲ੍ਹਿਆਂਵਾਲੇ ਬਾਗ ਵਿਚ ਬਤੌਰ ਵਲੰਟੀਅਰ ਕੰਮ ਕਰਦਾ ਰਿਹਾ।

1930-32 : ਬਾਵਾ ਬਲਵੰਤ ਤੇ ਪਹਿਲਾਂ ਉਰਦੂ ਕਵਿਤਾ ਦਾ ਪ੍ਰਭਾਵ ਸੀ। 1930 ਤੋਂ ਲੈ ਕੇ 1932 ਤਕ ਬਾਵਾ ਬਲਵੰਤ ਨੇ ਦੇਸ਼ ਭਗਤੀ ਦੀਆਂ ਉਰਦੂ ਕਵਿਤਾਵਾਂ ਲਿਖੀਆਂ। ਇਨ੍ਹਾਂ ਕਵਿਤਾਵਾਂ ਦੀ ਇਕ ਪੁਸਤਕ 'ਸ਼ੇਰੇ ਹਿੰਦ' ਛਪੀ ਜੋ ਕਿ ਬਾਦ ਵਿਚ ਜ਼ਬਤ ਹੋ ਗਈ। ਅੰਗ੍ਰੇਜ਼ ਸਰਕਾਰ ਵਲੋਂ ਬਾਬਾ ਬਲਵੰਤ ਦੇ ਵਾਰੰਟ ਜਾਰੀ ਹੋ ਗਏ, ਪਰੰਤੂ ਬਾਵਾ ਅੰਡਰ-ਗਰਾਊਂਡ ਹੋ ਕੇ ਕਾਂਗਰਸ ਲਹਿਰ ਦਾ ਕੰਮ ਕਰਦਾ ਰਿਹਾ।

1931 ਮਾਰਚ : ਗਾਂਧੀ ਇਰਵਨ ਸਮਝੌਤੇ ਤੋਂ ਬਾਦ ਬਾਵਾ ਬਲਵੰਤ ਦੇ ਵਾਰੰਟ ਗ੍ਰਿਫ਼ਤਾਰੀ ਖ਼ਤਮ ਹੋ ਗਏ ਅਤੇ ਬਾਵਾ ਬਲਵੰਤ ਨੇ ਹਥੀਂ ਦਸਤਕਾਰੀ ਦਾ ਕੰਮ ਸ਼ੁਰੂ ਕੀਤਾ ਜਿਵੇਂ ਕਾਗਜ਼ ਦੇ ਲਿਫ਼ਾਫ਼ੇ, ਗੱਤੇ ਦੇ ਡੱਬੇ, ਸੂਤਰ ਦੀ ਰੰਗਾਈ ਆਦਿ।

1936 : 1939 ਦੇ ਲਗਭਗ ਬਾਵੇ ਦਾ ਈਸ਼ਵਰ ਚਿਤਰਕਾਰ, ਕਰਤਾਰ ਸਿੰਘ ਸੁਮੇਰ, ਸੁਜਾਨ ਸਿੰਘ ਦੇ ਸੰਪਰਕ ਵਿਚ ਆਉਣਾ। ਪ੍ਰੋ: ਮੋਹਨ ਸਿੰਘ ਨਾਲ ਮੁਲਾਕਾਤ ਵੀ ਇਨ੍ਹਾਂ ਦਿਨਾਂ ਵਿਚ ਹੋਈ। ਇਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਤੋਂ ਨਿਕਲਦੇ ਮਾਸਿਕ ਪੱਤਰ 'ਪੰਜਾਬੀ ਹੰਸ' ਵਿਚ ਬਾਵਾ ਬਲਵੰਤ ਨੇ ਆਪਣੀਆਂ ਪਹਿਲੀਆਂ ਨਜ਼ਮਾਂ ਪ੍ਰਕਾਸ਼ਿਤ ਕਰਵਾਈਆਂ ਅਤੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ। ਇਨ੍ਹਾਂ ਵਿਦਵਾਨਾਂ ਦੀ ਸੰਗਤ ਨਾਲ ਹੀ ਬਾਵੇ ਦੀ ਕਵਿਤਾ ਵਿਚ ਨਿਖਾਰ ਆਉਂਦਾ ਗਿਆ।

1936-37 : ਪੰਜਾਬੀ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਉਰਦੂ ਕਵਿਤਾ ਨੂੰ ਸਦਾ ਲਈ ਤਿਆਗ ਦਿੱਤਾ, ਕਿਉਂਕਿ ਇਕ ਵਾਰੀ ਉਰਦੂ ਲਿਖਾਰੀਆਂ ਦੀ ਸਭਾ ਵਿਚ ਪੰਜਾਬੀ ਸਾਹਿੱਤ ਨੂੰ ਗਵਾਰਾਂ ਦੀ ਬੋਲੀ ਕਹਿਕੇ ਨਿੰਦਿਆ ਜਾ ਰਿਹਾ ਸੀ। ਬਾਵਾ ਇਹ ਗੱਲ ਸਹਿਣ ਨਹੀਂ ਕਰ ਸਕਿਆ ਅਤੇ ਉਸ ਨੇ ਕਿਹਾ ਕਿ ਆਪਣੀ ਮਾਂ ਬੋਲੀ ਵਿਚ ਹੀ ਚੰਗਾ ਸਾਹਿੱਤ ਰਚਿਆ ਜਾ ਸਕਦਾ ਹੈ। ਉਸ ਦਿਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਹੀ ਬਾਵਾ ਬਲਵੰਤ ਨੇ ਇਹ ਨਿਰਣਾ ਕਰ ਲਿਆ ਕਿ ਉਹ ਹੁਣ ਪੰਜਾਬੀ ਵਿਚ ਹੀ ਕਵਿਤਾ ਲਿਖੇਗਾ, ਉਰਦੂ ਵਿਚ ਨਹੀਂ ।

1938-39 : ਦੂਜੇ ਵਿਸ਼ਵ ਯੁੱਧ ਦਾ ਛਿੜਨਾ । ਇਸ ਯੁੱਧ ਦਾ ਬਾਵਾ ਬਲਵੰਤ ਦੇ ਦਿਲ ਤੇ ਬੜਾ ਡੂੰਘਾ ਅਸਰ ਹੋਇਆ । ਇਸ ਸਮੇਂ ਬਾਵਾ ਮੁਨਿਆਰੀ ਦਾ ਕੰਮ ਕਰਦਾ ਸੀ । ਇਸ ਯੁੱਧ ਕਾਰਣ ਬਾਵੇ ਨੂੰ ਜੰਗ ਤੋਂ ਨਫ਼ਰਤ ਹੋ ਗਈ । ਇਸੇ ਲਈ ਉਸ ਨੇ ਗੌਤਮ ਨੂੰ ਸ਼ਾਂਤੀ ਦੇ ਪ੍ਰਤੀਕ ਵਜੋਂ ਵਰਤਿਆ ਹੈ ।

1941 : ਪਹਿਲੀ ਪੁਸਤਕ 'ਮਹਾਂਨਾਚ' ਛਪੀ ਜਿਸ ਨੇ ਬਾਵੇ ਨੂੰ ਪੰਜਾਬੀ ਦੇ ਉਘੇ ਕਵੀਆਂ ਦੀ ਕਤਾਰ ਵਿਚ ਲਿਆ ਖੜਾ ਕੀਤਾ ।

1942 : ਦੂਜੀ ਪੁਸਤਕ 'ਅਮਰਗੀਤ' ਛਪੀ ।

1943 : ਤੀਜੀ ਪੁਸਤਕ 'ਜੁਆਲਾਮੁਖੀ' ਦਾ ਛਪਣਾ ।

1945 : ਗੁਜਰਾਂਵਾਲੇ ਤੋਂ ਗਿਆਨੀ ਲਾਲ ਸਿੰਘ, ਐਡੀਟਰ ਬਾਲਗ ਅਤੇ ਜੀ.ਐਨ. ਕਾਲਜ ਦੇ ਪ੍ਰਿੰਸੀਪਲ ਵਲੋਂ ਬਾਵੇ ਨੂੰ ਕਵਿਤਾ ਸੁਣਾਉਣ ਲਈ ਸੱਦਾ ਆਉਣਾ ।

1947 : ਦੇਸ਼ ਦੀ ਵੰਡ ਤੋਂ ਬਾਅਦ ਬਾਵੇ ਦੇ ਕਲਾਕਾਰ ਮਿੱਤਰ ਅੰਮ੍ਰਿਤਸਰ ਛਡ ਕੇ ਦਿੱਲੀ ਆ ਗਏ । ਬਾਵਾ ਵੀ ਦਿੱਲੀ ਆ ਗਿਆ । ਵਿਚ ਕੁਝ ਚਿਰ ਲਈ ਬਾਵਾ ਪੰਜਾਬ ਗਿਆ ਪਰ ਮਾਤਾ ਦੀ ਮ੍ਰਿਤੂ ਤੋਂ ਬਾਦ ਦਿੱਲੀ ਹੀ ਰਹਿਣ ਲਗ ਪਿਆ ਪਰੰਤੂ ਬਾਵਾ ਬਲਵੰਤ ਦਾ ਕਰਨਾਲ ਨਾਲ ਅੰਤ ਤਕ ਸਾਹਿਤਕ ਸੰਬੰਧ ਰਿਹਾ ਹੈ ।

1951 : ਚੌਥੀ ਪੁਸਤਕ 'ਬੰਦਰਗਾਹ' ਦਾ ਪ੍ਰਕਾਸ਼ਿਤ ਹੋਣਾ ।

1954 : ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ 'ਕਾਵਿ ਸਾਗਰ' ਦਾ ਛਪਣਾ ।

1957 : 'ਕਿਸ ਕਿਸ ਤਰ੍ਹਾਂ ਦੇ ਨਾਚ' (ਵਾਰਤਕ) ਦਾ ਛਪਣਾ ।

1959 : ਪੰਜਵੀਂ ਪੁਸਤਕ 'ਸੁਗੰਧ ਸਮੀਰ' ਪ੍ਰਕਾਸ਼ਤ ਹੋਈ ਅਤੇ ਪੰਜਾਬੀ ਵਿਭਾਗ ਵਲੋਂ 1959 ਦੀ ਸਰਵ ਸ੍ਰੇਸ਼ਟ ਰਚਨਾ ਵਜੋਂ ਸਨਮਾਨਿਆ ਗਿਆ।

1967 : ਪੰਜਾਬੀ ਪੱਤਰ 'ਪ੍ਰਤੀਕ' ਅਤੇ 'ਨਕਸ਼' ਬਾਵੇ ਦੀ ਪ੍ਰਧਾਨਤਾ ਹੇਠ ਨਿਕਲੇ ।

1972 : ਦਿੱਲੀ ਵਿਚ ਅਚਾਨਕ ਗਰਮੀ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਨਾਲ ਸੰਘਰਸ਼ ਕਰਦੇ ਹੋਏ ਬਾਵੇ ਨੇ ਦਮ ਤੋੜ ਦਿੱਤਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤਿਕਾ 2

ਸ਼ਿਵ-ਨਾਚ

ਮੀਟ ਕੇ ਅੱਖੀਆਂ, ਖੋਲ੍ਹ ਕੇ ਬਾਹਾਂ,
ਨਾਚ ਕਰੇ ਮਤਵਾਲਾ !
ਸ਼ੌਕ-ਅਲੱਸਤ, ਅਪਾਰ ਨੂਰ ਤੇ
ਪੀ ਕੇ ਮਸਤ-ਪਿਆਲਾ;
        ਨਾਚ ਕਰੇ ਮਤਵਾਲਾ !

ਨਸ਼ਾ ਮਹਾਂ-ਮਦਰਾ ਦਾ ਛਾਇਆ
ਸਰਵ-ਉਸ਼ਾ ਜਿਸ ਦਾ ਲਘੂ ਸਾਇਆ,
ਨੌਬਤ-ਅਰਸ਼ ਵਜਾਏ ਕੋਈ,
ਕੋਈ ਮੁਰਲੀ-ਹਾਲਾ;
ਮੀਟ ਕੇ ਅੱਖੀਆਂ, ਖੋਲ੍ਹ ਕੇ ਬਾਹਾਂ,
        ਨਾਚ ਕਰੇ ਮਤਵਾਲਾ !
ਸੂਰਜ ਚੰਦ ਛਣਾਂ-ਛਣ ਛੈਣੇ,
ਸ਼ਕਤੀ-ਰਿਸ਼ਮਾਂ ਉਸ ਦੇ ਗਹਿਣੇ;
ਖੜਕ ਰਹੀ ਮਰਦੰਗ ਹਵਾ ਦੀ,
ਬੋਲੇ ਮਧੁਰ ਸਿਤਾਰ ਨਿਸ਼ਾ ਦੀ;
ਤਾਰੇ ਘੁੰਗਰੂ ਹਨ ਪੈਰਾਂ ਦੇ,
ਵੱਜਣ ਤੁਰਮ ਮਹਾਂ-ਲਹਿਰਾਂ ਦੇ ।
ਜੀਵਨ-ਮੌਤ ਪਕੜ ਖੜਤਾਲਾਂ,
ਤ੍ਰੈ-ਲੋਚਨ ਨੱਚੇ ਸੰਗ ਤਾਲਾਂ;
ਨਾਨਾ ਸੁਰ ਰਾਗਾਂ ਵਿਚ ਘਿਰਿਆ
ਸੱਚ ਸੰਹਸਰ ਨਾਚਾਂ ਵਾਲਾ,[1]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁੰਨਤਾਈ ਵਿਚ ਛਿਣਕਦਾ ਜੀਵਨ
ਨਾਚ ਕਰੇ ਮਤਵਾਲਾ !

ਨਾਚ ਕਰੇ ਮਿੱਟੀ ਦੀ ਰੇਖਾ
ਜਗ ਜੀਵਨ ਦੀ ਰੋਲ ਕੇ ਆਸ਼ਾ;
ਕੋਮਲ ਨ੍ਰਿਤ ਗਾਵਣ ਨਰਸਿੰਘੇ
ਅੰਗ ਅੰਗ ਕਰ ਸਿੱਧੇ ਵਿੰਗੇ;
ਲੱਚੇ ਏਸ ਤਪਸ਼ ਨੂੰ ਸਾਗਰ
ਵਿਸ਼ਵ ਦੇ ਪੈਰ ਦਾ ਛਾਲਾ;
ਪੈਲਾਂ ਪਾਂਦਾ ਮੌਲ ਮੌਲ ਕੇ
ਨਾਚ ਕਰੇ ਮਤਵਾਲਾ !
ਚਿੰਨ੍ਹ-ਪੈਰ ਨੂੰ ਚੁੰਮਣਾ ਚਾਹੇ
ਖਾ-ਖਾ ਜੋਸ਼ ਹਿਮਾਲਾ !
ਮਸਤ ਨੇ ਨਾਚ ਅਨੂਪਮ ਅੰਦਰ
ਧਰਤ, ਅਕਾਸ਼, ਪਤਾਲਾ !
ਵਹਿੰਦਾ ਜਾਏ ਭੁੜਕ ਭੁੜਕ ਕੇ
ਜੋਬਨ ਆਪ-ਮੁਹਾਰਾ;
ਦੁਖ-ਸੁਖ ਦੇ ਸੱਪ-ਕੰਢਿਆਂ ਅੰਦਰ
ਦਿਲ-ਗੰਗਾ ਦੀ ਧਾਰਾ ।
ਫਿਰਦੀ ਜਾਏ ਗਲ ਵਿਚ ਉਸ ਦੇ
ਸਮਿਆਂ ਦੀ ਰੁੰਡ-ਮਾਲਾ ।
ਨਾਚ ਕਰੇ ਮਤਵਾਲਾ !
ਨਾਚ ਕਰੇ ਮਤਵਾਲਾ !
ਹੇ ਅਸਲੇ ਵਿਸ਼ਵ-ਕਲਾ ਦੇ,
ਤੱਤਾਂ ਦੀ ਅਲਖ ਮੁਕਾ ਦੇ !
ਮੈਨੂੰ ਵੀ ਨਾਚ ਬਣਾ ਦੇ ।
ਜਾਂ ਮੈਂ ਸ਼ਿਵਜੀ ਹੋ ਜਾਵਾਂ,
ਨਾਚਾਂ ਵਿਚ ਉਮਰ ਬਿਤਾਵਾਂ !
ਨਾਚ ਹੈ ਅਸਲਾ, ਨਾਚ ਹੈ ਮਸਤੀ,
ਨਾਚ ਹੈ ਜੀਵਨ-ਸ਼ਾਲਾ
ਨਾਚ ਹੈ ਸਰਵ-ਉਜਾਲਾ ।
ਮੀਟ ਕੇ ਅੱਖੀਆਂ, ਖੋਲ੍ਹ ਕੇ ਬਾਹਾਂ,
ਨਾਚ ਕਰੇ ਮਤਵਾਲਾ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਪਾਰੋ ਨੇ ਕਿਹਾ

ਖੇਤ ਤੇਰੇ ਹੋਣ ਵਾਲੇ ਨੇ ਅਧੀਨ,
ਦੇਸ ਤੇਰਾ ਹੋਣ ਵਾਲਾ ਏ ਗ਼ੁਲਾਮ,
ਜਾਗ ਜੀਵਨ ਦੀ ਕਲਾ ਦੇ ਇੰਤਕਾਮ !
ਕਰ ਲਿਆ ਤੂੰ ਆਤਮਾ ਦੀ ਗੋਦ ਵਿੱਚ ਕਾਫ਼ੀ ਅਰਾਮ,
ਖ਼ੂਨ ਦੀ ਹਰਕਤ 'ਚ ਕਿਧਰੇ ਬੈਠ ਨਾ ਜਾਏ ਹਰਾਮ ।
ਔਣ ਵਾਲੀ ਏ ਤੇਰੇ ਪਰਬਤ ਤੇ ਸ਼ਾਮ
ਦੁਸ਼ਮਨਾਂ ਦੇ ਝੰਡਿਆਂ ਦੀ, ਨੇਜ਼ਿਆਂ ਦੀ, ਫ਼ੌਜ ਦੀ;
ਆ ਰਹੀ ਏ ਇਕ ਗ਼ੁਲਾਮੀ ਦੀ ਭਿਆਨਕ ਕਾਲੀ ਰਾਤ,
ਜਾਗ ਮੇਰੇ ਸੋਮਨਾਥ !

ਹੋ ਰਿਹਾ ਸਾਗਰ ਤੇ ਕਬਜ਼ਾ ਲਾਲਚੀ ਤੂਫ਼ਾਨ ਦਾ,
ਕੌਮ ਨੂੰ ਖ਼ਤਰਾ ਏ ਆਪਣੀ ਜਾਨ ਦਾ,
ਚਮਕ ਉਠੀ ਹੈ ਰੌਸ਼ਨੀ ਕਲਿਆਣ ਦੀ,
ਜੋਸ਼ ਖਾ, ਹੇ ਜ਼ਿੰਦਗਾਨੀ ਦੇ ਲਹੂ,
ਜਾਗ ਰੂਹ ।

ਤੇਰੇ ਜਾਗਣ ਤੇ ਹੈ ਗੰਗਾ ਨੂੰ ਖ਼ੁਸ਼ੀ,
ਹੈ ਮਕਾਨਾਂ ਦੀ ਬਹਾਰ ਆਪਣੀ ਬਹਾਰ,
ਜਾਗ ਹੇ ਸਾਂਵਤ ਯੋਧੇ, ਜੋਤਕਾਰ !
ਇਹ ਤੇਰੀ ਭਗਤੀ ਹੈ ਕੀ ? ਕਿਸ ਦੇ ਲਈ ?
ਇਹ ਤਪੱਸਿਆ ਕਿਸ ਦੀ ਮੁਕਤੀ ਦੇ ਲਈ ?
ਤੜਪਦੇ ਨੇ ਦਿਲ ਤੇਰੀ ਆਵਾਜ਼ ਨੂੰ,
ਖੋਲ੍ਹ ਦੇ ਉਠ ਮੁਕਤੀਆਂ ਦੇ ਰਾਜ਼ ਨੂੰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ੁਦ-ਪਰੱਸਤੀ ਏ ਕੋਈ ਭਗਤੀ ਨਹੀਂ,
ਇਸ ਦੀ ਕੁਝ ਸ਼ਕਤੀ ਨਹੀਂ ।
ਤੇਰੀਆਂ ਕਾਨਾਂ ਦਾ ਸੋਨਾ ਢਾਲ ਕੇ
ਗ਼ੈਰ ਪੀਵਣਗੇ ਸ਼ਰਾਬ
ਤੇਰਿਆਂ ਸਿੱਪਾਂ ਦੇ ਮੋਤੀ ਪੈਣਗੇ ਦੁਸ਼ਮਣ ਦੇ ਗਲ,
ਤਾਜ਼ਾ ਮਿਹਨਤ ਦਾ ਲਹੂ
ਪੀ ਲਿਆ ਜਾਵੇਗਾ ਪਾਣੀ ਸਮਝ ਕੇ ।
ਜਾਣ ! ਇਸ ਵੇਲੇ ਤਿਰੀ ਭਗਤੀ ਹੈ ਕੀ ?
ਜਾਗ੍ਰਤ, ਜਾਂ ਬਰਫ਼ ਕੀ ਬਰਾਦਰੀ ?
ਨਰਕ ਹੋ ਜਾਏਗਾ ਇਹ ਤੇਰਾ ਬਹਿਸ਼ਤ,
ਗ਼ੈਬ ਹੋ ਜ਼ਾਏਗੀ ਖੰਭਾਂ 'ਚੋਂ ਉਡਾਰ,
ਮੌਤ ਹੋ ਜਾਏਗੀ ਤੇਰੀ ਜੀਭ ਦੀ,
ਬਰਫ਼ ਹੋ ਜਾਵਣਗੇ ਸਭ ਤੇਰੇ ਖ਼ਿਆਲ,
ਗ਼ਰਕ ਜਾਵੇਗੀ ਹਿਮਾਲਾ ਦੀ ਬੁਲੰਦੀ ਐਬ ਵਿੱਚ,
ਸਬਜ਼ੀਆਂ ਦਾ ਜ਼ਰਦ ਹੋ ਜਾਵੇਗਾ ਰੰਗ;
ਆਦਮੀ ਦਾ ਜੀਣਾ ਹੋਵੇਗਾ ਮੁਹਾਲ ।
ਖੇਤ ਤੇਰੇ ਹੋਣ ਵਾਲੇ ਨੇ ਅਧੀਨ,
ਦੇਸ਼ ਤੇਰਾ ਹੋਣ ਵਾਲਾ ਏ ਗ਼ੁਲਾਮ,
ਜਾਗ ਜੀਵਨ ਦੀ ਕਲਾ ਦੇ ਇੰਤਕਾਮ !

ਹੋ ਗਿਆ 'ਨਚਦੀ ਸਚਾਈ' ਦਾ ਅਸਰ,
ਅੱਖ ਨਟ-ਨਾਇਕ ਦੀ ਖੁਲ੍ਹੀ ਤੀਸਰੀ,
ਤੀਸਰੀ ਮੱਥੇ ਦੀ ਅੱਖ ।
ਸੂਝ ਦੀ ਜੋਤੀ ਦੇ ਨੈਣ
ਜਾਗ ਉਠੀ ਬੁਧ, ਮਾਨਵਤਾ ਦੀ ਰੂਹ ।
ਅੱਖ ਜਦ ਖੁਲ੍ਹ ਜਾਏ ਇਹ
ਦੇਖਦੀ ਏ ਹਰ ਲੁਕੇ ਜੀਵਨ ਦੀ ਕਾਰ,
ਚਿਹਰਿਆਂ ਤੋਂ ਸਭ ਦਾ ਪੜ੍ਹ ਸਕਦੀ ਏ ਦਿਲ ।
ਇਸ ਨੂੰ ਹੈ ਮਾਲੂਮ 'ਹੋਣੀ' ਦਾ ਜਵਾਬ ।
ਅੱਖ ਜਦ ਹੈਵਾਨ ਦੀ ਖੁਲ੍ਹ ਜਾਏ ਇਹ
ਉਹ ਵੀ ਬਣ ਜਾਂਦਾ ਏ ਕਾਮਲ ਆਦਮੀ;
ਆਦਮੀ ਬਣਦਾ ਏ ਇਸ ਤੋਂ ਦੇਵਤਾ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਨਦੀ ਸਾਗਰ ਬਣੇ;
ਖੰਭ ਲਾ ਕੇ ਉਡ ਸਕਦਾ ਏ ਪਹਾੜ
ਹਾਥੀਆਂ ਦੀ ਸੁਸਤ ਚਾਲ
ਬਾਜ਼ ਦੀ ਬਣ ਜਾਏ ਅੰਬਰ-ਛੋਹ ਉਡਾਰ;
ਅੱਖ ਇਹ ਖੁਲ੍ਹੇ ਜਵਾਨਾਂ ਦੀ ਜਦੋਂ
ਪਸਤੀਆਂ ਦੇ ਫ਼ਰਸ਼ ਤੇ ਆਏ ਭੁਚਾਲ:
ਜਿਸਮ ਦੀ ਜਵਾਲਾਮੁਖੀ 'ਚੋਂ ਖ਼ੂਨ ਦਾ ਲਾਵਾ ਵਗੇ,
ਉਲਟ ਕੇ ਰੱਖ ਦੇਵੇ ਉਹ ਭੂਮੀ ਦੀ ਸਫ਼
ਜਿਸ ਦੀ ਖੁਲ੍ਹ ਜਾਂਦੀ ਏ ਅੱਖ,
ਤੀਸਰੀ ਮੱਥੇ ਦੀ ਅੱਖ ।
ਅੱਖ ਜਦ ਸ਼ੰਕਰ ਦੀ ਖੁਲ੍ਹੀ ਤੀਸਰੀ
ਬਿਜਲੀਆਂ ਦੇ ਜੋਸ਼ ਦਾ ਆਇਆ ਤੂਫ਼ਾਨ;
ਸੜ ਗਿਆ ਆਲੇ ਦੁਆਲੇ ਦਾ ਅੰਧੇਰ,
ਕਾਮਨਾ ਦੀ ਸੜ ਗਈ ਦੁਨੀਆਂ ਅਲੋਪ,
ਖ਼ੁਦ ਪਰੱਸਤੀ ਹੋ ਗਈ ਸਾਰੀ ਗਵਾਹ,
ਹੋ ਗਈ ਅਗਲੇ ਸੁਖਾਂ ਦੇ ਵਹਿਮ ਦੀ ਹਸਤੀ ਤਬਾਹ ।
ਹੋ ਗਈ ਭਗਤੀ ਜਦੋਂ ਲੋਕਾਂ ਲਈ,
ਕੌਮ ਦੀ ਮਿਹਨਤ ਦੇ ਜਾਗ ਉਠੇ ਨਸੀਬ ।
ਜੋਸ਼ ਖਾ ਕੇ ਉਠਿਆ ਹੋਣੀ-ਕੁਮਾਰ,
ਪੁੱਟਿਆ ਤਿਰਸ਼ੂਲ ਗਾਫ਼ਲ ਬਰਫ਼ 'ਚੋਂ—
ਪਲ ਦੀ ਪਲ ਸੰਸਾਰ ਤੇ ਆਇਆ ਭੁਚਾਲ—
ਜੋਸ਼ ਖਾ ਕੇ ਮਾਰਿਆ ਤਿਰਸ਼ੂਲ ਇੱਕ,
ਹਿਮ ਦੀ ਸੁਸਤੀ 'ਚ ਜਾਗੀ ਜ਼ਿੰਦਗੀ
ਬਰਫ਼ ਅੰਦਰ ਦੌੜੀਆਂ ਤਿੰਨ ਬਿਜਲੀਆਂ,
ਇਕ ਸੁਰੱਸਤੀ, ਇਕ 'ਇਲਾ' ਤੇ ਇਕ 'ਨਈ';
ਲੋਕ ਸੇਵਾ, ਵਿਦਿਆ, ਤਾਕਤ ਮਹਾਨ;
ਖਿੱਚਣੀ ਤਲਵਾਰ ਹੱਕ ਦੇ ਵਾਸਤੇ,
ਚੁੱਕਣਾ ਖ਼ੰਜਰ ਸ਼ੈਤਾਨਾਂ ਦੇ ਲਈ
ਜਾਂ ਸ਼ੈਤਾਨੀ ਹਮਲਿਆਂ ਦੀ ਰੋਕ ਨੂੰ;
ਕਿਰਤ ਆਪਣੀ ਦਾ ਸਦਾ ਕਰਨਾ ਬਚਾ,
ਰੋਕ ਜ਼ਾਲਮ ਦੀ ਸਦਾ,
ਹੈ ਅਸਲ ਇਨਸਾਫ਼ ਇਹ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫੇਰ ਸ਼ਿਵ ਨੇ ਆਪ ਪਾਰੋ ਨੂੰ ਕਿਹਾ;
ਤੂੰ ਜਗਾਇਆ ਮੈਨੂੰ ਕਾਲੇ ਸੁਪਨ ਤੋਂ,
ਅਸਲੀਅਤ ਦਾ ਤੂੰ ਵਿਖਾਇਆ ਅੱਜ ਰਾਹ;
ਔਰਤ ਇਕ ਔਰਤ ਵੀ ਏ, ਸ਼ਕਤੀ ਵੀ ਏ,
ਜਗਤ ਕਲਿਆਣੀ ਵੀ ਏ ।
ਇਸ ਦਾ ਇੱਕ ਬੱਚਾ ਬਣਾ ਸਕਦਾ ਏ ਦੋਜ਼ਕ ਨੂੰ ਬਹਿਸ਼ਤ,
ਮੌਤ ਨੂੰ ਇੱਕ ਜ਼ਿੰਦਗੀ;
ਸਾਰੀ ਕੁਦਰਤ ਨੂੰ ਬਣਾ ਸਕਦਾ ਹੈ ਉਹ ਆਪਣਾ ਗ਼ੁਲਾਮ !
ਖੇਤ ਮੇਰੇ ਹੋ ਨਹੀਂ ਸਕਦੇ ਅਧੀਨ,
ਦੇਸ਼ ਮੇਰਾ ਹੋ ਨਹੀਂ ਸਕਦਾ ਗ਼ੁਲਾਮ;
ਮੇਰੀ ਮਿਹਨਤ, ਮੇਰੇ ਸਾਗਰ ਤੇ ਕੋਈ
ਗ਼ੈਰ ਕਰ ਸਕਦਾ ਨਹੀਂ ਕਬਜ਼ਾ ਕਦੀ,
ਅੱਖ ਜੇ ਖੁਲ੍ਹੀ ਰਹੇਗੀ ਤੀਸਰੀ,
ਤੀਸਰੀ ਮੱਥੇ ਦੀ ਅੱਖ ।

ਟ੍ਰਾਟਸਕੀ

ਤੇਰੇ ਦਿਨ ਉਜਾਗਰ, ਤੇਰੀ ਰਾਤ ਜਾਗੀ,
ਤੂੰ ਬਾਗ਼ੀ ਤੇਰੇ ਪੈਰ ਦੇ ਚਿੰਨ੍ਹ ਬਾਗ਼ੀ ।
ਤੂੰ ਉਸ ਨਾਮ ਤੋਂ ਬਿਨ ਮਸਾਲੇ ਤੋਂ ਬਣਿਆ,
ਉਹ ਜਿਸ ਨੇ ਖ਼ੁਦਾ ਨੂੰ ਤੇ ਸ਼ਕਤੀ ਨੂੰ ਜਣਿਆ ।
ਤੂੰ ਤੀਖਣ ਜਵਾਲਾ ਦੀ ਬੇਦਾਰ ਰੂਹ ਹੈਂ,
ਅਗਮ ਨਾਚ ਹੈ ਤੂੰ, ਸ਼ੁਰੂ ਤੋਂ ਸ਼ੁਰੂ ਹੈਂ ।
ਤੂੰ ਦੈਵੀ ਅਗਨ-ਯੋਗ ਦਾ ਤੇਜ਼ ਧਾਰਾ,
ਤੂੰ ਹਠ-ਯੋਗ ਦਾ ਇਕ ਚਮਕਦਾ ਸਿਤਾਰਾ ।
ਤੂਫ਼ਾਨਾਂ ਦਾ ਮੰਬਾ, ਭੂਚਾਲਾਂ ਦਾ ਸੋਤਾ,
ਤੂੰ ਸੋਮਾ ਲਹੂ ਦਾ, ਬਿਜਲੀਆਂ ਦਾ ਦਰਿਆ ।
ਤੂੰ ਬਦਲੀ ਦਾ ਜੰਹਰ, ਨਵੇਂ ਯੁਗ ਦਾ ਬਾਨੀ,
ਲਿਖਣ ਤੇਰੀ ਚੰਦਾਂ ਦੇ ਅੱਖਰ ਕਹਾਣੀ ।
ਮਹਾਂਬੀਰ, ਰੁਸਤਮ ਤੇਰੇ ਸਾਹਮਣੇ ਕੀ ?
ਸਿਕੰਦਰ ਤੇ ਨੈਪੋਲੀਅਨ ਵੀ ਨੇ ਮਿੱਟੀ ।
ਤੂੰ ਜਿੱਤਾਂ ਨੂੰ ਵੀ ਹੇਚ ਬੇਕਾਰ ਜਾਣੇ,
ਕਰਨਗੇ ਕਦੋਂ ਪੈਦਾ ਤੈਨੂੰ ਜ਼ਮਾਨੇ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਮਾਨੇ ਨੂੰ ਕੰਬਾ ਗਈ ਇਕ ਵਾਰੀ
ਤੇਰੇ ਦਿਲ ਦੀ ਤਾਕਤ, ਤੇਰੀ ਬੇ-ਕਰਾਰੀ ।
ਕੀ ਹੱਥ ਆਇਆ ਮਿੱਟੀ ਨੂੰ ਬਰਬਾਦ ਕਰਕੇ ?
ਗਿਆ ਬਲਕਿ ਉਹ ਤੈਨੂੰ ਆਜ਼ਾਦ ਕਰ ਕੇ ।
ਮਿਲੀ ਰਾਖ ਮਿੱਟੀ 'ਚ ਬੇਸ਼ਕ ਹੈ ਤੇਰੀ,
ਤੇਰੇ ਸ਼ੌਕ ਦੀ ਆਏਗੀ ਪਰ ਹਨੇਰੀ ।
ਖ਼ਿਆਲਾਂ ਨੂੰ ਤੇਰੇ ਮਿਟਾਏਗਾ ਕਿਹੜਾ ?
ਤੇਰੇ ਸੁਪਨਿਆ ਨੂੰ ਉਡਾਏਗਾ ਕਿਹੜਾ ?
ਖ਼ਿਆਲਾਂ ਦੀ ਬਿਜਲੀ ਦਿਲਾਂ ਵਿਚ ਰਹੇਗੀ
ਜੋ ਦੁਨੀਆਂ ਨੂੰ ਸੰਦੇਸ਼-ਜੀਵਨ ਦਏਗੀ ।
ਤੇਰੀ ਕਦਰ ਮਾਨਵ ਦੀ ਸਰਜੀਵ ਰੂਹ ਨੂੰ,
ਤੇਰੀ ਕਦਰ ਹੈ ਜ਼ਿੰਦਗੀ ਦੇ ਲਹੂ ਨੂੰ ।
ਤੂੰ ਅਗਨੀ ਤੋਂ ਹੋਇਆ ਹੈਂ ਪ੍ਰਚੰਡ ਜਵਾਲਾ
ਤੂੰ ਜਿੰਦਾ ਰਿਹਾ ਮੌਤ ਦਾ ਪੀ ਕੇ ਪਿਆਲਾ,
ਅਵਾਰਾ ਰਿਹਾ ਤੂੰ, ਰਿਹਾ ਦਰ-ਬ-ਦਰ ਤੂੰ,
ਬਣਾਈ ਨਾ ਕੁੱਲੀ, ਵਸਾਏ ਨਗਰ ਤੂੰ ।
ਕਿਤੇ ਮਰ ਗਏ ਕਿਉਂ ਤਾਰੀਖਾਂ ਦੇ ਜਾਣੂ ?
ਕਿਸੇ ਨੇ ਵੀ ਅਪਣਾ ਸਮਝਿਆ ਨਾ ਤੈਨੂੰ ।
ਕੜਕੀਆਂ ਨੇ ਪਿੰਜਰ ਤੇ ਤੇਰੇ ਬਿਜਲੀਆਂ
ਕਈ ਵਾਰ ਅੱਗਾਂ ਵੀ ਤੇਰੇ ਤੇ ਵਰ੍ਹੀਆਂ ।
ਤੇਰੀ ਜੀਭ ਨੂੰ ਲਾਏ ਤਾਲੇ ਹਜ਼ਾਰਾਂ,
ਤੇਰੀ ਕਲਮ ਤੇ ਆਈਆਂ ਛੁਰੀਆਂ, ਕਟਾਰਾਂ ।
ਕਦੀ ਪਰ ਕਦਮ ਨਾ ਤੇਰਾ ਥਰਥਰਾਇਆ,
ਦੁੱਖਾਂ ਨੇ ਸਤਾਇਆ, ਸੁਖਾਂ ਨੇ ਸਤਾਇਆ ।
ਕੋਈ ਹੁੰਦਾ ਗ਼ੈਰਤ, ਸ਼ਰਮ, ਆਨ ਵਾਲਾ
ਨਾ ਦਿੰਦਾ ਤੇਰੇ ਪੈਰ ਵਿੱਚ ਪੈਣ ਛਾਲਾ ।
ਇਹ ਨੀਯਤ ਜ਼ਮਾਨੇ ਦੀ ਕੀ ਕੋਈ ਨਾਪੇ ?
ਕਿ ਪੁੱਤਰ ਹੀ ਕਹਿੰਦੇ ਨੇ ਮਰ ਜਾਣ ਮਾਪੇ !
ਇਹ ਜ਼ਾਲਮ ਹਵਸ ਦਾ ਤਕਾਜ਼ਾ ਨਿਕਲਿਆ !
ਇਹ ਇਨਸਾਨੀਅਤ ਦਾ ਜ਼ਨਾਜ਼ਾ ਨਿਕਲਿਆ !
ਤੂੰ ਬੇਦਾਰ ਜੀਵਨ, ਤੂੰ ਪੂਰਨ ਅਜ਼ਾਦੀ,
ਤੂੰ ਖ਼ੁੱਦ-ਦਾਰ, ਤੂੰ ਬੇਧੜਕ ਆਸ਼ਾਵਾਦੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਜੰਗਾਂ ਦੀ ਇਕ ਮੌਤ ਹੈਂ ਮੌਤ ਖਾ ਕੇ,
ਤੂੰ ਹੋ ਕਾਸ਼ ਪੈਦਾ ਮੇਰੇ ਦੇਸ ਆ ਕੇ !
ਤੁਸੀਂ ਹੋਣ ਵਾਲਾ ਹੈਂ ਮਹਿੰਦੀ ਪੈਗ਼ੰਬਰ,
ਤੇਰੀ ਪੈਰਵਾਈ ਨੂੰ ਝੁਕਿਆ ਹੈ ਅੰਬਰ ।
ਤੂੰ ਸਭ ਨੂੰ ਉਠਾਇਆ, ਤੂੰ ਸਭ ਨੂੰ ਜਗਾਇਆ,
ਨਹੀਂ ਦੋਸ਼ ਤੇਰਾ ਜੇ ਦੁਨੀਆਂ ਨਾ ਜਾਗੀ ।
ਤੂੰ ਬਾਗ਼ੀ, ਤੇਰੇ ਪੈਰ ਦੇ ਚਿੰਨ੍ਹ ਬਾਗ਼ੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵੀਨ ਆਸ

ਬੇ-ਆਸ ਦਿਲਾਂ ਅੰਦਰ ਸ਼ੁਭ ਆਸ ਵਸਾਣੀ ਏ,
ਨ ਬੁਲਬੁਲਾ ਏ ਜੀਵਨ, ਨ ਦੁਨੀਆਂ ਹੀ ਫ਼ਾਨੀ ਏ ।
ਇਸ ਫ਼ਲਸਫ਼ੇ ਫ਼ਾਨੀ ਨੂੰ ਘੜਿਆ ਏ ਅਮੀਰੀ ਨੇ,
ਹੈ ਲਾਭ ਅਮੀਰੀ ਨੂੰ ਤੇ ਦੁਨੀਆਂ ਦੀ ਹਾਨੀ ਏ ।
ਰਾਜਾਂ ਨੇ, ਗ਼ਰੀਬਾਂ ਦੇ, ਕੁਦਰਤ ਵੀ ਉਲਟ ਆਖੀ;
ਹਰ ਦਿਨ ਜਿਦ੍ਹਾ ਨੂਰੀ ਏ, ਹਰ ਰਾਤ ਸੁਹਾਣੀ ਏ ।
ਦੌਲਤ ਹੀ ਦੇ ਕਬਜ਼ੇ ਨੇ ਤਕਦੀਰ ਬਣਾਈ ਏ,
ਇਹ ਚੀਜ਼ ਹੀ ਕਲਪਤ ਹੈ ਬੇ-ਨਾਮ ਨਿਸ਼ਾਨੀ ਏ ।
ਦੁਨੀਆਂ ਨੂੰ ਵਸਾਇਆ ਏ ਮਿਹਨਤ ਦੀ ਜਵਾਨੀ ਨੇ,
ਭੁੱਖੀ ਹੀ ਰਹੀ ਮਰਦੀ ਮਿਹਨਤ ਦੀ ਜਵਾਨੀ ਏ ।
ਹੁਣ ਜਨਤਾ ਸਿਰ ਚੁੱਕੇ ਕਿਉਂ ਮੁਰਦਾ ਖਿਆਲਾਂ ਨੂੰ,
ਵਿਗਿਆਨ ਦੇ ਜੁੱਗ ਅੰਦਰ ਉਹ ਰਾਜਾ ਨ ਰਾਣੀ ਏ ।
ਜੋ ਜਨਮਾਂ ਤੇ ਕਰਮਾਂ ਦੇ ਚੱਕਰਾਂ 'ਚ ਫਸਾ ਰਖੇ,
ਉਹ ਗਲਤ ਹੈ ਚਾਹੇ ਉਹ ਆਕਾਸ਼ ਦੀ ਬਾਣੀ ਏ ।
ਬਦਲੀ ਦੀ ਸਚਾਈ ਤੋਂ ਜੀਵਨ ਦੀਆਂ ਲੋੜਾਂ ਤੋਂ,
ਭੂਕਾਲ ਦੇ ਕਬਜ਼ੇ ਦੀ ਸਫ ਉਲਟਦੀ ਜਾਣੀ ਏ ।
ਉੱਚ ਮਿਸਰੀ-ਮਿਨਾਰਾਂ ਤੋਂ ਹਰ ਤਾਜ ਮਹੱਲ ਅੰਦਰ,
ਸੋਨੇ ਦਿਆਂ ਹਰਫ਼ਾਂ ਵਿਚ ਮਿਹਨਤ ਦੀ ਕਹਾਣੀ ਏ ।
ਨਾ ਜ਼ਿੰਦਗੀ ਸੁਪਨਾ ਏ, ਨਾ ਦੁਨੀਆਂ ਹੀ ਫ਼ਾਨੀ ਏ,
ਬੇ-ਆਸ ਦਿਲਾਂ ਅੰਦਰ ਇਹ ਆਸ ਵਸਾਣੀ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਲ ਕਿਲਾ

ਪੰਨਿਆਂ ਦੀ ਹੈ ਜ਼ਮੀਨ 'ਤੇ ਮੂੰਗੇ ਦਾ ਇਕ ਮਹੱਲ,
ਘਾਹ ਦੀ ਵਿਸ਼ਾਲ ਝੀਲ 'ਤੇ ਸ਼ਿੰਗਰਫ਼ ਦਾ ਹੈ ਕੰਵਲ ।
ਜਾਂ ਚੂਨੀਆਂ ਦਾ ਸਬਜ਼ ਬਿਲੌਰਾਂ 'ਤੇ ਕੋਟ ਹੈ,
ਲਾਲਾਂ ਦੇ ਏਸ ਧਾਮ 'ਚ ਰਾਈ ਨਾ ਖੋਟ ਹੈ ।
ਦੂਰੋਂ ਮਹਾਨ ਮਿਹਰ ਦਾ ਸਾਇਆ ਹੈ ਜਾਪਦਾ,
ਕੌਮੀ ਕਿਲਾ ਹੈ ਜਾਂ ਕਿ ਹੈ, ਘਰ ਮਾਈ-ਬਾਪ ਦਾ ?
ਮ੍ਰਿਤ ਮਹਾਨ ਕੋਈ ਸਵਾਗਤ ਦੇ ਵਾਸਤੇ,
ਜ਼ਿੰਦਾ ਖੜਾ ਹੈ ਪਿਆਰ ਚ' ਬਾਵ੍ਹਾਂ ਨੂੰ ਖੋਲ੍ਹ ਕੇ ।

ਅੱਜ ਹਰ ਕਿਸੇ ਨੂੰ ਦੇਸ ਦੇ ਹੁਨਰਾਂ 'ਤੇ ਮਾਨ ਹੈ,
ਕਾਰੀਗਰਾਂ ਦੀ ਅਕਲ ਦਾ ਉੱਜਲਾ ਨਿਸ਼ਾਨ ਹੈ ।
ਕਾਰੀਗਰਾਂ ਦੇ ਹੁਨਰ ਤੋਂ ਪੱਥਰਾਂ 'ਚ ਜਾਨ ਹੈ,
ਜ਼ਿੰਦਾ ਇਨ੍ਹਾਂ ਦੇ ਹੁਨਰ ਤੋਂ ਹੀ 'ਸ਼ਾਹਜਹਾਨ' ਹੈ ।
ਇਹ ਲਾਲ ਹੁਸਨ ਐਸਾ ਨਜ਼ਰ ਨੂੰ ਪਸੰਦ ਹੈ,
ਇਸ ਦੇ ਦਰਸ ਤੋਂ ਆਤਮਾ ਮੇਰੀ ਅਨੰਦ ਹੈ ।
ਕਾਰੀਗਰਾਂ ਦੇ ਹੁਨਰ ਤੋਂ ਮਿੱਟੀ ਹੈ ਬੋਲਦੀ,
ਹੈ ਭਾਰਤੀ ਕਮਾਲ ਦੇ ਭੇਦਾਂ ਨੂੰ ਖੋਲ੍ਹਦੀ ।
ਇਹ ਜਨਤਾ ਦੇ ਲਾਲ ਨੇ ਜੀਵਨ ਦੀ ਰੌਸ਼ਨੀ,
ਕੌਮਾਂ ਦੀ ਆਤਮਾ ਨੇ ਇਹ ਦੇਸ਼ਾਂ ਦੀ ਜ਼ਿੰਦਗੀ ।
ਉਹ ਕਰ ਗਏ ਨੇ ਬੰਦ ਸਿਲਾਂ ਵਿਚ ਅਨੰਦ ਨੂੰ,
ਹੈ ਨਿਮਸਕਾਰ ਉਨ੍ਹਾਂ ਦੀ ਹਿੰਮਤ ਬਲੰਦ ਨੂੰ ।
ਲਾਲੀ ਕਿਲੇ ਦੀ ਛਾਇਗੀ ਪੀਲੇ ਜਹਾਨ 'ਤੇ
ਖ਼ੁਸ਼-ਹਾਲ-ਨੂਰ ਆਏਗਾ ਹਿੰਦੋਸਤਾਨ 'ਤੇ ।
ਪਿਆਰੇ ਕਿਲੇ ਆਜ਼ਾਦੀਆਂ ਦਾ ਪਹਿਰੇਦਾਰ ਬਣ,
ਲੱਖਾਂ ਸ਼ਹੀਦ ਹੋਇਆਂ ਦੀ ਰੂਹ ਦਾ ਕਰਾਰ ਬਣ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਰਗਾਹ

ਇਹ ਕਿਸ ਅਜੀਬ ਹੀ ਦੁਨੀਆਂ 'ਚ ਗੁੰਮ ਗਈ ਹੈ ਨਿਗਾਹ !
ਇਹ ਸੁਪਨ-ਸਿੰਧੂ ਕਿਨਾਰੇ ਖ਼ਿਆਲ-ਬੰਦਰਗਾਹ ।
ਧੂ 'ਚ ਰੌਸ਼ਨੀ ਕਰਦੇ ਕਿਨਾਰਿਆਂ ਦੇ ਮੀਨਾਰ;
ਅਲੋਪ—ਹੁਨਰ ਦਾ ਜਾਦੂ, ਇਹ ਨੀਲ-ਨਲ ਦੀ ਬਹਾਰ !
ਸਤਾਰਿਆਂ ਦੇ ਮਸਾਲੇ ਤੋਂ ਦੂਰ ਪੁਲ ਦਾ ਵਜੂਦ;
ਹਯਾਤ-ਪਾਣੀ 'ਚ ਲੜਦੇ ਹੋਏ ਅਜ਼ਲ ਦੇ ਖ਼ਰੂਦ ।
ਸੁਰੇਖ-ਪੈਰ ਮੁਸਾਫ਼ਰ 'ਚ ਨਾਚ ਬੇਦਾਰੀ,
ਅਨੂਪ-ਛਾਇਆ ਮੁਲਾਕਾਤ ਦੀ ਕਲਾਕਾਰੀ ।
ਪਹਿਲੀ ਮੰਜ਼ਲ ਏ ਕੀ, ਹੇ ਮੇਰੀ ਅਗਮ-ਦਰਗਾਹ ?
ਸੁਰਤ 'ਚ ਰਮਦੀ ਹੀ ਜਾਂਦੀ ਏ ਪ੍ਰਿਥਮ-ਬੰਦਰਗਾਹ !
ਇਹ ਕੌਣ ਬਾਹਰ ਕਰੀ ਜਾ ਰਿਹਾ ਹੈ ਸ਼ਾਮਲ ਨੂੰ ?

ਡਬੋਈ ਜਾਂਦਾ ਹੈ ਇਹ ਕਿਸ ਲਈ ਮੇਰੇ ਦਿਲ ਨੂੰ ?
ਨਾ ਕੁਝ ਜ਼ਬਾਨ ਤੋਂ ਕਹਿਣਾ, ਨਾ ਕੁਝ ਇਸ਼ਾਰੇ ਤੋਂ !
ਹਟਾਉਣ ਵਾਲੇ, ਨੇ ਕਿਉਂ ਮੌਨ, ਹੀ, ਦੁਆਰੇ ਤੋਂ ?
ਮੈਂ ਚਾਹ ਰਿਹਾ ਹਾਂ ਤੇਰੇ ਸਾਹਮਣੇ ਸਮਾ ਜਾਵਾਂ !
ਮੈਂ ਕਾਸ਼ ! ਤੇਰੇ ਖ਼ਫ਼ਾ ਹੋਣ ਤੇ ਹੀ ਛਾ ਜਾਵਾਂ ।
ਕੋਈ ਤਾਂ ਆਖੋ ਮੇਰੇ ਨਾਚ ਦੀ ਖ਼ਤਾ ਕੀ ਏ ?
ਤੂੰ ਆਪ ਕਹਿ ਦੇ ਮੇਰੇ ਸ਼ੌਕ ਦਾ ਉਪਾ ਕੀ ਏ ।

ਜਹਾਜ਼ ਵਾਲਿਓ, ਠਹਿਰੋ ਤਿਆਰ ਹਾਂ ਮੈਂ ਵੀ;
ਜਹਾਜ਼ ਵਾਲਿਓ, ਯਾਰੋ, ਫੜੋ ਮੇਰੀ ਗਠੜੀ ।
ਜਹਾਜ਼ ਵਾਲਿਓ, ਠਹਿਰੋ ਕਿ ਰੋ ਰਿਹਾ ਹਾਂ ਮੈਂ !
ਨਜ਼ਰ ਦੀ ਜੋਤ ਨੂੰ ਪਾਣੀ 'ਚ ਬੋ ਰਿਹਾ ਹਾਂ ਮੈਂ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਹਾਜ਼ ਵਾਲਿਓ ਰੋਕੋ, ਕਿ ਆ ਰਿਹਾ ਹਾਂ ਮੈਂ;
ਮਹਾਂ ਅਨੂਪ ਕਿਨਾਰੇ ਨੂੰ ਜਾ ਰਿਹਾ ਹਾਂ ਮੈਂ !

ਜਹਾਜ਼ ਵਾਲੇ, ਸਦਾ ਖ਼ੈਰ ਬਾਦਬਾਨਾਂ ਦੀ !
ਜਹਾਜ਼ ਵਾਲੇ, ਸਦਾ ਜੈ ਤੇਰੇ ਨਿਸ਼ਾਨਾਂ ਦੀ !
ਤੂੰ ਆਪਣੇ ਮੌਨ ਸਿਪਾਹੀਆਂ ਦੇ ਦਿਲ 'ਚ ਦਰਦ ਜਗਾ
ਤੂੰ ਕਹਿ ਦੇ, ਕਹਿ ਦੇ ਕਿ ਹੈ ਸੁਪਨ-ਕਾਰ ਸਭ ਤੋਂ ਜੁਦਾ ।
ਜਹਾਜ਼ ਚੀਰ ਗਿਆ ਦਿਵਸ-ਕਾਲ-ਪਾਣੀ ਨੂੰ,
ਖ਼ਮੋਸ਼ ਜਾਦੂਓ ਰੋੜ੍ਹੋ ਮੇਰੀ ਜੁਆਨੀ ਨੂੰ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੱਪਲ ਦੀਆਂ ਛਾਵਾਂ

ਸਈਓ ਨੀ ! ਢਲ ਚਲੀਆਂ ਪਿੱਪਲ ਦੀਆਂ ਛਾਵਾਂ !
ਆਵੇ ਕੌਲ 'ਕਰਾਰਾਂ ਵਾਲਾ
ਮੈਂ ਕੀ ਸਗਨ ਮਨਾਵਾਂ ?
ਸਈਓ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ !
ਪਲ ਵਿਚ ਦੇਸ ਪਰਾਇਆ ਹੋਸੀ
ਖੇਡ-ਖਿਲਾਰ ਵਾਲਾ;
ਨਾ ਖੇਡਾਂ, ਨਾ ਗਲੀਆਂ ਰਹਿਸਨ
ਨਾ ਗੁਡੀਆਂ ਦੀਆਂ ਮਾਵਾਂ !
ਸਈਓ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ !
ਲੁਕ ਜਾਏਗਾ ਟਿਮਕਦਾ ਦੀਵਾ
ਧੁੰਦ-ਗੁਬਾਰਾਂ ਉਹਲੇ;
ਅਗਲੇ ਰਾਹ ਵਿਚ ਕੋਈ ਨਾ ਦਿਸਦਾ
ਮੰਜ਼ਲ ਦਾ ਪਰਛਾਵਾਂ !
ਚਲੋ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ !
ਚੰਦ-ਕਰਮਾਂ ਦੀ ਨਜ਼ਰ ਨਾ ਆਏ
ਦੂਰ ਕਿਤੇ ਰੁਸ਼ਨਾਈ :
ਅਪਣੀ ਖੇਡ ਨਾ ਬੰਦ ਕਰੇ ਕਿਉਂ
ਸਾਡੀ ਖੇਡ ਮੁਕਾਈ ?
ਬੁਝਦਾ ਦੇਖ ਕੇ ਆਲ ਦੁਆਲਾ
ਕੀ ਰੋਵਾਂ ? ਕੀ ਗਾਵਾਂ ?
ਆਵੋ ਨੀ ! ਢਲ ਚਲੀਆਂ ਪਿੱਪਲ ਦੀਆਂ ਛਾਵਾਂ !
ਸਈਓ ਨੀ !......

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਥ

(ਸੌਨਿਟ)

ਅਸੀਂ ਜੋ ਦੌੜ ਕੇ ਆਏ ਹਾਂ ਇਸ ਤਰ੍ਹਾਂ ਰਾਤੀ ?
ਜ਼ਮੀਨ ਫੜ ਨਾ ਲਵੇ ਸਾਡਾ ਰਥ ਕਿਤੇ, ਰਾਣੀ ?
ਗੁਆਚ ਜਾਏ ਨਾ ਜੀਵਨ ਦਾ ਪਥ ਕਿਤੇ, ਰਾਣੀ ?
ਮਿਲੇਗੀ ਕਿਸ ਤਰ੍ਹਾਂ ਆਸ਼ਾ ਕਰਮ-ਜਨਮਦਾਤੀ ?
ਇਹ ਜਾਚ-ਰਥ ਕਿਤੇ ਆਸ਼ਾ ਅਤੇ ਨਿਰਾਸ਼ਾ ਨੂੰ
ਨਾ ਛਡ ਜਾਏ ਸਮੇਂ ਦੇ ਫ਼ਰੇਬ-ਜੰਗਲ ਵਿਚ ?
ਗ਼ਰਕ ਨਾ ਜਾਏ ਕਿਤੇ ਭਾਗ ਰਾਹ ਦੀ ਦਲਦਲ ਵਿਚ,
ਮੈਂ ਰੋਕ ਕਿਉਂ ਨਾ ਲਵਾਂ ਚਾਲ ਬੇਤਹਾਸ਼ਾ ਨੂੰ ?
ਨਾ ਰੋਕ, ਰੋਕ ਨਾ, ਮੋੜਨ ਦੇ ਰਥ ਪਿਛਾਂਹ, ਰਾਣੀ ।
ਮੈਂ ਹੁਣ ਨਾ ਜਾਵਾਂਗਾ ਤੇਰੀ ਖ਼ੁਸ਼ੀ ਦੇ ਸ਼ਹਿਰ ਅੰਦਰ;
ਮੈਂ ਫੇਰ ਜਾਵਾਂਗਾ ਅਪਣੇ ਦੁਖਾਂ ਦੇ ਕਹਿਰ ਅੰਦਰ;
ਆਪੱਤੀਆਂ ਤੋਂ ਹੀ ਦੌੜਾਂਗਾ ਕਿਉਂ ਅਗਾਂਹ, ਰਾਣੀ ?
ਮਹਾਨ ਪਾਪ ਕਿ ਬਦਲਾਂ ਨਿਸ਼ਾਨਿਆਂ ਨੂੰ ਮੈਂ;
ਅਬਾਦ ਤੇਰੇ ਕਰਾਂ ਬੰਦੀਖ਼ਾਨਿਆਂ ਨੂੰ ਮੈਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਸੂਚੀ

1. ਅਮਰ ਸਿੰਘ; ਮੁਖਬੰਦ, **'ਸੁਗੰਧ ਸਮੀਰ'**, ਨਵਯੁਗ ਪਬਲਿਸ਼ਰਜ਼, ਦਿੱਲੀ, 1958.
2. ਅਰਸ਼ੀ ਗੁਰਚਰਨ ਸਿੰਘ; **'ਬਾਵਾ ਬਲਵੰਤ ਦੀ ਕਾਵਿ ਕਲਾ'**, ਪੰਜਾਬੀ ਪ੍ਰਕਾਸ਼ਕ, ਦੇਵ ਨਗਰ, ਨਵੀਂ ਦਿੱਲੀ (ਅਮਿਤੀ)
3. ਸਿੰਗਲ ਧਰਮਪਾਲ; **'ਬਾਵਾ ਬਲਵੰਤ ਇਕ ਅਧਿਅਨ'**, ਲਾਹੌਰ ਬੁਕ ਸ਼ਾਪ, ਲੁਧਿਆਣਾ, (ਅਮਿਤੀ)
4. ,, ,, **'ਪੰਜਾਬੀ ਕਵਿਤਾ ਦਾ ਵਿਕਾਸ'**, ਲੇਖ : (ਰਾਜਨੀਤਿਕ ਕਵਿਤਾ); ਲਾਹੌਰ ਬੁਕ ਸ਼ਾਪ, ਲੁਧਿਆਣਾ, ਪਹਿਲੀ ਵਾਰ ਜੂਨ 1970.
5. ਸੁਜਾਨ ਸਿੰਘ; ਭੂਮਿਕਾ **ਮਹਾਂਨਾਚ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979.
6. ਸੁਜਾਨ ਸਿੰਘ ਤੇ ਪਾਲ ਸਿੰਘ; **ਮੁਕੱਦਮਾ,** ਭੂਮਿਕਾ, **ਬੰਦਰਗਾਹ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1951.
7. ਸੇਖੋਂ ਸੰਤ ਸਿੰਘ; **'ਸਾਹਿਤਿਆਰਥ'**, ਲਾਹੌਰ ਬੁਕ ਸ਼ਾਪ,ਲੁਧਿਆਣਾ, 1957.
8. ਸੈਨੀ ਪ੍ਰੀਤਮ (ਡਾ.); **ਬਾਵਾ ਬਲਵੰਤ ਦੀ ਕਾਵਿ ਕਲਾ,** ਲਾਹੌਰ ਬੁਕ ਸ਼ਾਪ, ਲੁਧਿਆਣਾ, 1984.
9. ਸਤਿੰਦਰ ਸਿੰਘ—ਆਧੁਨਿਕ ਪੰਜਾਬੀ ਕਾਵਿ ਰੂਪ-ਅਧਿਐਨ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲਾ ਸੰਸਕਰਣ ਮਾਰਚ 1980.
10. ਕਾਂਗ ਕੁਲਬੀਰ ਸਿੰਘ, ਸਾਹਿਤਯ ਚਿੰਤਨ, ਜਨਤਕ ਪ੍ਰਕਾਸ਼ਨ, ਲਾਜਪਤ ਰਾਇ ਮਾਰਕੀਟ, ਦਿੱਲੀ, ਫਰਵਰੀ 1960.
11. ਕਸੇਲ ਕਿਰਪਾਲ ਸਿੰਘ, ਪਰਮਿੰਦਰ ਸਿੰਘ, ਗੋਬਿੰਦ ਲਾਂਬਾ, **'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ'**, ਲਾਹੌਰ, ਬੁਕ ਸ਼ਾਪ, ਲੁਧਿਆਣਾ, (ਚੌਥਾ ਐਡੀਸ਼ਨ) 1979.

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

12. ਕਸੇਲ ਕਿਰਪਾਲ ਸਿੰਘ(ਸੰਪਾ.) **ਕਾਵਿ ਸਾਗਰ (ਬਾਵਾ ਬਲਵੰਤ ਦਾ ਚੋਣਵਾਂ ਕਾਵਿ ਸੰਗ੍ਰਹਿ)**; ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ 1982.

13. ਕਰਮਜੀਤ ਸਿੰਘ; **'ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ'**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪਹਿਲੀ ਵਾਰ, 1982.

14. ਕਾਂਗ, ਕੁਲਬੀਰ ਸਿੰਘ; **'ਬਾਵਾ ਬਲਵੰਤ ਜੀਵਨ ਤੇ ਰਚਨਾ'**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1982.

15. ਕੋਹਲੀ ਸੁਰਿੰਦਰ ਸਿੰਘ (ਡਾ.) **'ਪੰਜਾਬੀ ਸਾਹਿਤ ਦਾ ਇਤਿਹਾਸ**, ਲਾਹੌਰ ਬੁਕ ਸ਼ਾਪ, ਲੁਧਿਆਣਾ (ਚੌਥੀ ਐਡੀਸ਼ਨ), ਫਰਵਰੀ, 1953.

16. ਕੰਵਰ ਤਰਲੋਕ ਸਿੰਘ (ਡਾ.) **'ਪਾਠ ਤੇ ਪ੍ਰਸੰਗ'**, ਆਰਸੀ ਪਬਲਿਸ਼ਰਜ਼, ਚਾਂਦਨੀ ਚੋਕ, ਦਿੱਲੀ, 1969.

17. ਜਗਿਆਸੂ ਜੋਗਾ ਸਿੰਘ; **ਊਸ਼ਾ ਨਿਸ਼ਾ**, ਨਵਯੁਗ ਪਬਲਿਸ਼ਰਜ਼,ਚਾਂਦਨੀ ਚੋਕ ਦਿੱਲੀ, 1969.

18. ਜੋਗਿੰਦਰ ਸਿੰਘ **'ਪਿੰਗਲ ਅਤੇ ਅਰੂਜ਼'**ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਅਕਤੂਬਰ 1960.

19. ਨਰੂਲਾ ਸੁਰਿੰਦਰ ਸਿੰਘ; **ਪੰਜਾਬੀ ਸਾਹਿਤ ਦਾ ਇਤਿਹਾਸ**, ਨਿਊ ਬੁਕ ਕੰਪਨੀ, ਜਲੰਧਰ, ਤੀਜੀ ਵਾਰ, 1969.

20. ਨੂਰ ਸਤਿੰਦਰ ਸਿੰਘ (ਡਾ.) **ਮੋਹਨ ਸਿੰਘ ਦਾ ਕਾਵਿ-ਜਗਤ**, ਆਰਸੀ ਪਬਲਿਸ਼ਰਜ਼, ਚਾਂਦਨੀ ਚੋਕ, ਦਿੱਲੀ, 1982.

21. ਪਾਲ ਸਿੰਘ; **'ਸਤਿਕਾਰ', 'ਭੂਮਿਕਾ' "ਅਮਰਗੀਤ"**, ਰੂਰਲ ਬੁਕ ਕੰਪਨੀ, ਲੁਧਿਆਣਾ, 1942.

22. **'ਸਤਕਾਰ', 'ਭੂਮਿਕਾ' "ਜੁਆਲਾਮੁਖੀ"** ਲਾਹੌਰ ਬੁਕ ਸ਼ਾਪ, ਲੁਧਿਆਣਾ, 1943.

23. ਪਿਆਰ ਸਿੰਘ (ਪ੍ਰੋ.) **'ਸਾਹਿਤ ਪਰਿਚਯ'** ਲੇਖ : 'ਦੂਜੀ ਪੀੜ੍ਹੀ ਦੇ ਪ੍ਰਮੁੱਖ ਕਵੀ' ਯੂਨੀਵਰਸਿਟੀ ਪਬਲੀਕੇਸ਼ਨ, ਬਿਊਰੋ, ਚੰਡੀਗੜ੍ਹ, ਦੂਜੀ ਵਾਰ 1961.

24. ਪ੍ਰੇਮੀ ਗੁਰਦਿਤ ਸਿੰਘ, **'ਬਾਵਾ ਤੇ ਸਫ਼ੀਰ'** (ਇਕ ਅਧਿਅਨ), ਅਮਰ ਪਬਲਿਸ਼ਰਜ਼, ਫਗਵਾੜਾ, ਫਰਵਰੀ, 1966.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

25. ਪ੍ਰੇਮ ਪ੍ਰਕਾਸ਼ ਸਿੰਘ (ਪ੍ਰੋ.) **'ਕਾਵਿ ਤੇ ਤੱਤ'**, ਲਾਹੌਰ ਬੁਕ ਸ਼ਾਪ, ਲੁਧਿਆਣਾ, ਪਹਿਲੀ ਵਾਰ, 1970.

26. ਬਾਵਾ ਬਲਵੰਤ **'ਮਹਾਂਨਾਚ'**, ਸਿੰਘ ਬ੍ਰਦਰਜ਼,ਅੰਮ੍ਰਿਤਸਰ, 1941.

27. ਬਾਵਾ ਬਲਵੰਤ; **'ਅਮਰਗੀਤ'**, ਰੂਰਲ ਬੁਕ ਕੰਪਨੀ, ਲੁਧਿਆਣਾ, 1942.

28. ,, **'ਜੁਆਲਾਮੁਖੀ'**, ਲਾਹੌਰ ਬੁਕ ਸ਼ਾਪ, ਲੁਧਿਆਣਾ, 1943.

29. ,, **'ਬੰਦਰਗਾਹ'**,ਸਿੰਘ ਬ੍ਰਦਰਜ਼,ਅੰਮ੍ਰਿਤਸਰ,1951.

30. ,, **'ਸੁਗੰਧ ਸਮੀਰ'**, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, ਤੀਜੀ ਵਾਰ 1977.

31. ,, **'ਕਾਵਿ ਸਾਗਰ'** (ਨਵਾਂ ਸੋਧਿਆ ਸੰਸਕਰਣ), ਅਮਰਗੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 1982.

32. ,, **'ਕਿਸ ਕਿਸ ਤਰ੍ਹਾਂ ਦੇ ਨਾਚ'** ਨਿਊ ਬੁਕ ਕੰਪਨੀ, ਜਲੰਧਰ ਮਈ, 1977.

33. ,, **'ਭੂਮਿਕਾ'**,**'ਊਸ਼ਾ ਨਿਸ਼ਾ'**,'ਜੋਗਾ ਸਿੰਘ ਜਗਿਆਸੂ' ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, ਪਹਿਲੀ ਵਾਰ 1969.

34. ਬੇਦੀ ਵਣਜਾਰਾ **'ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ;** ਪਰੰਪਰਾ ਪ੍ਰਕਾਸ਼ਨ,ਰਾਜੌਰੀ ਗਾਰਡਨ ਐਕਸਟੈਨਸ਼ਨ, ਨਵੀਂ ਦਿੱਲੀ, ਪਹਿਲੀਵਾਰ ਦਸੰਬਰ, 1977.

35. ਮੋਹਨ ਸਿੰਘ **'ਕਸੁੰਭੜਾ'**, ਹਿੰਦ ਪਬਲਿਸ਼ਰਜ਼ ਲਿਮਿਟਿਡ, ਕੋਰਟ ਰੋਡ, ਅੰਮ੍ਰਿਤਸਰ, ਪਹਿਲੀ ਵਾਰ 1939.

36. **'ਅਧਵਾਟੇ'**, ਲਾਹੌਰ ਬੁਕ ਸ਼ਾਪ, ਮੋਹਨ ਲਾਲ ਰੋਡ, ਲਾਹੌਰ ਅਤੇ ਅੰਮ੍ਰਿਤਸਰ, ਪਹਿਲੀ ਵਾਰ 1943, ਦੂਜੀ ਵਾਰ, 1944.

37. ਵੀਰ ਸਿੰਘ (ਭਾਈ); **'ਮਟਕ ਹੁਲਾਰੇ'**, ਖ਼ਾਲਸਾ ਸਮਾਚਾਰ,ਅੰਮ੍ਰਿਤਸਰ, 1966.

38. ਸ਼ਰਮਾ ਕਿਸ਼ਨ ਲਾਲ; **ਪੰਜਾਬੀ ਲੋਕਯਾਨ ਦਾ ਪੂਰਾ ਕਥਾਤਮਕ ਪਿਛੋਕੜ, 'ਲੋਕਯਾਨ ਅਧਿਅਨ'** ਬਿੰਦ ਕਰਨੈਲ ਸਿੰਘ (ਸੰਪਾ.), ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਵਿਭਾਗ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1978.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਤ੍ਰਿਕਾਵਾਂ (ਪੰਜਾਬੀ)

1. **ਆਰਸੀ,** ਨਵਯੁਗ ਪਬਲਿਸ਼ਰਜ਼, ਦਿੱਲੀ, 1982.
2. **ਸਮਦਰਸ਼ੀ;** ਪੰਜਾਬੀ ਅਕਾਦਮੀ, ਦਿੱਲੀ—1986.
3. **ਜਨ ਸਾਹਿਤ,** ਲੇਖ; 'ਮਹਾਂ ਕਵੀ ਨਿਰਾਲਾ ਘਰ ਵਿਚ,' ਪੰਜਾਬੀ ਵਿਭਾਗ, ਪਟਿਆਲਾ, ਪੰਜਾਬ, ਸਤੰਬਰ, 1963.
4. **ਪੰਜਾਬੀ ਦੁਨੀਆਂ,** ਭਾਸ਼ਾ ਵਿਭਾਗ, ਪੰਜਾਬ, ਨਵੰਬਰ-ਦਸੰਬਰ, 1976.

ਹਿੰਦੀ

1. ਉਪਾਧਏ ਭਗਵਾਨ ਸ਼ਰਣ — **'ਭਾਰਤੀਯ ਵਿਅਕਤੀ ਕੋਸ਼',** ਆਰੀਆ ਬੁਕ ਡਿਪੋ, ਨਵੀਂ ਦਿੱਲੀ, ਸੰਸਕਰਣ ਪ੍ਰਥਮ, 1976.
2. ਖਰੇ ਗਣੇਸ਼ (ਡਾ.) — **ਆਧੁਨਿਕ ਕਾਵਯ ਪ੍ਰਵਿਤੀਆਂ, ਏਕ ਪੁਨਰ ਮੂਲਯਾਂਕਨ,** ਲੇਖ, ਪ੍ਰਗਤੀਵਾਦ, ਪੁਸਤਕ ਸੰਸਥਾਨ, ਕਾਨਪੁਰ.
3. ਤ੍ਰਿਵੇਦੀ ਰਾਮ ਪ੍ਰਸਾਦਿ (ਸ੍ਰੀ) — **ਪ੍ਰਗਤੀਵਾਦੀ ਸਮੀਕਸ਼ਾ,** ਲੇਖ : **ਪ੍ਰਗਤੀਵਾਦੀ ਸਮੀਕਸ਼ਾ ਕੀ ਸਿਧਾਂਤਕ ਪੀਠੀਕਾ,** ਗੰਥਨ, ਰਾਮਬਾਗ, ਕਾਨਪੁਰ, ਨਵੰਬਰ 1964.
4. ਦੂਬੇ ਸ਼ਕੁੰਤਲਾ (ਡਾ.) — **ਕਾਵਯ ਰੂਪੋਂ ਕੇ ਮੂਲ ਸਰੋਤ ਔਰ ਉਨਕਾ ਵਿਕਾਸ,** ਲੇਖ : **ਗੀਤਕਾਵਯ ਕਾ ਸਵਰੂਪ,** ਹਿੰਦੀ ਪ੍ਰਚਾਰਕ ਪੁਸਤਾਕਲਯ, ਵਾਰਾਨਸੀ, ਪ੍ਰਥਮ ਸੰਸਕਰਣ, ਸਿਤੰਬਰ, 1985.
5. ਨਗੇਂਦ੍ਰ (ਡਾ.) — **ਹਿੰਦੀ ਕਵਿਤਾ ਕੀ ਪ੍ਰਮੁੱਖ ਪ੍ਰਵਿਰਤੀਆਂ,** ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ (ਤੀਸਰਾ ਸੰਸਕਰਣ) 1966.
6. **ਭਾਰਤੀਯ ਸਾਹਿਤਯ ਕੋਸ਼,** ਨੈਸ਼ਨਲ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, ਪ੍ਰਥਮ ਸੰਸਕਰਣ, 1981.
7. ਨਵਲ ਨੰਦ ਕਿਸ਼ੋਰ (ਸੰਪਾ.) — **ਨਿਰਾਲਾ ਰਚਨਾਵਲੀ, ਭਾਗ-1.** ਰਾਜਕਮਲ ਪ੍ਰਕਾਸ਼ਨ, ਪ੍ਰ.ਲਿ. ਨਵੀਂ ਦਿੱਲੀ, ਪ੍ਰਥਮ ਸੰਸਕਰਣ, 1983.
8. ,, — **ਨਿਰਾਲਾ ਰਚਨਾਵਲੀ, ਭਾਗ-2,** ਰਾਜਕਮਲ ਪ੍ਰਕਾਸ਼ਨ, ਪ੍ਰ.ਲਿ. ਨਵੀਂ ਦਿੱਲੀ, ਪ੍ਰਥਮ ਸੰਸਕਰਣ, 1983.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. ਨਾਮਵਰ ਸਿੰਘ (ਡਾ.) **'ਆਧੁਨਿਕ ਸਾਹਿਤਯ ਕੀ ਪ੍ਰਵਿਰਤੀਆਂ,** ਲੋਕਭਾਰਤੀ ਪ੍ਰਕਾਸ਼ਨ, ਇਲਾਹਾਬਾਦ, ਸਾਤਵਾਂ ਸੰਸਕਰਣ 1983.

10. ਸ਼ਿਵ ਕੁਮਾਰ ਮਿਸ਼ਰ; **ਪ੍ਰਗਤੀਵਾਦ,** ਰਾਜਮਕਲ ਪ੍ਰਕਾਸ਼ਨ, ਦਿੱਲੀ, ਪ੍ਰਥਮ ਸੰਸਕਰਣ, 1966.

ਅੰਗ੍ਰੇਜ਼ੀ

1. Frye Northroy; **Anatomy of Criticism.** Prineton University press, princeton, 1983.
2. Maritain Jacques. **Creative Intution in Art and Poetry,** The World Pub. Co. N. Y. 1962.
3. Roy M.N.; **New Hunmanism a Manifesto.** Ajanta publication (India), Jawahar Nagar, Delhi, Third reprint 1981.
4. Yeats W.B.; **The Poems of W.B. Yeats** (Ed.), Peter Allt & Russel K. Aispach, the macmillion Company, New York, 1957.
5. Paul N. Siegel 'Lcon Trotsky on Literature & Art, Pathlinder Press, New York, 1970

ਅੰਗ੍ਰੇਜ਼ੀ ਕੋਸ਼

1. **International Encyclopaedia of Social Sciences, David L. Sills** (Ed), The Macmillian Company & The Free Press 1968.
2. **Encyclopedia Britannica,** Inc. U.S.A. 1971.
3. **Dictionary of Literary Terms.** Mc. Grow Hill Book Company, New York & other 1905, Copy right C 1972.
4. **An Encyclopedic Dictionary of Marxism Socialism and Communism.** The Macmillian Press Ltd., London and Basingstoke & others, First published, 1981.
5. **Princeton Encyclopedia of Poetry and Poetics,** The Macmillian Press Ltd., London and Basingstoke, First Published 1975.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੀਆਂ ਨਵੀਆਂ ਪ੍ਰਕਾਸ਼ਨਾਂ

ਤੁਰੀ ਚਲੋ-ਨਾਟਕਕਾਰ ਚਰਨਦਾਸ ਸਿਧੂ—ਗੁਰਦਿਆਲ ਸਿੰਘ ਫੁੱਲ		75/-
ਭਾਈਆ ਹਾਕਮ ਸਿੰਘ	ਚਰਨ ਦਾਸ ਸਿਧੂ	35 -
ਚਾਰ ਡਰਾਮੇ	,,	150/-
ਚਰਨ ਦਾਸ ਸਿਧੂ ਦੇ ਤਿੰਨ ਦੁਖਾਂਤ(ਨਾਟਕ)	ਸੰਪਾ.ਪ੍ਰਮਿਲਾ ਸਿਧੂ	85/-
ਬੁਧਿ ਬਦਲੀ ਸਿਧਿ ਪਾਈ (ਇਤਿਹਾਸ)	ਭਗਤ ਸਿੰਘ ਹੀਰਾ	60/-
ਪੱਥਰ ਦੀ ਅੱਖ (ਨਾਵਲ)	ਡਾ. ਅਜੀਤ ਸਿੰਘ	30/-
ਪੀਲੂ ਦਾ ਮਿਰਜ਼ਾ ਸਾਹਿਬਾਂ	,,	30/-
ਨਿਆਜ਼ (ਕਵਿਤਾ)	ਡਾ. ਆਤਮ ਹਮਰਾਹੀ	30/-
ਗੰਗਾ ਪਿਆਸੀ ਹੈ (ਨਾਵਲ)	ਪਾਂਧੀ ਨਨਕਾਣਵੀ	35/-
ਰੰਗ ਕਰਤਾਰ ਦੇ	,,	30/-
ਰਖੇਲ (ਕਹਾਣੀਆਂ)	ਐਸ. ਸਾਕੀ	35/-
ਦੇਵੀ ਦੇਖਦੀ ਸੀ ,,	,,	30/-
ਅਜ ਦਾ ਅਰਜਨ ,,	,,	25/-
ਮਲਾਇਆ ਵਾਲਿਆਂ ਦੀ ਕੁੜੀ (ਨਾਵਲ)		30/-
ਇਸ਼ਕ ਵਸੇ ਜਦ ਰੂਹਾਂ ਅੰਦਰ (ਪ੍ਰੀਤ ਕਹਾਣੀਆਂ)		30/-
ਬੋਲ ਕਲੋਲ (ਕਹਾਣੀਆਂ)	ਜੇ ਐਲ. ਨੰਦਾ	25/-
ਮਹਾਂਬਲੀ ਬੰਦਾ ਸਿੰਘ ਬਹਾਦਰ	ਪਿਆਰਾ ਸਿੰਘ ਦਾਤਾ	30/-
ਨਿਬੰਧਨੀ (ਵਾਰਤਕ)	ਡਾ. ਦੇਵਿੰਦਰ ਕੌਰ	25/-
ਮਧਕਾਲੀ ਕਾਵਿ ਬੋਧ	ਡਾ. ਵਣਜਾਰਾ ਬੇਦੀ	25/-
ਕੌਣ ਚੰਗਾ ਕੌਣ ਮੰਦਾ (ਕਹਾਣੀਆਂ)	ਤਿਲਕ ਰਾਜ ਗੋਸਵਾਮੀ	20/-
ਨਹਿਰਾਂ ਕਿ ਹੜ੍ਹ	ਧਰਮ ਸਿੰਘ ਆਸੀ	30/-
ਚਿਤ੍ਰਕਾਰ (ਨਾਵਲ)	ਨਾਨਕ ਸਿੰਘ	35/-
ਢਿੱਡ ਦੀ ਆਂਦਰ ,,	ਰਾਮ ਸਰੂਪ ਅਣਖੀ	30/-
The Universal Faith	S. S. Johar	105/-
History of Punjabi Literature	Dr. C. L. Narang	140/-
The Sikh Religion		110/-

CC-0. In Public Domain. Gurukul Kangri Collection, Haridwar